For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton
Ontario
Canada L6R 1M2
Email: ppapmg@gmail.com
Website: www.ppapmg.com

Voice of Social Concerns

ਰਜਿਸਟ੍ਰੇਸ਼ਨ ਨੰਬਰ 210836300

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ
16 ਫਰਵਰੀ ਤੋਂ 15 ਮਾਰਚ 2013

Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com
ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਇਸ ਖ਼ੂਬਸੂਰਤ ਧਰਤੀ ਪ੍ਰਤੀ ਇਕ ਖ਼ੂਬਸੂਰਤ ਇਕਮੁੱਠਤਾ ਉਤਪੰਨ ਵਿਚਾਰਾਂ, ਸੰਘਰਸ਼ਾਂ ਅਤੇ ਸੋਚਾਂ ਦੇ ਪੱਧਰ 'ਤੇ ਵਿਕਸਿਤ ਹੋ ਜਾਵੇ ਤਾਂ ਇਸ ਦੁਨੀਆ 'ਚ ਇਕ ਸ਼ਾਨਦਾਰ ਨਵੇਂ ਰਸਤੇ ਨੂੰ ਸਮੁੱਚੀ ਮਾਨਵਤਾ ਨੂੰ ਤੋਰਿਆ ਜਾ ਸਕਦਾ ਹੈ। ਇਸ ਦਿਸ਼ਾ ਵੱਲ ਛੋਟੇ-ਛੋਟੇ ਕਦਮ ਵੱਡੀਆਂ ਲਹਿਰਾਂ ਅਤੇ ਸੋਚਾਂ ਵੱਲ ਵਿਕਸਿਤ ਹੋ ਰਹੇ ਹਨ। ਇਹ ਸੁਪਨੇ ਜ਼ਰੂਰ ਸਾਕਾਰ ਹੋਣਗੇ। ਇਸ ਇੱਛਾ ਨਾਲ ਸੰਘਰਸ਼ ਦਰ ਸੰਘਰਸ਼ ਹਰੇਕ ਕੋਨੇ 'ਤੇ ਆਪਣਾ ਖਾਤਾ ਖੋਲ੍ਹ ਰਿਹਾ ਹੈ। ਆਓ ਆਪਾਂ ਵੀ ਇਸ ਵਿਚ ਭਾਗੀਦਾਰ ਹੋਈਏ।





4

ਜੀਵਨ ਜਾਚ, ਪੂੰਜੀਵਾਦ ਅਤੇ ਸਿਹਤ ਦਾ ਸਵਾਲ



8

ਸਮਾਜਿਕ ਸਰੋਕਾਰਾਂ ਤੇ ਤਬਦੀਲੀ ਦੇ ਪ੍ਰਸੰਗ 'ਚ



10

ਕਲਚਰਲ ਸੋਚ ਦੀ ਗਾਇਕੀ ਦੇ ਮਿਆਰ ਦਾ ਸਵਾਲ



14

ਜਮਹੂਰੀਅਤ ਦਾ ਜਨਾਜ਼ਾ

SUPER VISA INSURANCE



Sherjang Singh Rana
416.910.9000

Punjab Insurance Inc
PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਸੰਘਰਸ਼ ਦੇ ਪਿੜ 'ਚੋਂ




- ਨਾਹਰ ਸਿੰਘ ਔਂਜਲਾ -

ਡੀਵੈਲਪਰ ਵਲੋਂ ਘਰ ਵੇਚਣ ਵੇਲੇ ਵਾਅਦੇ ਕੁੱਝ ਹੋਰ ਪਰ ਛੁਪੇ ਇਰਾਦੇ ਕੁੱਝ ਹੋਰ ਬਰੈਂਪਟਨ ਸਿਟੀ ਵਲੋਂ 4 ਮਾਰਚ ਨੂੰ ਕੋਈ ਫੈਸਲਾ ਲਏ ਜਾਣ ਦੀ ਸੰਭਾਵਨਾ 19 ਜਨਵਰੀ 2013 ਨੂੰ ਬਰੈਂਪਟਨ ਦੇ ਵਾਰਡ ਨੰਬਰ 9 ਅਤੇ 10 'ਚ ਪੈਂਦੇ ਸੰਨੀ ਮੈਅਡੋ ਤੇ ਸੈਂਡਲਵੁੱਡ ਦੇ ਏਰੀਏ 'ਚ ਕੋਈ ਡੇਢ ਸੋ ਦੇ ਕਰੀਬ ਲੋਕਾਂ ਵਲੋਂ ਇੱਕ ਪ੍ਰਦਰਸ਼ਨ ਕੀਤਾ ਗਿਆ। ਇਸ ਏਰੀਏ ਦੇ ਲੋਕਾਂ ਵਲੋਂ ਕੀਤਾ ਗਿਆ ਇਹ ਕੋਈ ਪਹਿਲਾ ਰੋਸ ਮੁਜ਼ਾਹਰਾ ਨਹੀਂ ਸਗੋਂ ਇਸ ਨੇਬਰ ਹੁੱਡ ਦੇ ਲੋਕ ਇਸ ਲੜਾਈ ਨੂੰ ਕਾਫੀ ਲੰਮੇ ਸਮੇਂ ਤੋਂ ਲੜਦੇ ਆ ਰਹੇ ਹਨ। ਇਸ ਰੋਸ ਦਾ ਮੁੱਖ ਕਾਰਨ ਇਹ ਹੈ ਕਿ ਬਰੈਮਲੀ ਰੋਡ ਦੇ ਈਸਟ ਵਾਲੇ ਪਾਸੇ, ਸੈਂਡਲਵੁੱਡ ਦੇ ਨੌਰਥ ਵੱਲ, ਸਨੀ ਮੈਅਡੋ ਦੇ ਵੈਸਟ ਵੱਲ ਅਤੇ ਫ਼ਾਦਰਟੋਬਨ ਦੇ ਜ਼ਰਾ ਕੁ ਸਾਊਥ ਵੱਲ 40ਕੁ ਏਕੜ ਜ਼ਮੀਨ ਖਾਲੀ ਪਈ ਹੈ ਜਿਸਦੀ ਜ਼ੌਨਿੰਗ ਰੀਟੇਲ ਕਮਰਸ਼ੀਅਲ ਦੱਸੀ ਜਾਂਦੀ ਹੈ ਅਤੇ ਇਸ ਥਾਂ ਤੇ ਕੁਝ ਵੱਡੀਆਂ ਬੈਂਕਾ, ਵਾਲ ਮਾਰਟ, ਸੋਪਰਜ਼ ਡਰੱਗ ਸਟੋਰ ਤੇ ਕਈ ਹੋਰ ਵੱਡੇ ਸਟੋਰ ਖੁੱਲਣ ਦੀ ਚਰਚਾ ਸੀ। ਪ੍ਰਦਸ਼ਨਕਾਰੀ ਜਰਨੈਲ ਸਿੰਘ ਸੈਣੀ (ਸੰਨੀ) ਦੇ ਕਹਿਣ ਮੁਤਾਬਕ ਜਦੋਂ ਬਿਲਡਰ ਵਲੋਂ ਇਸ ਏਰੀਏ ਚ ਨਵੇਂ ਘਰ ਵੇਚੇ ਗਏ ਉਸ ਵਕਤ ਲੋਕਾਂ ਨੂੰ ਇਹੀ ਦੱਸਿਆ ਗਿਆ ਕਿ ਇੱਥੇ ਖਾਲੀ ਪਈ 40 ਏਕੜ ਜ਼ਮੀਨ ਚ ਇੱਕ ਵੱਡਾ ਪਲਾਜ਼ਾ ਬਣਾਇਆ ਜਾਵੇਗਾ, ਜਦੋਂ ਕਿ ਹੁਣ ਇੱਥੇ ਚਾਰ ਸੌ ਤੋਂ ਵੱਧ ਕੰਡੋ ਟਾਊਨ ਹਾਊਸ ਬਣਾਉਣ ਦੀਆਂ ਕੋਸ਼ਿਸਾਂ ਕੀਤੀਆਂ ਜਾ ਰਹੀਆਂ ਹਨ।

ਸਨੀ ਨੇ ਇਹ ਵੀ ਦੱਸਿਆ ਕਿ ਕੁੱਝ ਉਹਨਾਂ ਲੋਕਾਂ ਕੋਲੋਂ ਤਾਂ ਵਾਧੂ ਪ੍ਰੀਮੀਅਮ ਵੀ ਚਾਰਜ਼ ਕੀਤਾ ਗਿਆ ਜਿਨ੍ਹਾਂ ਦੇ ਘਰਾਂ ਦੀ ਪਿੱਠ ਇਸ ਜ਼ਮੀਨ ਨਾਲ ਲਗਦੀ ਹੈ। ਇਸ ਗੱਲ ਦੇ ਰੋਸ ਵਜੋਂ ਇਸ ਨੇਬਰ ਹੁੱਡ ਦੇ ਲੋਕ ਵਾਰ ਵਾਰ ਸਿਟੀ ਕੌਂਸਲ ਕੋਲ ਆਪਣੀ ਸ਼ਕਾਇਤ ਦਰਜ਼ ਕਰਵਾਉਂਦੇ ਆ ਰਹੇ ਹਨ। ਸਿਟੀ ਨੂੰ ਕੋਈ ਤਿੰਨ ਹਜ਼ਾਰ ਦੇ ਕਰੀਬ ਲੋਕਾਂ ਵਲੋਂ ਇੱਕ ਪਟੀਸ਼ਨ ਸ਼ਾਈਨ ਕਰਕੇ ਵੀ ਭੇਜੀ ਗਈ। ਫਿਰ ਸਤੰਬਰ 2011 ਨੂੰ ਸਿਟੀ ਹਾਲ ਵਲੋਂ ਇੱਕ ਮੀਟਿੰਗ ਰੱਖੀ ਗਈ ਜਿਸ ਨੂੰ ਇਸ ਕਰਕੇ ਕੈਂਸਲ ਕਰ ਦਿੱਤਾ ਗਿਆ ਕਿ ਲੋਕ ਏਨੀ ਗਿਣਤੀ ਚ ਪਹੁੰਚੇ ਕਿ ਉਹਨਾਂ ਸਾਰਿਆ ਦੇ ਬੈਠਣ ਲਈ ਥਾਂ ਨਹੀਂ ਸੀ। ਫਿਰ ਦੂਜੀ ਪਬਲਿਕ ਮੀਟਿੰਗ ਬਰੈਂਪਟਨ ਦੇ ਸੌਕਰ ਸੈਂਟਰ ਚ ਰੱਖੀ ਗਈ, ਸਨੀ ਦੇ ਦੱਸਣ ਮੁਤਾਬਕ ਇੱਸ ਸਮੇ ਹਜਾਰ ਤੋਂ ਵੀ ਵੱਧ ਲੋਕਾਂ ਨੇ ਇਸ ਸਮੇ ਆਪਣੀ ਸਮੂਲੀਅਤ ਕੀਤੀ।

ਮੇਅਰ ਸਮੇਤ ਬਹੁਤੇ ਕੌਂਸਲ ਮੈਂਬਰ ਅਤੇ ਪਲਾਨਿੰਗ ਡਿਪਾਰਟਮੈਂਟ ਦਾ ਅਮਲਾ ਉਸ ਸਮੇਂ ਉਥੇ ਹਾਜ਼ਰ ਸੀ। ਉਸ ਵਕਤ ਸਿਟੀ ਦੇ ਬਹੁਤੇ ਮੈਂਬਰਾਂ ਵਲੋਂ ਇਹੀ ਭਰੋਸਾ ਦਿਵਾਇਆ ਗਿਆ ਸੀ ਕਿ ਲੋਕਾਂ ਦੇ ਹਿੱਤਾ ਦਾ ਪੂਰਾ ਪੂਰਾ ਸਤਿਕਾਰ ਕੀਤਾ ਜਾਵੇਗਾ। ਇੱਕ ਬੁਲਾਰੇ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਮੀਟਿੰਗ ਚੋਂ ਸਾਨੂੰ ਕੁਝ ਨਹੀਂ ਮਿਲਣਾ ਸਿਰਫ ਸਮੇਂ ਦੀ ਬਰਬਾਦੀ ਹੈ। ਪਰ ਇਸ ਗੱਲ ਦਾ ਮੀਟਿੰਗ ਦੇ ਚੇਅਰ ਪਾਲ ਪਲੇਸ਼ੀ ਨੇ ਜ਼ਵਾਬ ਦਿੰਦਿਆ ਕਿਹਾ ਸੀ ਕਿ ਹਰ ਕਿਸੇ ਨੂੰ ਆਪਣੀ ਜੋਨਿੰਗ ਚੈਂਜ ਕਰਵਾਉਣ ਲਈ ਐਪਲੀਕੇਸ਼ਨ ਪਾਉਣ ਦਾ ਹੱਕ ਹੈ ਪਰ ਉਹ ਐਪਲੀਕੇਸ਼ਨ ਕੌਸ਼ਲ ਚ ਆਉਣ ਤੇ ਹੀ ਕੌਂਸਲ ਮੈਂਬਰ ਆਪਣਾ ਫੈਸਲਾ ਲੈ ਸਕਦੇ ਹਨ। ਇਹ ਗੱਲ ਵੀ ਕੌਸ਼ਲ ਮੈਂਬਰਾ ਵਲੋਂ ਕਹੀ ਗਈ ਸੀ ਕਿ ਇਸ ਕੇਸ ਦਾ ਫੈਸਲਾਂ ਹੋਣ ਨੂੰ ਛੇ ਮਹੀਨੇ ਤੋਂ ਲੈ ਕੇ ਦੋ ਸਾਲ ਤੱਕ ਦਾ ਸ਼ਮਾ ਲੱਗ ਸਕਦਾ ਹੈ। ਇਸ ਸਾਰੀ ਕਰਵਾਈ ਦੀ ਡੀ ਵੀ ਡੀ ਬਣਾਕੇ ਲੋਕਾਂ ਨੇ ਆਪਣੇ ਕੋਲ ਸਾਂਭੀ ਹੋਈ ਹੈ। ਅਠਾਰਾਂ ਜਨਵਰੀ ਦੀ ਪਬਲਿਕ ਮੀਟਿੰਗ ਤੋਂ ਬਾਅਦ ਸਿਟੀ ਵਲੋਂ ਹੁਣ ਇੱਕ ਮੀਟਿੰਗ 4 ਮਾਰਚ ਨੂੰ ਰੱਖੀ ਜਾ ਰਹੀ ਹੈ। ਸਨੀ ਦੇ ਦੱਸਣ ਮੁਤਾਬਕ ਹੁਣ ਕੁੱਝ ਗਿਣਤੀ ਦੇ ਲੋਕਾਂ ਨੂੰ ਇੱਕ ਲੈਟਰ ਮਿਲਿਆ ਹੈ ਜਿਹੜਾ ਕਿ ਉਨਟਾਰੀਉ ਦੇ ਮਨਿਸ਼ਪਲ ਬੋਰਡ ਅਤੇ ਉਸਦੀ ਬਰਾਂਚ ਦੇ ਇੰਨਵੈਰਨਮੈਂਟ ਅਤੇ ਲੈਂਡ ਟ੍ਰਿਬਿਊਨਲ ਵਲੋਂ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਸਬੰਧਤ ਲੋਕਾਂ ਨੂੰ 19 ਫਰਵਰੀ ਦਿਨ ਮੰਗਲਵਾਰ ਨੂੰ ਲੋਫ਼ਰਜ਼ ਲੇਕ ਕਮਿਊਨਟੀ ਸੈਂਟਰ 30 ਲੋਫ਼ਰਜ ਲੇਕ ਲੇਨ ਵਿਖੇ ਪਹੁੰਚਣ ਲਈ ਕਿਹਾ ਗਿਆ ਹੈ। ਇਸ ਲੈਟਰ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਜ਼ਮੀਨ ਦਾ ਮਾਲਕ ਇਸ ਕਰਕੇ ਅਪੀਲ ਕਰ ਰਿਹਾ ਹੈ ਕਿਉਂਕਿ ਉਸ ਵਲੋਂ ਜੋਨਿੰਗ ਚੇਂਜ ਕਰਵਾਉਣ ਵਾਲੀ ਐਪਲੀਕੈਸ਼ਨ ਤੇ ਬਰੈਂਪਟਨ ਦੀ ਸਿਟੀ ਕੌਂਸਲ ਨੇ ਕੋਈ ਧਿਆਨ ਨਹੀਂ ਦਿੱਤਾ। ਰੋਸ ਦਾ ਪ੍ਰਗਟਾਵਾ ਕਰ ਰਹੇ ਲੋਕਾਂ ਦਾ ਇਹ ਕਹਿਣਾ ਹੈ ਕਿ ਸਿਟੀ ਦੀ ਕੌਂਸਲ ਨੂੰ ਉਨ੍ਹਾਂ ਦੀ ਜਾਇਜ ਮੰਗ ਤੇ ਉਨ੍ਹਾਂ ਦੇ ਨਾਲ ਖੜ੍ਹਨਾਂ ਚਾਹੀਦਾ ਸੀ। ਮੁਜਾਹਰਾਕਾਰੀਆਂ ਨੇ ਇਹ ਵੀ ਦੱਸਿਆ ਕਿ ਉਸ ਏਰੀਏ ਚ ਬਣੇ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਪਹਿਲਾਂ ਹੀ ਲੋੜ ਤੋਂ ਕਿਤੇ ਵੱਧ ਹੈ ਤੇ ਬੱਚੇ ਪੋਰਟਐਬਲ ਰੂਮਾਂ ਚ ਬੈਠ ਕੇ ਪੜ੍ਹਦੇ ਹਨ। ਕੰਡੋ ਟਾਊਨ ਹਾਊਸ ਬਣਨ ਨਾਲ ਤਾਂ ਬੱਚਿਆਂ ਦੀ ਗਿਣਤੀ ਹੋਰ ਵੀ ਵੱਧ ਜਾਵੇਗੀ। ਸਨੀ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਤਾਂ ਅਚਾਨਕ ਹੀ ਬਿਲਡਰ ਨੇ ਵੱਡੀ ਮਸ਼ੀਨਰੀ ਲਿਆ ਕੇ ਉਸ ਥਾਂ ਤੇ ਖੜ੍ਹੀ ਕਰ ਦਿੱਤੀ ਲੋਕ ਵੱਡੀ ਗਿਣਤੀ ਵਿੱਚ ਉਸ ਥਾਂ ਤੇ ਪਹੁੰਚ ਗਏ। ਕੌਂਸਲ ਮੈਂਬਰਾ ਨੂੰ ਫੋਨ ਖੜਕਾਏ ਗਏ ਤਾਂ ਪਤਾ ਲੱਗਿਆ ਕਿ ਇਹ ਤਾਂ ਮਿੱਟੀ ਦੀ ਚੈਕਿੰਗ ਹੀ ਕਰ ਰਹੇ ਹਨ। ਲੋਕ ਹੈਰਾਨ ਸਨ ਕਿ ਮਿੱਟੀ ਦੀ ਚੈਕਿੰਗ ਲਈ ਏਨੀ ਵੱਡੀ ਗਿਣਤੀ ਚ ਟਰੱਕ ਅਤੇ ਏਨੀ ਭਾਰੀ ਮਸ਼ੀਨਰੀ ਦੀ ਕੀ ਲੋੜ ਹੈ। ਪਰ ਲੋਕਾਂ ਦੇ ਗੁੱਸੇ ਨੂੰ ਭਾਂਪਦਿਆਂ ਸਾਰੀ ਮਸ਼ੀਨਰੀ ਜਲਦੀ ਨਾਲ ਉੱਥੋਂ ਹਟਾ ਦਿੱਤੀ ਗਈ। ਪਤਾ ਲੱਗਾ ਹੈ ਕਿ ਕੁਝ ਲੋਕਾਂ ਨੇ 19 ਜਨਵਰੀ ਦੇ ਮੁਜ਼ਾਹਰੇ ਬਾਰੇ ਕਿਹਾ ਸੀ ਕਿ ਪ੍ਰਬੰਧਕਾਂ ਨੂੰ ਇਸ ਗੱਲ ਬਾਰੇ ਵਿਚਾਰ ਕਰਨੀ ਚਾਹੀਦੀ ਹੈ ਕਿ ਇਸ ਸਮੇ ਤੇ ਰੋਸ ਮੁਜ਼ਾਹਰੇ ਦੀ ਲੋੜ ਵੀ ਹੈ ਜਦੋਂ ਕਿ ਇਸ ਮਾਮਲੇ ਨੂੰ ਲੀਗਲ ਤੋਰ ਤੇ ਲੜੇ ਜਾ ਣ ਦੀ ਵੱਧ ਜ਼ਰੂਰਤ ਹੈ। ਸਨੀ ਨੇ ਇਸ ਸਬੰਧ ਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਰੋਸ ਮੁਜ਼ਾਹਰਾ ਕਰਨਾਂ ਤੇ ਵੋਟ ਆਪਣੀ ਮਰਜ਼ੀ ਮੁਤਾਬਕ ਪਾਉਣੀ ਉਨ੍ਹਾਂ ਦਾ ਬੁਨਿਆਦੀ ਹੱਕ ਹੈ। ਉਸਨੇ ਇਸ ਗੱਲ ਦਾ ਰੋਸ ਜਿਤਾਇਆ ਕਿ ਕੁਝ ਲੋਕਾਂ ਵਲੋਂ ਉਹਨਾਂ ਨੂੰ 19 ਜਨਵਰੀ ਦਾ ਮੁਜ਼ਾਹਰਾ ਨਾਂ ਕਰਨ ਨੂੰ ਕਿਹਾ ਗਿਆ ਜਦੋਂ ਕਿ ਉਹਨਾਂ ਦੀ ਮੰਗ ਦਾ ਅਜੇ ਕੋਈ ਹੱਲ ਨਹੀਂ ਨਿਕਲ ਰਿਹਾ। ਸਨੀ ਨੇ ਦੱਸਿਆ ਕਿ ਉਹਨਾਂ ਨੇ ਇੱਕ ਵਕੀਲ ਵੀ ਕਰ ਰੱਖਿਆ ਹੈ ਜੋ ਉਹਨਾਂ ਵਲੋਂ ਕਾਨੂੰਨੀ ਲੜਾਈ ਲੜੇਗਾ। ਕਈ ਲੋਕਾਂ ਨੇ ਮੀਟਿੰਗ 'ਚ ਇਹ ਵੀ ਸਵਾਲ ਉਠਾਏ ਸਨ ਕਿ ਉਹਨਾਂ ਨੇ ਇੱਸ ਥਾਂ 'ਤੇ ਮਕਾਨ ਇਸ ਲਈ ਖਰੀਦਿਆ ਸੀ ਕਿ ਭਵਿੱਖ ਚ ਪਲਾਜ਼ਾ ਬਣ ਜਾਣ ਤੇ ਉਹਨਾਂ ਦੇ ਕਿਸੇ ਪ੍ਰੀਵਾਰਕ ਮੈਂਬਰ ਨੂੰ ਜੌਬ ਲੱਭਣੀ ਅਸਾਨ ਹੋ ਜਾਵੇਗੀ। ਇਸੇ ਨੇਬਰ ਹੁੱਡ ਚ ਰਹਿ ਰਹੇ ਅਨਿਲ ਖੰਨਾ ਨਾਲ ਗੱਲ ਕਰਨ ਤੇ ਉਹਨਾਂ ਦੱਸਿਆ ਕਿ ਅਜੇ ਸਿਟੀ ਕੌਂਸਲ ਇਸ ਮਸਲੇ ਉੱਪਰ ਵਿਚਾਰ ਕਰ ਰਹੀ ਹੈ ਅਤੇ ਉਹ ਆਉਣ ਵਾਲੇ ਸਮੇਂ 'ਚ ਜਲਦੀ ਕੋਈ ਫੈਸਲਾ ਜਰੂਰ ਲੈਣਗੇ। ਇਸ ਵਾਰਡ ਦੇ ਸਿਟੀ ਕੌਂਸਲਰ ਵਿੱਕੀ ਢਿਲੋਂ ਹੋਰਾਂ ਨਾਲ ਗੱਲ ਕਰਨ 'ਤੇ ਉਹਨਾਂ ਦੱਸਿਆ ਕਿ ਉਹ ਪੂਰੀ ਤਰਾਂ ਨਾਲ ਇੰਨ੍ਹਾਂ ਲੋਕਾਂ ਦੇ ਨਾਲ ਹਨ ਅਤੇ ਉਹ ਵੀ ਇਸ ਗੱਲ ਦੇ ਹੱਕ ਵਿੱਚ ਨਹੀਂ ਹਨ ਕਿ ਇੱਥੇ ਟਾਊਨ ਹਾਊਸ ਬਣਨ। ਉਹਨਾਂ ਇਹ ਵੀ ਦੱਸਿਆ ਕਿ ਸਿਟੀ ਦੀ ਪਲਾਨਿੰਗ ਕਮੇਟੀ ਦੀ ਰਿਪੋਰਟ ਚਾਰ ਮਾਰਚ ਵਾਲੀ ਮੀਟਿੰਗ 'ਚ ਪੇਸ਼ ਕੀਤੀ ਜਾਵੇਗੀ।

ਕਮਿਊਨਟੀ 'ਚ ਜਾਣੀ ਪਹਿਚਾਣੀ ਸਖਸ਼ੀਅਤ ਗੁਰਦੀਸ਼ ਮਾਂਗਟ ਨੇ ਆਪਣੇ ਵਿਚਾਰ ਦੱਸਦਿਆਂ ਆਖਿਆ ਕਿ ਅਗਰ ਡੀਵੈਲਪਰ ਨੇ ਘਰ ਵੇਚਣ ਸਮੇਂ ਲੋਕਾਂ ਨਾਲ ਕੋਈ ਵਾਅਦਾ ਕੀਤਾ ਸੀ ਤਾਂ ਲੋਕਾਂ ਨੂੰ ਕੋਈ ਨਾਮਵਰ ਵਕੀਲ ਦੀਆਂ ਸੇਵਾਵਾਂ ਲੈ ਕੇ ਕਾਨੂੰਨੀ ਲੜਾਈ ਲੜਨੀ ਬੇਹਤਰ ਤਰੀਕਾ ਰਹੇਗਾ।

Go Green
JGN KITCHENS
Great Service Backed Professional Workmanship at competitive Prices
Everything you need to complete a full kitchen or bath remodel

Kitchen Bath Countertops
Skins & Faucets Entertainment Units
3600 Laird Road, Unit 2-4, Mississauga, ON L5L 6A6 Fax: 905-828-8002
Tel: 905 - 828 - 8009
441 Dewdney Ave., Regina, SK S4N 0G1 Tel: 306-JGN-3232 (546-3232) Fax: 306-JGN-3290 (546-3290)
www.jgnkitchens.com info@ jgnkitchens.com


Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership



ਦਰਦ ਪੰਜਾਬ ਦੇ

# ਪੰਜ ਪਾਣੀਆਂ ਦੀ ਪੁਕਾਰ ਦੇ ਅੰਗ-ਸੰਗ

ਵਰਿੰਦਰ ਵਾਲੀਆ

**ਪੰਜਾਬ ਦੀ ਜੀਵਨ ਜਾਚ ਵੱਖ-ਵੱਖ ਇਤਿਹਾਸਕ ਸ਼ਖ਼ਸੀਅਤਾਂ ਨਾਲ ਪ੍ਰਤੀਬਿੰਬਤ ਹੁੰਦੀ ਹੈ। ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਵਰਿੰਦਰ ਵਾਲੀਆ ਦੀ ਲਿਖਤ ਸਰੋਕਾਰਾ ਦੀ ਆਵਾਜ਼ ਦਾ ਹਿਸਾ ਬਣਾਉਣ ਦਾ ਮਾਣ ਹਾਸਲ ਕਰ ਰਹੇ ਹਾਂ।**

ਆਚੇ ਹੋਏ ਪੰਜਾਬ ਅਤੇ ਇਸ ਦੇ ਅਮੀਰ ਸੱਭਿਆਚਾਰ ਨੂੰ ਅਲਬੇਲੇ ਸ਼ਾਇਰ ਪ੍ਰੋ.ਪੂਰਨ ਸਿੰਘ ਦੀਆਂ ਅਮਿੱਟ ਕਿਰਤਾਂ ਵਿੱਚੋਂ ਅੱਜ ਵੀ ਲੱਭਿਆ ਜਾ ਸਕਦਾ ਹੈ। ਉਹ ਕਿਨਾਰਿਆਂ ਨਾਲ ਬਰ ਮੇਚ ਕੇ ਭਰ ਵਹਿਣ ਵਾਲਾ ਵਲਵਲਿਆਂ ਦਾ ਸ਼ਾਇਰ ਹੈ। ਦਿਲ ਵਿੱਚ ਕੋਈ ਲਹਿਰ ਉੱਠਦੀ ਤਾਂ ਉਹ ਆਪਣੇ ਹੀ ਕਿਨਾਰੇ ਤੋੜ ਕੇ ਖੇਤਾਂ-ਖਤਾਨਾਂ ਵੱਲ ਹੋ ਤੁਰਦਾ। ਉਸ ਦੀ ਕਵਿਤਾ ਪੰਜ-ਆਬ ਦੇ ਅਣਵੰਡੇ ਪਾਣੀ ਵਾਂਗ ਸਮੁੱਚੇ ਪੰਜਾਬੀਆਂ ਦੀ ਸਾਂਝੀ ਵਿਰਾਸਤ ਹੈ। ਪੰਜ ਦਹਾਕੇ ਜਿਊਣ ਵਾਲਾ ਪ੍ਰੋ.ਪੂਰਨ ਸਿੰਘ ਪੰਜਾਬ ਦੇ ਕਣ-ਕਣ ਵਿੱਚ ਸਾਹ ਲੈਂਦਾ ਪ੍ਰਤੀਤ ਹੁੰਦਾ ਹੈ। ਉਸ ਨੂੰ ਅਸੀਸਾਂ ਦਿੰਦਾ ਨਹੀਂ ਥੱਕਦਾ।

ਮਾਂ ਬੋਲੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਡਾ.ਮਹਿੰਦਰ ਸਿੰਘ ਰੰਧਾਵਾ ਨੇ ਜਦੋਂ ਉਸ ਦੀ ਨਜ਼ਮ 'ਪੰਜਾਬ ਨੂੰ ਅਸੀਸ' ਪੜ੍ਹੀ ਤਾਂ ਉਹ ਅਸ਼-ਅਸ਼ ਕਰ ਉੱਠਿਆ। ਸੰਨ 1965 ਵਿੱਚ ਡਾ.ਰੰਧਾਵਾ ਨੇ ਪੰਜਾਬ ਸਰਕਾਰ ਨੂੰ ਮਸ਼ਵਰਾ ਦਿੱਤਾ ਕਿ ਖੁੱਲ੍ਹੇ ਦਿਲ ਵਾਲੇ ਕਵੀ ਦੀ ਇਸ ਖੁੱਲ੍ਹੀ ਕਵਿਤਾ ਨੂੰ ਤਾਂਬੇ ਦੀ ਪਲੇਟ 'ਤੇ ਉੱਕਰ ਕੇ ਚੰਡੀਗੜ੍ਹ ਦੀ ਸੁਖਨਾ ਝੀਲ ਉੱਤੇ ਲਾਇਆ ਜਾਵੇ। ਤਤਕਾਲੀ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਹ ਤਜਵੀਜ਼ ਤੁਰੰਤ ਮੰਨ ਲਈ। ਅਫ਼ਸੋਸ! ਮਾਂ ਬੋਲੀ ਦੇ ਹਿਤੈਸ਼ੀ ਮੁੱਖ ਮੰਤਰੀ ਦਾ ਉਸੇ ਸਾਲ ਕਤਲ ਹੋ ਗਿਆ ਅਤੇ 'ਪੌਣਾਂ ਤੇ ਪਾਣੀਆਂ ਦੇ ਬੋਲ' ਵਾਲੀ ਇਸ ਕਵਿਤਾ ਨੂੰ ਪੰਜਾਬ ਦੇ ਦਰਿਆਵਾਂ ਤਾਂ ਕੀ, ਝੀਲ ਦਾ ਕਿਨਾਰਾ ਵੀ ਨਸੀਬ ਨਾ ਹੋਇਆ। ਪੰਜਾਬ ਦੇ ਘੁੱਗ ਵਸਦੇ ਪਿੰਡਾਂ ਨੂੰ ਉਜਾੜ ਕੇ ਵਸਾਏ ਚੰਡੀਗੜ੍ਹ ਦਾ ਚਿੰਨ੍ਹ 'ਖੁੱਲ੍ਹਾ ਹੱਥ' ਰੱਖਿਆ ਗਿਆ ਪਰ ਇੱਥੇ ਪ੍ਰੋ.ਪੂਰਨ ਸਿੰਘ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਵਰਗੀਆਂ ਉਸ ਦੀਆਂ ਖੁੱਲ੍ਹੀਆਂ ਕਵਿਤਾਵਾਂ ਨੂੰ ਨੇੜੇ ਵੀ ਨਾ ਫੜਕਣ ਦਿੱਤਾ ਗਿਆ।

ਦੇਸ਼-ਵਿਦੇਸ਼ ਵਿਚਰੇ ਪ੍ਰੋ.ਪੂਰਨ ਸਿੰਘ ਲਈ ਪੰਜਾਬ ਸੁਤੰਤਰ ਦੇਸ਼ ਹੈ। 'ਪੰਜਾਬ ਦੇ ਦਰਿਆ' ਨਜ਼ਮ ਵਿੱਚ ਉਹ ਪੰਜ ਪਾਣੀਆਂ ਦੀ ਸਿਫ਼ਤ ਕਰਦਾ ਹੋਇਆ ਕਹਿੰਦਾ ਹੈ ਕਿ ਇਨ੍ਹਾਂ ਨੂੰ ਪਿਆਰ ਦੀ ਅੱਗ ਲੱਗੀ ਹੋਈ ਹੈ ਤੇ ਉਹ 'ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ ਤੇ ਠਾਰਦੇ, ਪਿਆਰਦੇ ਹਨ'। ਪਿਆਰ ਦੀ ਅੱਗ ਅਤੇ ਬਾਣੀ ਨਾਲ ਹਿਰਦੇ ਠਾਰਨਾਂ ਇਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ ਵਰਨਾ ਅੱਗ ਅਤੇ ਪਾਣੀ ਦਾ ਮੇਲ ਹੀ ਕੀ ਹੈ? 'ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ' ਵਿੱਚ ਉਹ 'ਵਸਣ ਤੇਰੇ ਮਹਿਲ ਤੇ ਮਾੜੀਆਂ' ਦੀ ਅਰਜ਼ੋਈ ਕਰਦਾ ਹੈ। ਅਣਵੰਡੇ ਪੰਜਾਬ ਵਿੱਚ ਲਹਿੰਦਾ-ਚੜ੍ਹਦਾ, ਦੋਵੇਂ ਪੰਜਾਬ ਸਨ। ਸਮੁੱਚੀ ਪੰਜਾਬੀਅਤ ਦੇ ਬ੍ਰਹਿਮੰਡ ਨੂੰ ਹਿਰਦੇ ਵਿੱਚ ਵਸਾਉਣ ਵਾਲੇ ਪ੍ਰੋ.ਪੂਰਨ ਸਿੰਘ ਨੇ ਕਦੀਂ ਚਿਤਵਿਆ ਨਹੀਂ ਸੀ ਕਿ ਪਾਣੀਆਂ ਵਿੱਚ ਲਕੀਰ ਵੀ ਪੈ ਸਕਦੀ ਹੈ। ਉਸ ਦੇ ਅੱਖਾਂ ਮੀਟਣ ਤੋਂ ਬਾਅਦ ਦੇਸ਼ ਵੰਡਿਆ ਗਿਆ, ਪੰਜਾਬੀਆਂ ਦੇ ਡੁੱਲ੍ਹੇ ਖ਼ੂਨ ਦਾ ਦਰਿਆ ਵਹਿ ਤੁਰਿਆ। ਪੰਜਾਬੀਆਂ ਦੇ ਸੁਭਾਅ ਵਾਂਗ ਇਸ ਦਰਿਆ ਵਿੱਚੋਂ ਵੀ ਹਿੰਦੂ, ਸਿੱਖ ਜਾਂ ਮੁਸਲਮਾਨ ਦੇ ਖ਼ੂਨ ਨੂੰ ਨਿਖੇੜਿਆ ਨਹੀਂ ਸੀ ਜਾ ਸਕਿਆ। ਦੇਸ਼ ਦੀ ਵੰਡ ਤੋਂ ਬਾਅਦ ਸੰਨ 1966 ਵਿੱਚ ਪ੍ਰੋ.ਪੂਰਨ ਸਿੰਘ ਦੇ ਪੰਜਾਬ 'ਚੋਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਅਲੱਗ ਸੂਬੇ ਬਣ ਗਏ। ਨਹੁੰਆਂ ਨਾਲੋਂ ਮਾਸ ਉਚੜਿਆ ਤਾਂ ਤਕਲੀਫ਼ ਹੋਣੀ ਸੀ। 'ਪੰਜਾਬ ਨੂੰ ਅਸੀਸ' ਨਜ਼ਮ ਵਿੱਚ ਆਏ, 'ਉੱਚੇ-ਉੱਚੇ ਪਰਬਤ ਤੇਰੇ/ਤੇਰੇ ਜੰਗਲ ਦਿਓਦਾਰ ਦੇ ਸੁਹਾਵਣੇ' ਪਰਦੇਸੀ ਹੋ ਗਏ। ਇਸ ਧਰਤੀ ਦੇ ਜ਼ੱਰੇ-ਜ਼ੱਰੇ ਨੂੰ ਸਿਜਦਾ ਕਰਦਾ ਹੋਇਆ ਉਹ ਲਿਖਦਾ ਹੈ:

ਇੱਥੇ ਬਾਬੇ ਦੇ ਸ਼ਬਦਾਂ ਨੇ,  
ਪੱਥਰਾਂ ਨੂੰ ਪਿਘਲਿਆ  
ਮਰਦਾਨੇ ਦੀ ਰਬਾਬ ਵੱਜੀ  
ਪਰਬਤਾਂ ਸਲਾਮ ਕੀਤਾ,  
ਬੂਟਾ ਬੂਟਾ ਵਜਦ ਵਿੱਚ ਨੱਚਿਆ  
ਪੰਜਾਬ ਦੀ ਮਿੱਟੀ ਦਾ ਜ਼ੱਰਾ ਜ਼ੱਰਾ  
ਕੰਬਿਆ ਪਿਆਰ ਵਿੱਚ  
ਉਸੇ ਇਲਾਹੀ ਸੁਰ ਵਿੱਚ  
ਦਰਿਆ ਪਏ ਵਗਦੇ।  
ਇਹ ਨਵੇਂ ਸੱਜਰੇ ਬਰਫ਼ਾਨੀ  
ਦਰਿਆਵਾਂ ਦਾ ਦੇਸ ਹੈ।  
ਦਰਿਆ ਹੋ ਰਹਿਣਾ,  
ਦਰਿਆ ਹੋ ਜੀਣਾ,  
ਇੱਥੇ ਸਤਿਗੁਰਾਂ ਦਾ ਆਦੇਸ਼ ਹੈ

• • •

ਮੈਨੂੰ ਪੰਜਾਬ ਜਿਹਾ ਮੁਲਖ ਕੋਈ ਹੋਰ ਨਾ ਦਿਸਦਾ

ਅੱਜ 'ਸੱਜਰੇ ਬਰਫ਼ਾਨੀ ਦਰਿਆਵਾਂ' ਦੇ ਦੇਸ਼ ਦੇ ਜਾਏ ਇਸ ਦੇ ਪਾਣੀਆਂ ਨੂੰ ਵੰਡਣ ਲਈ ਲੜ-ਝਗੜ ਰਹੇ ਹਨ। ਦਰਿਆਵਾਂ ਦਾ ਪਾਣੀ ਪਲੀਤ ਹੋ ਗਿਆ ਹੈ। ਮਨ ਪਲੀਤ ਹੋ ਰਹੇ ਹਨ। ਪੰਜਾਬੀਆਂ ਨੇ ਮਸਲੇ ਇੰਨੇ ਉਲਝਾ ਲਏ ਹਨ ਕਿ ਉਹ ਹੁਣ ਇੱਕ ਦੂਜੇ ਦੇ ਖ਼ੂਨ ਦੇ ਤ੍ਰਿਹਾਏ ਹੋ ਗਏ ਹਨ। ਪ੍ਰੋ.ਪੂਰਨ ਸਿੰਘ ਦੇ ਮੌਤ ਨੂੰ ਮਸ਼ੌਲ਼ਾਂ ਕਰਨ ਵਾਲੇ 'ਇਹ ਬੇਪ੍ਰਵਾਹ ਪੰਜਾਬ ਦੇ' ਹੁਣ ਵਾਕਈ 'ਮਰਨ ਥੀਂ ਨਹੀਂ ਡਰਦੇ'। ਪ੍ਰੋ.ਪੂਰਨ ਸਿੰਘ ਦੇ ਅੱਖਾਂ ਮੀਟਣ ਤੋਂ ਬਾਅਦ ਪੰਜਾਬੀਆਂ ਨੇ ਧਰਤੀ ਮਾਂ ਨੂੰ ਵੰਡ ਲਿਆ, ਇਸ ਦੇ ਅਠਖੇਲੀਆਂ ਕਰਦੇ ਦਰਿਆ ਵੰਡ ਲਏ। ਵਸ ਚੱਲਦਾ ਤਾਂ ਅੰਬਰ ਵੀ ਵੰਡ ਲੈਂਦੇ। ਪੰਜਾਬੀਆਂ ਦੇ ਬਾਹੂ-ਬਲ ਦਾ ਜ਼ਿਕਰ ਕਰਦਿਆਂ ਉਹ ਲਿਖਦਾ, 'ਪੰਜਾਬੀ ਮਾਵਾਂ ਦੇ ਪੁੱਤਰ, ਰੱਖਣ ਨਾ ਜਾਨ ਸੰਭਾਲ ਇਹਤ ਤੇ ਜੰਗ-ਏ-ਮੈਦਾਨ ਵਿੱਚ ਨੱਸਣਾ ਨਾ ਜਾਣਦੇ'। ਪ੍ਰੋ.ਪੂਰਨ ਸਿੰਘ ਦੇ ਬੋਲ, 'ਲਹੂ ਵੀਟਣ ਥੀਂ ਨਾ ਡਰਨ ਇਹ' ਉਦੋਂ ਸੱਚ ਸਾਬਤ ਹੋਏ ਜਦੋਂ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਆਪਣੇ ਦੇਸ਼ ਨੂੰ ਗ਼ੁਲਾਮੀ ਦੇ ਜੂਲੇ ਤੋਂ ਨਿਜਾਤ ਦਿਵਾਈ। ਅਫ਼ਸੋਸ! ਆਜ਼ਾਦ ਦੇਸ਼ ਵਿੱਚ ਫ਼ਿਰਕਿਆਂ ਦੀ ਤਾਦਾਦ ਨੂੰ ਆਧਾਰ ਬਣਾ ਕੇ ਭਰਤੀ ਕਰਨ ਵਾਲਾ ਕਾਨੂੰਨ ਬਣਾ ਕੇ ਪੰਜਾਬੀਆਂ ਨੂੰ ਫ਼ੌਜ ਤੋਂ ਦੂਰ ਰੱਖਣ ਦੀ ਚਾਲ ਖੇਡੀ ਗਈ। 'ਜਵਾਨ ਪੰਜਾਬ' ਵਿੱਚ ਪ੍ਰੋ.ਪੂਰਨ ਸਿੰਘ ਪੰਜਾਬੀ ਫ਼ਿਰਕੇ ਨੂੰ ਫ਼ਿਰਕਾਪ੍ਰਸਤੀ ਤੋਂ ਕੋਹਾਂ ਦੂਰ ਮੰਨਦਾ ਹੋਇਆ ਲਿਖਦਾ ਹੈ, 'ਪੰਜਾਬ ਨਾ ਹਿੰਦੂ, ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ'। ਉਹ ਹੀਰ-ਰਾਂਝੇ ਨੂੰ 'ਆ-ਵੀਰ ਰਾਂਝਿਆ, ਆ-ਭੈਣੇ ਹੀਰੇ' ਸੰਬੋਧਤ ਹੋ ਕੇ ਪੰਜਾਬੀਆਂ ਨੂੰ ਦੀਨ-ਧਰਮ ਜਾਂ ਫ਼ਿਰਕਿਆਂ ਦੀਆਂ ਸੀਮਾਵਾਂ ਤੋਂ ਬਹੁਤ ਦੂਰ ਲੈ ਜਾਂਦਾ ਹੈ। ਉਹ ਪੰਜਾਬ ਵਿੱਚ ਠਾਠਾਂ ਮਾਰ ਰਹੀ ਆਜ਼ਾਦੀ ਨੂੰ ਨਿਹਾਰਦਾ-ਪਿਆਰਦਾ ਹੈ। ਰਾਂਝੇ ਨੂੰ 'ਸਤਿਗੁਰਾਂ ਦਾ ਸਿੱਖ' ਸੰਬੋਧਨ ਕਰ ਕੇ ਉਹ ਪੰਜ ਪਾਣੀਆਂ ਵਿੱਚ ਘੁਲੀ ਇਲਾਹੀ ਬਾਣੀ ਦੇ ਅਰਥ ਸਮਝਾਉਂਦਾ ਹੈ, 'ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ, ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ'। ਬਾਲ ਨਾਥ ਨੂੰ ਉਦੋਂ ਕੋਈ ਜਵਾਬ ਨਹੀਂ ਅਹੁੜਦਾ ਜਦੋਂ ਰਾਂਝਾ ਉਸ ਨੂੰ ਮੁੰਦਰਾ ਪਾਉਣ ਖ਼ਾਤਰ ਪਾੜੇ ਆਪਣੇ ਕੰਨ ਸਾਬਤ ਕਰਨ ਲਈ ਕਹਿੰਦਾ ਹੈ- 'ਮੁੰਦਰਾਂ ਲੈ ਆਪਣੀਆਂ ਮੋੜ ਬਾਵਾ! ਤੇ ਕੰਨ ਮੇਰੇ ਮੁੜ ਸਬੂਤ ਕਰ ਤੂੰ ਭਲੇਮਾਣਸਾ, ਕੰਨਾਂ ਨੂੰ ਕਾਹਨੂੰ ਚਾ ਪਾੜਿਆ'?



ਮੇਰੀ ਦਿਲੀ ਇੱਛਾ ਸੀ ਕਿ ਮੇਰਾ ਪੰਜਾਬ ਆਧੁਨਿਕ ਵੀ ਹੋਵੇ ਅਤੇ ਇਸ ਦੀ ਵਿਰਾਸਤ ਵੀ ਇਸ ਦੇ ਹਰ ਕਣ ਕਣ ਵਿਚ ਸਮੋਈ ਹੋਵੇ। ਇਸ ਕਿਸਮ ਦੀ ਸੋਚ ਸਦਾ ਮੈਨੂੰ ਪ੍ਰੇਰਨਾ ਦਿੰਦੀ ਰਹੀ ਹੈ ਕਿ ਜਿਸ ਕਿਸਮ ਦੇ ਸ਼ਾਨਦਾਰ ਖਿੱਤੇ ਵਿਚ ਮੈਂ ਵੱਡਾ ਹੋਇਆ ਉਹ ਖਿੱਤਾ ਦੁਨੀਆ ਦੇ ਪੈਮਾਨੇ 'ਤੇ ਆਪਣੀ ਇਕ ਵਿਲੱਖਣ ਦਿਖ ਬਣਾ ਸਕੇ।

ਡਾ. ਮਹਿੰਦਰ ਸਿੰਘ ਰੰਧਾਵਾ

ਅਮੀਰ ਪੰਜਾਬੀ ਸੱਭਿਆਚਾਰ ਨੂੰ ਲੱਗ ਰਹੇ ਖੋਰੇ ਨੂੰ ਉਹ ਝੁਰਦਾ ਹੈ। ਇਹ ਖੋਰਾ ਪਿਛਲੀ ਸਦੀ ਤੋਂ ਹੀ ਲੱਗਣਾ ਸ਼ੁਰੂ ਹੋ ਗਿਆ ਸੀ ਜਦੋਂ ਪੰਜਾਬ ਦੇ ਹਾਲੇ ਟੁਕੜੇ ਨਹੀਂ ਸਨ ਹੋਏ। 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਮਾਰਦਾ ਪ੍ਰੋ. ਪੂਰਨ ਸਿੰਘ ਪੁੱਛਦਾ ਹੈ, 'ਸੱਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ ਕਿੱਥੇ'? ਨੂੰਹਾਂ, ਧੀਆਂ ਉਹ ਲਿਹਾਜ਼ ਦੀ ਸੱਭਿਅਤਾ, ਜਵਾਈਆਂ ਦੀ ਪੁਰਾਣੀ ਮੋਤੀਆਂ ਵਰਗੀ ਆਬ ਕਿੱਥੇ'?

ਉਹ 'ਦਿਲ ਦਰਿਆ ਹੋਣ ਰੱਬ ਦੀ ਜੋਤ ਵਾਲੇ' ਦੀ ਕਲਪਨਾ ਕਰਦਾ ਹੋਇਆ ਜ਼ਾਤ-ਪਾਤ, ਫ਼ਿਰਕਿਆਂ ਦੀਆਂ ਕੰਧਾਂ ਢਾਹੁਣ ਦਾ ਹੋਕਾ ਦਿੰਦਾ ਹੋਇਆ 'ਮਿਲੋ ਬਸੰਤ ਨੂੰ ਪਾ ਪਾ ਜੱਫੀਆਂ' ਦਾ ਹੋਕਾ ਦਿੰਦਾ ਹੈ। ਉਹ ਲੋਪ ਹੋ ਰਹੇ ਤ੍ਰਿੰਞਣ ਅਤੇ ਲੋਕ-ਧਾਰਾ ਦੇ ਸੁੱਕ ਰਹੇ ਸੋਮਿਆਂ ਬਾਰੇ ਚਿੰਤਤ ਹੈ। ਉਹ ਵਿਸਰੀਆਂ ਖੇਡਾਂ ਨੂੰ ਯਾਦ ਕਰਦਾ ਖੁੱਲ੍ਹੇ ਬਾਗ਼-ਬਗੀਚਿਆਂ ਵਿੱਚ ਖੇਲ੍ਹ-ਕੁੱਦ ਰਹੀਆਂ ਕੁੜੀਆਂ-ਚਿੜੀਆਂ ਦੀ ਗੱਲ ਕਰਦਾ ਹੈ- 'ਤੋਤਿਆਂ ਪਿੱਛੇ ਨੱਸਣ, ਤਾੜੀ ਮਾਰਦੀਆਂ, ਉਨ੍ਹਾਂ ਨੂੰ ਟਹਿਣੀ-ਟਹਿਣੀ ਉਡਾਂਵਦੀਆਂ'। ਉਹ ਪੰਜਾਬੀ ਨੂੰ ਪੁਰਾਣੀ ਖੁੱਲ੍ਹ-ਡੁੱਲ੍ਹ ਮਾਣਨ ਲਈ ਕਹਿੰਦਾ ਹੈ:

ਖੁਲ੍ਹ ਹੋਵੇ, ਡੁਲ੍ਹ ਹੋਵੇ  
ਇੱਕ ਦੂਜੇ ਪਿੱਛੇ ਕਰਨਾ

ਹੁਣ ਪ੍ਰੋ.ਪੂਰਨ ਸਿੰਘ ਦਾ ਪੰਜਾਬ ਬਹੁਤ ਪਿੱਛੇ ਰਹਿ ਗਿਆ ਹੈ। ਬੱਚੇ ਲੋਕ-ਖੇਡਾਂ ਦੀ ਬਜਾਏ ਕੰਪਿਊਟਰ 'ਤੇ ਬਹੁਤਾ ਸਮਾਂ ਗੁਜ਼ਾਰਦੇ ਹਨ। 'ਇੱਕ ਦੂਜੇ ਪਿੱਛੇ ਮਰਨ' ਵਾਲਾ ਸੱਭਿਆਚਾਰ ਖ਼ਤਮ ਹੋ ਰਿਹਾ ਹੈ। ਇਕੱਲਾ ਰਹਿਣ ਵਾਲਾ ਵਿਅਕਤੀ ਮਰ ਜਾਵੇ ਤਾਂ ਉਸ ਦੇ ਗੁਆਂਢੀਆਂ ਨੂੰ ਬਦਬੂ ਤੋਂ ਹੀ ਖ਼ਬਰ ਮਿਲਦੀ ਹੈ। ਕੁੜੀਆਂ-ਚਿੜੀਆਂ ਲੋਪ ਹੋ ਰਹੀਆਂ ਹਨ। ਸਕੇ-ਸਬੰਧੀਆਂ ਵੱਲੋਂ ਕੁੜੀਆਂ ਦੇ ਉਧਾਲੇ ਅਤੇ ਬਲਾਤਕਾਰ ਦੀਆਂ ਘਟਨਾਵਾਂ ਨੇ ਪੰਜਾਬੀਅਤ ਨੂੰ ਸ਼ਰਮਸਾਰ ਕਰ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਪ੍ਰੋ.ਪੂਰਨ ਸਿੰਘ ਅਤੇ ਉਸ ਦਾ ਪੰਜਾਬ ਯਾਦ ਆਉਂਦਾ ਹੈ। ਉਸ ਦੇ 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ' ਅਤੇ 'ਖੁੱਲ੍ਹੇ ਅਸਮਾਨੀ ਰੰਗ' ਦੀ ਵਚਿੱਤਰ ਕਾਵਿ-ਲੜੀ ਯਾਦ ਆਉਂਦੀ ਹੈ। ਪ੍ਰੋ.ਪੂਰਨ ਸਿੰਘ ਦਾ ਬਹੁਤ ਸਾਰਾ ਸਾਹਿਤ ਅਤੇ ਉਸ ਨਾਲ ਜੁੜੀਆਂ ਯਾਦਾਂ ਗੁਆਚ ਚੁੱਕੀਆਂ ਹਨ। ਡਾ. ਮਹਿੰਦਰ ਸਿੰਘ ਰੰਧਾਵਾ ਅਨੁਸਾਰ ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਸਾਹਿਤ ਨੂੰ ਅਜਿਹੀ ਮੁਕਤ ਰੂਹ ਅਤੇ ਅਜਿਹੀ ਮੁਕਤ ਸ਼ੈਲੀ ਪ੍ਰਦਾਨ ਕੀਤੀ ਜਿਹੜੀ ਕਿਸੇ ਰੂਪ, ਰੰਗ, ਰਸ ਅਤੇ ਸਿਧਾਂਤ ਦੀ ਮੁਹਤਾਜ ਨਹੀਂ। ਉਹ ਇੱਕ ਅਜਿਹਾ ਸਰਬ-ਵਿਆਪੀ ਵਿਅਕਤੀ ਸੀ ਜਿਹੜਾ ਬ੍ਰਹਿਮੰਡ ਦੇ ਹਰ ਮੰਡਲ ਅਤੇ ਸ੍ਰਿਸ਼ਟੀ ਦੇ ਹਰ ਖੰਡ ਵਿੱਚ ਜਿਵੇਂ ਚਾਹੇ ਵਿਚਰ ਸਕਦਾ ਸੀ। ਉਹ ਖੀਵਾ ਹੋ ਕੇ ਤਾਰਿਆਂ ਨਾਲ ਗੱਲਾਂ ਕਰਦਾ ਅਤੇ ਚੰਦ ਸੂਰਜ ਨਾਲ ਕਿੱਕਲੀ ਪਾਉਂਦਾ। ਪ੍ਰੋ.ਪੂਰਨ ਸਿੰਘ ਜਦੋਂ ਸਾਧ ਬਣਿਆ, ਉਦੋਂ ਵੀ ਉਹ ਸੰਪਰੂਨ ਸੀ। ਆਜ਼ਾਦੀ ਘੋਲ ਵਿੱਚ ਉਸ ਦਾ ਘਰ ਇਨਕਲਾਬੀਆਂ ਦੀ ਠਾਹਰ ਸੀ। ਆਜ਼ਾਦੀ ਘੁਲਾਟੀਆਂ ਨੂੰ ਮਾਇਕ ਸਹਾਇਤਾ ਦੇਣ ਤੋਂ ਇਲਾਵਾ ਉਨ੍ਹਾਂ ਲਈ ਬੰਬ ਬਣਾਉਣ ਵਿੱਚ ਵੀ ਸਹਾਇਤਾ ਕਰਦਾ। ਇਸ ਤਰ੍ਹਾਂ ਉਸ ਨੂੰ ਸੰਪੂਰਨ ਘੁਲਾਟੀਆ ਕਹਿਣਾ ਠੀਕ ਹੋਵੇਗਾ। ਕਵਿਤਾ ਲਿਖਣ ਲੱਗਿਆ ਉਹ ਆਪਣੇ ਆਪ ਨੂੰ 'ਅਪੂਰਨ' ਸਮਝਦਾ। ਇਸ ਦੇ ਉਲਟ ਸੱਚਾਈ ਇਹ ਹੈ ਕਿ ਉਹ 'ਸੰਪੂਰਨ ਹੋਣ' ਤੋਂ ਵੀ ਉੱਪਰ ਵਾਲੀ ਸ਼ਖ਼ਸੀਅਤ ਸੀ। ਭਰ ਵਹਿੰਦਾ ਦਰਿਆ ਪ੍ਰੋ.ਪੂਰਨ ਸਿੰਘ ਦਿਲ ਵਿੱਚ ਉੱਠੀ ਲਹਿਰ ਤੋਂ ਬਾਅਦ ਉੱਛਲ ਪੈਂਦਾ:

ਅੱਖਰਾਂ ਦੇ ਅੱਖਰ ਮੇਰੇ  
ਨਿੱਕੇ ਨਿੱਕੇ ਹੱਥਾਂ ਵਿੱਚੋਂ  
ਡਿੱਗ ਡਿੱਗ ਪੈਂਦੇ  
ਮੇਰੇ ਨਿੱਕੇ ਨਿੱਕੇ ਹੱਥ, ਦਾਤਾਂ ਵੱਡੀਆਂ  
ਝਨਾਂ ਦੇ ਝਨਾਂ ਪਏ ਵਗਦੇ।  
ਮੇਰੇ ਅੱਖਰਾਂ ਦੇ ਦਰਿਆ ਨੱਸਦੇ ਜਾਂਦੇ  
ਮੋਤੀਆਂ ਦੇ ਹੜ੍ਹ।



ਬਿਮਾਰ ਪੰਜਾਬ ਦੀ ਗਾਥਾ

# ਜੀਵਨ ਜਾਚ, ਪੂੰਜੀਵਾਦ ਅਤੇ ਸਿਹਤ ਦਾ ਸਵਾਲ



ਡਾ. ਧਰਮਵੀਰ ਗਾਂਧੀ

**ਡਾਕਟਰੀ ਵਰਗੇ ਕਿੱਤੇ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜ ਕੇ ਚਲਣ ਵਾਲੇ ਡਾ. ਧਰਮਵੀਰ ਗਾਂਧੀ ਕਿਸੇ ਜਾਣ-ਪਹਿਚਾਣ ਦੇ ਮੁਥਾਜ ਨਹੀਂ ਜਿਨ੍ਹਾਂ ਨੇ ਆਪਣੀ ਜੀਵਨ ਜਾਚ ਨੂੰ ਲੋਕਾਂ ਦੇ ਦੁੱਖਾਂ ਦਰਦਾਂ ਨਾਲ ਜੋੜ ਕੇ ਰੱਖਿਆ ਹੋਇਆ ਹੈ। ਉਨ੍ਹਾਂ ਦੇ ਸਿਹਤ ਸਬੰਧੀ ਮਸਲਿਆਂ ਨੂੰ ਜਿਸ ਕਦਰ ਪੰਜਾਬ ਦੀ ਤਬਦੀਲੀ ਨਾਲ ਜੋੜ ਕੇ ਪੇਸ਼ ਕੀਤਾ ਹੈ ਉਹ ਪੰਜਾਬ ਦੇ ਸਮਾਜਿਕ ਤਬਦੀਲੀ ਦੇ ਸਰੋਕਾਰਾਂ ਨਾਲ ਨੇੜੇ ਤੋਂ ਜੁੜਿਆ ਹੋਇਆ ਹੈ।**



ਸਿਹਤ ਅਤੇ ਸਿੱਖਿਆ ਮਨੁੱਖੀ ਜ਼ਿੰਦਗੀ ਅਤੇ ਵਿਕਾਸ ਨਾਲ ਜੁੜੇ ਦੋ ਅਜਿਹੇ ਅਹਿਮ ਮੁੱਦੇ ਹਨ ਜੋ ਕਿਸੇ ਵੀ ਸਮਾਜ, ਕੌਮ ਜਾਂ ਦੇਸ਼ ਦੇ ਵਰਤਮਾਨ ਤੇ ਭਵਿੱਖ ਨੂੰ ਪ੍ਰਭਾਵਿਤ ਤੇ ਤੈਅ ਕਰਨ ਵਿੱਚ ਫ਼ੈਸਲਾਕੁੰਨ ਭੂਮਿਕਾ ਨਿਭਾਉਂਦੇ ਹਨ। 1946 ਵਿੱਚ ਸੰਸਾਰ ਸਿਹਤ ਸੰਸਥਾ ਨੇ ਸਿਹਤ ਨੂੰ ਪਰਿਭਾਸ਼ਤ ਕਰਦਿਆਂ ਕਿਹਾ ਸੀ,ਮਹਿਜ਼ ਕਿਸੇ ਬੀਮਾਰੀ ਜਾਂ ਅਪੰਗਤਾ ਦਾ ਨਾ ਹੋਣਾ ਹੀ, ਸਿਹਤ ਨਹੀਂ ਹੈ, ਸਿਹਤ ਤੋਂ ਭਾਵ ਹੈ ਕਿ ਮਨੁੱਖ ਸਰੀਰਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਵੀ ਮੁਕੰਮਲ ਤੰਦਰੁਸਤ ਹੋਵੇ। ਸਿਹਤ ਦੀ ਇਹ ਪਰਿਭਾਸ਼ਾ ਵਿਅਕਤੀ ਨੂੰ ਸੁੱਤੇ-ਸਿੱਧ ਸਿਹਤ ਨੂੰ ਸਿਰਫ਼ ਬੀਮਾਰੀਆਂ ਅਤੇ ਇਲਾਜ ਦੇ ਸੀਮਤ ਸੰਕਲਪ 'ਚੋਂ ਬਾਹਰ ਕੱਢ ਕੇ ਆਰਥਿਕਤਾ, ਸਿਆਸਤ ਅਤੇ ਸਮਾਜ ਦੇ ਵਿਸ਼ਾਲ ਵਿਹੜੇ ਵਿੱਚ ਲਿਆ ਖੜ੍ਹਾ ਕਰਦੀ ਹੈ। ਅਜੋਕੇ ਪੰਜਾਬ ਦੀ ਸਿਹਤ ਨੂੰ ਇਸ ਪਰਿਭਾਸ਼ਾ ਦੇ ਮਿਆਰਾਂ ਅਤੇ ਮਾਪਦੰਡਾਂ ਅਨੁਸਾਰ ਪਰਖਣ ਲਈ ਸਮਕਾਲੀਨ ਪੰਜਾਬ ਦੇ ਭਾਰਤ ਨੂੰ ਤਿੰਨ ਕਾਲ-ਖੰਡਾਂ ਵਿੱਚ ਵੰਡ ਕੇ ਸਿਹਤ ਦੇ ਮਸਲੇ ਨੂੰ ਆਰਥਿਕ, ਸਿਆਸੀ ਤੇ ਸਮਾਜਿਕ ਸੰਰਚਨਾਵਾਂ ਅਤੇ ਇਨ੍ਹਾਂ ਰਾਹੀਂ ਪ੍ਰਭਾਵਿਤ ਤੇ ਤੈਅ ਹੁੰਦੇ ਜੀਵਨ ਪੱਧਰ ਅਤੇ ਜੀਵਨ ਜਾਚ 'ਚ ਆਈਆਂ ਤਬਦੀਲੀਆਂ ਦੇ ਪ੍ਰਸੰਗ ਵਿੱਚ ਸਮਝਿਆ ਜਾ ਸਕਦਾ ਹੈ।

ਆਜ਼ਾਦੀ ਤੋਂ ਬਾਅਦ ਦਾ ਪੰਜਾਬ ਆਸਾਂ, ਆਸ਼ਾਵਾਦ ਅਤੇ ਆਦਰਸ਼ਵਾਦ ਨਾਲ ਲਬਰੇਜ਼ ਸੀ। ਅੰਗਰੇਜ਼ਾਂ ਦੀ ਕੂਟਨੀਤੀ ਤੇ ਦੇਸੀ ਸਿਆਸਤਦਾਨਾਂ ਦੀ ਸ਼ਹਿ ਨਾਲ ਪੰਜਾਬੀ ਕੌਮ ਦੀ ਹੋਈ ਗੈਰ-ਕੁਦਰਤੀ ਭੂਗੋਲਿਕ ਵੰਡ ਅਤੇ ਦੰਗਿਆਂ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਝੰਬਿਆ। ਸਿਆਸਤ ਤੇ ਪ੍ਰਸ਼ਾਸਨ ਭਾਵੇਂ ਅੰਸ਼ਕ ਰੂਪ ਵਿੱਚ ਕਲਿਆਣਕਾਰੀ ਸਨ। ਲੋਕਾਂ ਦੀ ਵੱਡੀ ਗਿਣਤੀ, ਹੱਡਭੰਨਵੀਂ ਕਿਰਤ ਰਾਹੀਂ ਹੱਕ-ਹਲਾਲ ਦੀ ਕਮਾਈ ਕਰਦੀ ਸੀ। ਪੰਜਾਬ ਦੀ ਧਰਤੀ, ਦਰਿਆ ਅਤੇ ਫ਼ਿਜ਼ਾ ਪ੍ਰਦੂਸ਼ਣ ਰਹਿਤ ਸੀ। ਨਸ਼ਿਆਂ ਦੀ ਵਰਤੋਂ ਨਾਮਾਤਰ ਸੀ। ਪੰਜਾਬ ਨੇ ਜ਼ਰਖੇਜ਼ ਭੋਇੰ ਅਤੇ ਮਿਹਨਤੀ ਸੁਭਾਅ ਸਦਕਾ ਦੁਨੀਆਂ ਤੇ ਭਾਰਤ ਦੇ ਦੂਜੇ ਸੂਬਿਆਂ ਵਾਂਗ ਭੁੱਖਮਰੀ ਜਿਹੇ ਸੰਤਾਪ ਕਦੇ ਹੰਢਾਏ ਹੀ ਨਹੀਂ। ਸੰਕਰਾਮਕ ਤੇ ਛੂਤ ਦੇ ਰੋਗ ਜ਼ਰੂਰ ਸਨ ਪਰ ਇਨ੍ਹਾਂ ਨੇ ਮਹਾਮਾਰੀਆਂ ਜਿਹੇ ਭਿਆਨਕ ਰੂਪ ਕਦੇ ਵੀ ਅਖਤਿਆਰ ਨਹੀਂ ਕੀਤੇ ਸਨ। ਪੰਜਾਬੀ ਲੋਕਾਂ ਦੀ ਸਿਹਤ ਦਾ ਇਹ ਸੁਨਹਿਰੀ ਸਮਾਂ ਸੀ। ਇਸ ਸਮੇਂ ਭਾਵ 1947-1965 ਤਕ ਜੇ ਪੰਜਾਬ ਦੀ ਸਮਾਜਿਕ ਜ਼ਿੰਦਗੀ ਦੀ ਗੱਲ ਕਰਨੀ ਹੋਵੇ ਤਾਂ ਇਸ ਵਿੱਚ ਜਗੀਰੂ ਸੱਭਿਆਚਾਰ ਹੀ ਭਾਰੂ ਰਿਹਾ। ਪੰਜਾਬੀ ਸਮਾਜ ਵਿੱਚ ਜਾਤ-ਪਾਤ, ਔਰਤ ਦੇ ਰੁਤਬੇ ਅਤੇ ਵਹਿਮਾਂ-ਭਰਮਾਂ ਦੇ ਮਾਮਲੇ ਵਿੱਚ ਤਬਦੀਲੀ ਨਹੀਂ ਆਈ। ਸਿੱਖ ਧਰਮ ਦੇ ਮਾਨਵਵਾਦੀ ਨਜ਼ਰੀਏ ਨੂੰ ਪੰਜਾਬੀ ਲੋਕਾਂ ਨੇ ਕਰਮਕਾਂਡੀ ਧਾਰਮਿਕ ਅਭਿਆਸ ਵਿੱਚ ਦਫ਼ਨ ਕਰ ਦਿੱਤਾ। ਵੱਡੇ ਸਮਾਜਿਕ ਇਨਕਲਾਬ ਦਾ ਸੰਦ ਬਣਨ ਦੀ ਸਮਰੱਥਾ ਰੱਖਣ, ਸਿਧਾਂਤਕ ਗਤੀਸ਼ੀਲਤਾ ਅਤੇ ਤਬਦੀਲੀਆਂ ਦੇ ਅਲੰਬਰਦਾਰ, ਇੱਕ ਮਹਾਨ ਫਲਸਫੇ ਨੂੰ ਮਹਿਜ਼ ਰੂਹਾਨੀਅਤ ਅਤੇ ਸ਼ਖ਼ਸੀ ਮੁਕਤੀ ਤਕ ਸੀਮਤ ਕਰ ਕੇ ਇਸ ਦੇ ਸਮਾਜਿਕ-ਇਨਕਲਾਬੀ ਪਾਸੇ ਨੂੰ ਛੁਟਿਆ ਕੇ ਸੀਮਤ ਕਰ ਦਿੱਤਾ ਗਿਆ। ਇਸ ਫਲਸਫੇ ਅੰਦਰ ਸਮੋਈ ਜਾਤ-ਪਾਤ, ਫ਼ਿਰਕਾਪ੍ਰਸਤੀ, ਧਾਰਮਿਕ ਕੱਟੜਤਾ ਤੇ ਅੰਧ-ਵਿਸ਼ਵਾਸਾਂ ਖ਼ਿਲਾਫ਼ ਲੜਨ ਅਤੇ ਸਰਬਸਾਂਝੀਵਾਲਤਾ 'ਤੇ ਅਧਾਰਿਤ ਇੱਕ ਨਿਆਂਪੂਰਨ ਸਮਾਜ ਸਿਰਜਣ ਲਈ ਲੋਕਾਂ ਨੂੰ ਜਾਗ੍ਰਿਤ ਤੇ ਸੰਗਠਿਤ ਕਰਨ ਦੀ ਬੇਥਾਹ ਸਮਰੱਥਾ ਨੂੰ ਭਰਪੂਰ ਵਰਤੋਂ ਵਿੱਚ ਲਿਆਉਂਦੇ ਹੋਏ ਪੰਜਾਬੀ ਸਮਾਜ ਅੰਦਰ ਆਧੁਨਿਕਤਾ ਦੀ ਜੋ ਜੋਤ ਜਗਣੀ ਚਾਹੀਦੀ ਸੀ ਅਤੇ ਜੋ ਦੇਸ਼ ਦੁਨੀਆਂ ਲਈ ਰਾਹ ਦਸੇਰਾ ਅਤੇ ਚਾਨਣ ਮੁਨਾਰਾ ਬਣ ਸਕਦੀ ਸੀ, ਇਸ ਇਤਿਹਾਸਕ ਕਾਰਜ ਵਿੱਚ ਪੰਜਾਬ ਦੀ ਸਮਾਜਿਕ-ਧਾਰਮਿਕ ਲੀਡਰਸ਼ਿਪ ਬੁਰੀ ਤਰ੍ਹਾਂ ਨਾਕਾਮ ਰਹੀ।

ਇਸ ਸਾਰੇ ਸਮੇਂ ਦੌਰਾਨ ਪੰਜਾਬੀ ਲੋਕਾਂ ਦੀ ਸਮਾਜਿਕ ਸਿਹਤ ਜਗੀਰੂ ਸੱਭਿਆਚਾਰ 'ਚ ਗ੍ਰਸੇ ਹੋਣ ਅਤੇ ਆਧੁਨਿਕਤਾ ਤੋਂ ਵਾਂਝੇ ਰਹਿਣ ਦੇ ਬਾਵਜੂਦ ਇਨੀ ਮਾੜੀ ਨਹੀਂ ਸੀ। ਇਸ ਨੂੰ ਵਿਗਾੜਨ ਦੀ ਕੁਝ ਕੋਸ਼ਿਸ਼ਾਂ ਜ਼ਰੂਰ ਹੋਈਆਂ। ਇਨ੍ਹਾਂ ਪਿਛੇ ਜਿੱਥੇ ਇੱਕ ਪਾਸੇ ਕੇਂਦਰੀ ਸੱਤਾ ਦੀਆਂ ਚਾਲਾਂ ਅਤੇ ਖ਼ੁਦਗਰਜ਼ੀ ਸ਼ਾਮਲ ਸੀ ਉੱਥੇ ਦੂਜੇ ਪਾਸੇ, ਸੂਬੇ ਵਿੱਚ ਇੱਕ ਨਵੀਂ ਉਭਰ ਰਹੀ ਹਾਕਮ ਜਮਾਤ ਦੀ ਨੁਮਾਇੰਦਗੀ ਕਰਦੀ ਇੱਕ ਅਹਿਮ ਸਿਆਸੀ ਪਾਰਟੀ ਵੱਲੋਂ ਬੁਨਿਆਦੀ ਰੂਪ ਵਿੱਚ ਸੱਤਾ ਤੇ ਸਿਆਸਤ ਵਿੱਚ ਵਧੇਰੇ ਭਾਈਵਾਲੀ ਤੇ ਹਿੱਸਾ ਹਾਸਲ ਕਰਨ ਲਈ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਚਲਾਇਆ ਜਾ ਰਿਹਾ ਅੰਦੋਲਨ ਸੀ। ਇਸ ਪਿੱਛੇ ਪੰਜਾਬ ਦੀ ਆਰਥਿਕਤਾ, ਪੰਜਾਬੀ ਸਮਾਜ, ਪੰਜਾਬੀ ਭਾਸ਼ਾ ਤੇ ਸੱਭਿਆਚਾਰ ਲਈ ਕੋਈ ਵੱਖਰਾ ਲੋਕ ਪੱਖੀ ਵਿਕਲਪ ਨਾ ਹੋ ਕੇ ਮਹਿਜ ਸੱਤਾ 'ਤੇ ਨਿਰੰਤਰ ਬਣੇ ਰਹਿਣ ਦੀ ਲਾਲਸਾ ਸੀ ਜੋ ਪਿਛਲੇ 40-45 ਸਾਲ ਦੇ ਇਨ੍ਹਾਂ ਦੇ ਵਿਹਾਰ ਨੇ ਸਿੱਧ ਕਰ ਵਿਖਾਇਆ ਹੈ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਵਿੱਚ ਸਿਆਸੀ-ਸਮਾਜਿਕ ਹਲਚਲ ਤਾਂ ਬਹੁਤ ਹੋਈ ਅਤੇ ਕੁਝ ਅਖ਼ਬਾਰਾਂ ਨੇ ਭੜਕਾਊ ਲੇਖਾਂ ਰਾਹੀਂ ਪੰਜਾਬ ਦੀ ਭਾਈਚਾਰਕ ਸਾਂਝ ਤੇ ਪੰਜਾਬ ਦੀ ਸਮਾਜਿਕ ਸਿਹਤ ਵਿਗਾੜਨ ਦੀ ਵਾਹ ਤਾਂ ਪੂਰੀ ਲਈ ਪਰ ਹਿੰਦੂਆਂ, ਸਿੱਖਾਂ ਦੇ ਸਮਾਵੇਸ਼ੀ ਸੱਭਿਆਚਾਰ ਨੇ ਇਨ੍ਹਾਂ ਲੀਡਰਾਂ ਦੀਆਂ ਚਾਲਾਂ ਨੂੰ ਕਾਮਯਾਬ ਨਾ ਹੋਣ ਦਿੱਤਾ।

ਇਸ ਸਮੇਂ ਦੌਰਾਨ ਜਿੱਥੋਂ ਤਕ ਲੋਕਾਂ ਦੀ ਮਾਨਸਿਕ ਸਿਹਤ ਦਾ ਸੁਆਲ ਹੈ, ਇਹ ਕਾਫ਼ੀ ਸਥਿਰ ਸੀ। ਜ਼ਿੰਦਗੀ ਦੀ ਤੋਰ ਟਿਕਾਊ ਅਤੇ ਸਹਿਜ ਸੀ। ਅਧਿਆਪਨ ਤੇ ਡਾਕਟਰੀ ਵਰਗੇ ਕਿੱਤਿਆਂ ਦੀ ਸੁੱਚਤਾ ਕਾਇਮ ਸੀ। ਲੋਕਾਂ ਵਿੱਚ ਚੰਗੇਰੀ ਜ਼ਿੰਦਗੀ ਲਈ ਤਾਂਘ ਜ਼ਰੂਰ ਸੀ ਪਰ ਅੱਜ ਵਰਗਾ ਹਲਕਾਅ ਨਹੀਂ ਸੀ। ਹੱਥੀਂ ਕਿਰਤ ਇਸ ਸਮੇਂ ਦੇ ਸਦਾਚਾਰ ਦਾ ਸੋਮਾ ਵੀ ਸੀ ਅਤੇ ਸਾਊ ਅਤੇ ਨਿਰਛਲ ਸੁਭਾਅ ਦੀ ਬੁਨਿਆਦ ਵੀ। 1966-1991 ਦੇ ਢਾਈ ਦਹਾਕੇ, ਭਾਰਤੀ ਹਾਕਮਾਂ ਵੱਲੋਂ ਕਲਿਆਣਕਾਰੀ ਰਾਜ ਦਾ ਮਖੌਟਾ ਲਾਹੁਣ ਅਤੇ ਯੋਜਨਾਬੱਧ ਪਲਾਨਿੰਗ ਰਾਹੀਂ ਸਮੂਹਿਕ ਵਿਕਾਸ ਕਰਨ ਦੇ ਕੌਮੀ ਏਜੰਡੇ ਨੂੰ ਹੌਲੀ-ਹੌਲੀ ਤਿਆਗਣ ਦਾ ਤਜਰਬਾ ਕਰਨ ਦੇ ਸਾਲ ਸਨ। ਪਬਲਿਕ ਸੈਕਟਰ ਦੀ ਅਹਿਮੀਅਤ ਨੂੰ ਘਟਾਇਆ ਜਾਣ ਲੱਗਾ।1947 ਦਾ ਥੁੜ੍ਹ-ਪੂੰਜੀਆ ਪ੍ਰਾਈਵੇਟ ਸੈਕਟਰ ਜੋ ਹੁਣ ਤਕ ਆਪਣੇ ਵਿਕਾਸ ਲਈ ਲੋਕਾਂ ਦੀਆਂ ਬਚਤਾਂ ਨਾਲ ਉਸਰੀ, ਵੱਡ-ਆਕਾਰੀ ਸਰਕਾਰੀ ਸਨਅਤ 'ਤੇ ਨਿਰਭਰ ਸੀ, ਆਪਣੇ ਖੰਭ ਖਿਲਾਰਨ ਦੇ ਨਾਲ ਸਰਕਾਰੀ ਨੀਤੀਆਂ 'ਤੇ ਅਸਰ ਅੰਦਾਜ਼ ਹੋਣ ਲੱਗਾ। ਇਹ ਸਮਾਂ ਹਾਕਮਾਂ ਦੀ ਲੋਕ ਦੁਖੜਿਆਂ ਪ੍ਰਤੀ ਵੱਧ ਰਹੀ ਬੇਰੁਖ਼ੀ ਤੇ ਉਦਾਸੀਨਤਾ ਅਤੇ ਸਿਹਤ ਤੇ ਵਿੱਦਿਆ ਵਰਗੇ ਬੁਨਿਆਦੀ ਮੁੱਦਿਆਂ ਤੋਂ ਹੌਲੀ-ਹੌਲੀ ਹੱਥ ਖਿੱਚਣ ਅਤੇ ਲੋਕਾਂ ਨੂੰ ਆਪਣੇ ਹਾਲੋ-ਕਰਮ 'ਤੇ ਛੱਡਣ ਦਾ ਤਜਰਬਾ ਕਾਲ ਹੈ। ਹਾਕਮਾਂ, ਅਫ਼ਸਰਾਂ, ਧਨਾਢਾਂ ਤੇ ਮੱਧ ਵਰਗ ਦੇ ਭ੍ਰਿਸ਼ਟ ਹਿੱਸਿਆਂ ਅਤੇ ਆਮ ਲੋਕਾਂ ਲਈ ਦੋਹਰੀ ਸਿਹਤ ਵਿਵਸਥਾ, ਦੋਹਰੀ ਸਿੱਖਿਆ ਵਿਵਸਥਾ ਅਤੇ ਆਵਾਜਾਈ ਦੇ ਸਾਧਨਾਂ ਵਰਗੀਆਂ ਅਨੇਕ ਹੋਰ ਦੋਹਰੀਆਂ ਵਿਵਸਥਾਵਾਂ ਇਨ੍ਹਾਂ ਸਾਲਾਂ ਦੌਰਾਨ ਪ੍ਰਫੁੱਲਤ ਹੋਈਆਂ। ਆਮ ਲੋਕ ਆਜ਼ਾਦੀ, ਬਰਾਬਰੀ, ਜਮਹੂਰੀਅਤ, ਵਿਕਾਸ ਅਤੇ ਖ਼ੁਸ਼ਹਾਲੀ ਦੇ ਨਾਂ 'ਤੇ ਠੱਗੇ ਹੋਏ ਮਹਿਸੂਸ ਕਰ ਰਹੇ ਸਨ ਤੇ ਉਨ੍ਹਾਂ ਦੀ ਨਿਰਾਸ਼ਾ, ਗੁੱਸਾ ਤੇ ਰੋਹ ਜਾਇਜ਼ ਸੀ। ਇਹ ਸਾਲ ਟੁੱਟਦੇ ਸੁਪਨਿਆਂ ਦੇ ਸਾਲ ਵੀ ਸਨ ਤੇ ਵਿਸ਼ਾਲ ਜਨਤਕ ਵਿਦਰੋਹਾਂ ਦੇ ਵੀ। ਸਿਆਸਤ ਦਾ ਅਪਰਾਧੀਕਰਨ ਅਤੇ ਅਪਰਾਧ ਦਾ ਸਿਆਸੀਕਰਨ ਵੀ ਮੁੱਖ ਰੂਪ ਵਿੱਚ ਇਸੇ ਸਮੇਂ ਦੌਰਾਨ ਦੀ ਹੀ ਪੈਦਾਇਸ਼ ਹੈ। ਹਾਕਮਾਂ ਨੇ ਲੋਕ ਰੋਹ ਤੋਂ ਡਰਦਿਆਂ ਜਿੱਥੇ ਇੱਕ ਪਾਸੇ ਹੋਰ ਵੱਧ ਜਾਬਰ ਤੇ ਕਾਲੇ ਕਾਨੂੰਨ ਘੜਨ ਅਤੇ ਐਮਰਜੈਂਸੀ ਵਰਗੇ ਕਦਮ ਚੁੱਕਣ ਦਾ ਰਾਹ ਅਖਤਿਆਰ ਕੀਤਾ ਉੱਥੇ ਸਿਆਸਤ ਵਿੱਚ ਪੈਸਾ, ਬਾਹੂਬਲ ਅਤੇ ਮਾਫੀਆ ਨੂੰ ਉਤਸ਼ਾਹਿਤ ਕਰਨ ਦੇ ਨਾਲ ਇਲਾਕਾਈ, ਜਾਤਪਾਤੀ ਤੇ ਫ਼ਿਰਕੂ ਸਿਆਸਤ ਦੇ ਪੱਤੇ ਵੀ ਖੁੱਲ੍ਹ ਕੇ ਖੇਡਣੇ ਸ਼ੁਰੂ ਕੀਤੇ। ਪੰਜਾਬ ਵਿੱਚ ਅਤਿਵਾਦ, ਦਿੱਲੀ ਵਿੱਚ ਸਿੱਖਾਂ ਦਾ ਕਤਲੇਆਮ ਅਤੇ ਵਿਵਾਦਗ੍ਰਸਤ ਬਾਬਰੀ ਢਾਂਚੇ ਨੂੰ ਢਾਹੁਣ ਦੀ ਬੁਨਿਆਦ ਇਨ੍ਹਾਂ ਸਾਲਾਂ ਵਿੱਚ ਹੀ ਰੱਖੀ ਗਈ। 70ਵਿਆਂ ਦੇ ਅਖੀਰਲੇ ਸਾਲਾਂ ਤੋਂ ਲੈ ਕੇ 90ਵਿਆਂ ਦੇ ਅੱਧ ਤਕ ਪੰਜਾਬੀ ਲੋਕਾਂ ਦੀ ਸਮਾਜਿਕ ਤੇ ਮਾਨਸਿਕ ਸਿਹਤ ਦਾ ਘਾਣ ਹੋਇਆ।

ਸੱਠਵਿਆਂ ਦੇ ਅਖ਼ੀਰਲੇ ਸਾਲਾਂ ਵਿੱਚ ਪੰਜਾਬ ਵਿੱਚ ਹਰੇ ਇਨਕਲਾਬ ਦਾ ਆਗਾਜ਼ ਹੋਇਆ। ਖੇਤੀ ਸੈਕਟਰ ਦੇ ਮਸ਼ੀਨੀਕਰਨ, ਸੁਧਰੇ ਬੀਜਾਂ, ਰਸਾਇਣਿਕ ਖਾਦਾਂ, ਨਦੀਨ ਨਾਸ਼ਕ ਦਵਾਈਆਂ ਅਤੇ ਬਿਹਤਰ ਸਿੰਚਾਈ, ਮੰਡੀਕਰਨ ਤੇ ਬੈਂਕਿੰਗ ਸਹੂਲਤਾਂ ਨੇ ਛੇਤੀ ਹੀ ਮੁਲਕ ਨੂੰ ਅਨਾਜ ਦੀ ਪੈਦਾਵਾਰ ਦੇ ਮਾਮਲੇ ਵਿੱਚ ਆਤਮ-ਨਿਰਭਰ ਬਣਾ ਦਿੱਤਾ। ਖੇਤੀ ਖਿੱਤੇ ਦੀ ਇਸ ਇਤਿਹਾਸਕ ਕਾਇਆ ਪਲਟ ਨੇ ਜਿੱਥੇ ਪੰਜਾਬ ਦੇ ਪਿੰਡਾਂ, ਮੰਡੀਆਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਖ਼ੁਸ਼ਹਾਲੀ ਦਾ ਇੱਕ ਨਵਾਂ ਦੌਰ ਲੈ ਆਉਂਦਾ ਉੱਥੇ ਬਾਅਦ ਵਿੱਚ ਥੋੜ੍ਹ ਚਿਰੇ ਸਾਬਤ ਹੋਏ ਇਸ ਦੌਰ ਨੇ ਪੰਜਾਬੀ ਲੋਕਾਂ ਦੀ ਜੀਵਨ-ਸ਼ੈਲੀ ਅਤੇ ਸਿਹਤ ਵਿੱਚ ਕਈ ਗੰਭੀਰ ਵਿਗਾੜ ਪੈਦਾ ਕੀਤੇ। ਵਿਆਪਕ ਮਸ਼ੀਨੀਕਰਨ ਨੇ ਵਿਹਲ ਪੈਦਾ ਕਰ ਦਿੱਤੀ। ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਪੇਂਡੂ ਮਜ਼ਦੂਰਾਂ ਤੇ ਗ਼ਰੀਬ ਕਿਸਾਨੀ ਨੂੰ ਛੱਡ ਕੇ, ਕਿਸਾਨੀ ਦਾ ਵੱਡਾ ਹਿੱਸਾ ਸਰੀਰਕ ਕੰਮ ਨੂੰ ਮੁਕੰਮਲ ਤਿਲਾਂਜਲੀ ਦੇਣ ਦੀ ਹੱਦ ਤਕ ਚਲਾ ਗਿਆ।

ਬੀਤੇ ਸਾਲਾਂ ਦੌਰਾਨ ਮੁਲਾਜ਼ਮਤ ਰਾਹੀਂ ਮੱਧ ਵਰਗ ਵਿੱਚ ਸ਼ਾਮਲ ਹੋਈ ਲੋਕਾਈ ਦੇ ਇੱਕ ਹੋਰ ਗਿਣਨਯੋਗ ਹਿੱਸੇ ਨੇ ਵੀ ਅਜਿਹੀ ਜ਼ਿੰਦਗੀ ਅਪਣਾ ਲਈ। ਸਿੱਟੇ ਵਜੋਂ ਪੰਜਾਬੀ ਵਸੋਂ ਦਾ ਚੋਖਾ ਹਿੱਸਾ ਅੱਜ ਮੋਟਾਪਾ, ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਦਿਲ ਦੇ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੇ ਜਿੱਥੇ 50-60 ਸਾਲ ਪਹਿਲਾਂ ਸਮੁੱਚੇ ਯੂਰਪ, ਅਮਰੀਕਾ, ਜਪਾਨ ਤੇ ਹੋਰ ਵਿਕਸਿਤ ਮੁਲਕਾਂ ਨੂੰ ਆਪਣੀ ਗ੍ਰਿਫ਼ਤ 'ਚ ਲਿਆ ਸੀ, ਉਹ ਹੁਣ ਸਮੁੱਚੇ ਪੰਜਾਬ ਦੀ ਹਕੀਕਤ ਬਣ ਚੁੱਕੀਆਂ ਹਨ। ਵਿਕਸਤ ਮੁਲਕਾਂ 'ਚ ਸਰਕਾਰੀ ਦਖ਼ਲਅੰਦਾਜ਼ੀ, ਗੈਰ-ਸਰਕਾਰੀ ਸੰਗਠਨਾਂ ਅਤੇ ਪ੍ਰਚਾਰ ਸਾਧਨਾਂ ਦੇ ਸਾਂਝੇ ਉੱਦਮਾਂ ਨਾਲ ਇਨ੍ਹਾਂ ਬੀਮਾਰੀਆਂ ਨੂੰ ਮੋੜ ਪੈ ਚੁੱਕਾ ਹੈ ਪਰ ਪੰਜਾਬ ਵਿੱਚ ਅਜਿਹਾ ਕੋਈ ਉੱਦਮ ਨਹੀਂ ਆਉਂਦਾ।

ਪੰਜਾਬ ਦੀ ਧਰਤੀ, ਜਲ ਸਰੋਤਾਂ ਤੇ ਵਾਤਾਵਰਨ ਦੇ ਪ੍ਰਦੂਸ਼ਿਤ ਹੋਣ ਅਤੇ ਸਾਰੇ ਪੰਜਾਬ ਤੇ ਖ਼ਾਸ ਕਰਕੇ ਮਾਲਵੇ ਦੀ ਨਰਮਾ ਪੱਟੀ ਵਿੱਚ ਕੈਂਸਰ, ਹੱਡੀਆਂ-ਜੋੜਾਂ ਅਤੇ ਚਮੜੀ ਰੋਗਾਂ ਵਿੱਚ ਹੋਏ ਅਣਕਿਆਸੇ ਵਾਧੇ ਕਾਰਨ ਹਰੇ ਇਨਕਲਾਬ ਦੇ ਵਿਕਾਸ ਮਾਡਲ ਵਿੱਚ ਹਨ। ਮੰਡੀ ਆਰਥਿਕਤਾ ਅਤੇ ਖਪਤਕਾਰੀ ਸੱਭਿਆਚਾਰ ਨੇ ਜ਼ਿੰਦਗੀ ਦੀ ਸਹਿਜ ਤੋਰ, ਕਦਰਾਂ-ਕੀਮਤਾਂ ਅਤੇ ਪਰਿਵਾਰਕ ਤੰਦਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਹਰ ਪੱਧਰ ਤੇ ਰਿਸ਼ਤਿਆਂ ਵਿੱਚ ਤਣਾਅ ਹੈ ਅਤੇ ਮਾਨਸਿਕ ਰੋਗਾਂ ਵਿੱਚ ਅਥਾਹ ਵਾਧਾ ਹੋ ਰਿਹਾ ਹੈ। ਸਾਦਗੀ, ਸਹਿਯੋਗ, ਸਹਿਣਸ਼ੀਲਤਾ, ਸੰਵੇਦਨਸ਼ੀਲਤਾ ਅਤੇ ਮਿਲਵਰਤਨ ਜਿਹੇ ਗੁਣ ਲੋਕਾਂ 'ਚੋਂ ਗਾਇਬ ਹੁੰਦੇ ਜਾਪ ਰਹੇ ਹਨ। ਇਸ ਦਾ ਹੀ ਸਿੱਟਾ ਹੈ ਕਿ ਆਰਥਿਕ ਤੰਗੀਆਂ-ਤੁਰਸ਼ੀਆਂ ਦੀ ਮਾਰ ਹੇਠ ਆਈ ਅਤੇ ਮਾੜੀ ਸਰੀਰਕ, ਸਮਾਜਿਕ ਤੇ ਮਾਨਸਿਕ ਸਿਹਤ ਹੰਢਾਉਂਦੀ, ਪੰਜਾਬੀ ਕੌਮ ਦਾ ਤਿੰਨ-ਚੌਥਾਈ ਦੇ ਕਰੀਬ ਹਿੱਸਾ ਅੱਜ ਸ਼ਰਾਬ, ਭੁੱਕੀ, ਅਫ਼ੀਮ, ਨਸ਼ੇ ਜਾਂ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦਾ ਹੈ। ਜ਼ਾਹਰ ਹੈ ਕਿ ਨਿੱਜੀ ਜ਼ਿੰਦਗੀ, ਪਰਿਵਾਰ, ਸਰਕਾਰ ਤੇ ਸਮਾਜ, ਉਹ ਹਰ ਪਾਸਿਓਂ ਅਸੰਤੁਸ਼ਟ ਹੈ। ਉਸ ਦੀ ਜੰਮਣ-ਭੋਇੰ ਉਸ ਨੂੰ ਸੰਭਾਲ ਨਹੀਂ ਰਹੀ। ਇਹੋ ਕਾਰਨ ਹੈ ਕਿ ਉਹ ਜੱਦੀ ਜ਼ਮੀਨ ਤੇ ਜਾਨ ਦੀ ਬਾਜ਼ੀ ਲਾ ਕੇ ਘਰੋਂ ਹਜ਼ਾਰਾਂ ਮੀਲ ਦੂਰ, ਯੱਖ ਠੰਢੇ ਸਮੁੰਦਰਾਂ 'ਚ ਡੁੱਬ ਕੇ ਵੀ, ਵਿਦੇਸ਼ ਦੀਆਂ ਹਰੀਆਂ ਚਰਾਗਾਹਾਂ 'ਚ ਜਾਣ ਲਈ ਉਤਾਵਲਾ ਹੈ। 1991-2013 ਦਾ ਕਾਲ ਖੰਡ ਸਤਹੀ ਤੌਰ 'ਤੇ ਦੇਖਣ ਨੂੰ ਆਰਥਿਕਤਾ ਅਤੇ ਸਿਆਸਤ ਦੇ ਖੇਤਰ ਵਿੱਚ ਪਿਛਲੇ ਸਮਿਆਂ ਦਾ ਵਧਾਰਾ ਮਾਤਰ ਹੀ ਲੱਗਦਾ ਹੈ ਪਰ 1991 ਵਿੱਚ ਅਪਣਾਈ ਨਵੀਂ ਆਰਥਿਕ ਨੀਤੀ ਤਹਿਤ ਖੁੱਲ੍ਹੀ ਮੰਡੀ ਆਰਥਿਕਤਾ, ਢਾਂਚਾਗਤ ਸੁਧਾਰ, ਵਿਆਪਕ ਨਿੱਜੀਕਰਨ ਅਤੇ ਸੰਸਾਰੀਕਰਨ ਦੇ ਤੇਜ਼ ਹੋ ਰਹੇ ਅਮਲ ਕਾਰਨ ਭਾਰਤ ਦਾ ਕੌਮਾਂਤਰੀ ਵਿੱਤੀ ਸਰਮਾਏ ਨਾਲ ਪੂਰੀ ਤਰ੍ਹਾਂ ਧਿਰ ਨਰੜ ਹੋਣ ਨਾਲ ਇੱਕ ਅਤਿ ਵਿਸ਼ਮਤਾ ਭਰੇ ਨਵੇਂ ਭਾਰਤ ਦਾ ਨਿਰਮਾਣ ਹੋ ਰਿਹਾ ਹੈ। ਪਿਛਲੇ ਕਾਲ ਖੰਡ ਦੌਰਾਨ ਇੰਡੀਆ ਅਤੇ ਭਾਰਤ ਵਿਚਕਾਰ ਰੱਖੀ ਗਈ ਨੀਂਹ 'ਤੇ ਕੰਧ ਦੀ ਉਸਾਰੀ

ਜ਼ੋਰਾਂ-ਸ਼ੋਰਾਂ ਨਾਲ ਚਾਲੂ ਹੈ। ਬੇਰੁਜ਼ਗਾਰੀ, ਘਟ ਰਹੀਆਂ ਉਜਰਤਾਂ, ਮਹਿੰਗਾਈ ਅਤੇ ਖੇਤੀ ਦੇ ਘਾਟੇਵੰਦ ਕਿੱਤਾ ਹੋਣ ਕਾਰਨ ਪੇਂਡੂ ਖੇਤਰਾਂ ਚੋਂ ਹੋ ਰਹੀ ਨਿਕਾਸੀ ਨੂੰ ਸਨਅਤੀ ਖੇਤਰ ਵੱਲੋਂ ਜਜ਼ਬ ਕਰਨ ਦੀ ਅਸਮਰੱਥਾ ਕਾਰਨ ਦੇਸ਼ ਦੇ ਵੱਡੇ ਹਿੱਸੇ ਵਿੱਚ ਭੁੱਖਮਰੀ ਤੇ ਕੁਪੋਸ਼ਣ ਵਰਗੀ ਹਾਲਤ ਪੈਦਾ ਹੋ ਰਹੀ ਹੈ। ਗਰੀਬਾਂ ਤੇ ਮੱਧ ਵਰਗ ਦੀ ਨਿਮਨ ਵਲੋਂ ਦਾ ਵੱਡਾ ਹਿੱਸਾ ਘੱਟ ਖ਼ੁਰਾਕ ਤੇ ਜੀਵਨ ਲਈ ਜ਼ਰੂਰੀ ਦੂਜੇ ਪੌਸ਼ਟਿਕ ਤੱਤਾਂ ਦੀ ਲਗਾਤਾਰ ਘਟ ਰਹੀ ਉਪਲਬਧਤਾ ਕਾਰਨ ਬੀਮਾਰੀਆਂ ਦੀ ਗ੍ਰਿਫ਼ਤ ਵਿੱਚ ਜਕੜਿਆ ਜਾ ਰਿਹਾ ਹੈ। ਦੇਸ਼ ਇੱਕ ਗੰਭੀਰ ਆਰਥਿਕ, ਸਿਆਸੀ ਅਤੇ ਸਮਾਜਿਕ ਉਥਲ-ਪੁਥਲ 'ਚੋਂ ਲੰਘ ਰਿਹਾ ਹੈ। ਸੂਚਨਾ ਤਕਨੀਕੀ ਵਿੱਚ ਆਏ ਇਨਕਲਾਬ ਦੇ ਪ੍ਰਭਾਵ ਕਾਰਨ ਸਮਾਜਿਕ ਰਿਸ਼ਤਿਆਂ ਤੇ ਖ਼ਾਸ ਕਰਕੇ ਨਵੀਂ ਪੀੜ੍ਹੀ ਦੀ ਬਦਲ ਰਹੀ ਮਾਨਸਿਕਤਾ ਅਤੇ ਪੁਰਾਣੀ ਪੀੜ੍ਹੀ ਦੇ ਪਰੰਪਰਾਵਾਦੀ ਤੇ ਜਗੀਰੂ ਸੰਸਕਾਰਾਂ ਵਿੱਚ ਅਚਨਚੇਤੀ ਪੈਦਾ ਹੋਇਆ ਟਕਰਾਅ ਵੀ ਨਵੀਆਂ ਮੁਸ਼ਕਲਾਂ ਪੈਦਾ ਕਰ ਰਿਹਾ ਹੈ। ਨੌਜਵਾਨ ਪੀੜ੍ਹੀ ਦੇ ਵਿਚਾਰ-ਵਿਹਾਰ ਅੰਦਰ ਤੇਜ਼ੀ ਨਾਲ ਆ ਰਹੇ ਬਦਲਾਅ ਪ੍ਰਤੀ, ਪੰਜਾਬੀ ਸਮਾਜ ਦਾ ਵਤੀਰਾ ਤਾਲਿਬਾਨੀ ਮਾਰਕਾ ਖਾਪ ਪੰਚਾਇਤਾਂ ਵਰਗਾ ਤਾਂ ਨਹੀਂ ਪਰ ਇਸ ਨੂੰ ਜਮਹੂਰੀ ਤੇ ਸਮੇਂ ਦੇ ਹਾਣ ਦਾ ਵੀ ਨਹੀਂ ਕਿਹਾ ਜਾ ਸਕਦਾ। ਤੇਜ਼ੀ ਨਾਲ ਬਦਲ ਰਹੇ ਇਸ ਹਿੰਦੁਸਤਾਨ/ਪੰਜਾਬ ਅੰਦਰ ਆਮ ਲੋਕਾਂ ਦੀ ਸਰੀਰਕ, ਸਮਾਜਿਕ ਤੇ ਮਾਨਸਿਕ ਸਿਹਤ ਦਾ ਜੋ ਹਸ਼ਰ ਹੋ ਰਿਹਾ ਹੈ ਜਾਂ ਹੋਣ ਵਾਲਾ ਹੈ, ਬਾਰੇ ਸੋਚ ਕੇ ਦਿਲ ਦਹਿਲ ਜਾਂਦਾ ਹੈ। ਪੰਜਾਬ ਦੀ ਸਿਹਤ ਦਾ ਇਹ ਹਸ਼ਰ ਆਰਥਿਕ, ਸਿਆਸੀ ਤੇ ਸਮਾਜਿਕ ਸੰਰਚਨਾਵਾਂ ਦੀ ਤਰਤੀਬਵਾਰ ਇਤਿਹਾਸਕ ਤਬਦੀਲੀ ਕਾਰਨ ਹੋਇਆ ਹੈ ਅਤੇ ਇਸ ਦਾ ਹੱਲ ਵੀ ਇੱਕ ਹੋਰ ਇਤਿਹਾਸਕ ਕਾਇਆ ਪਲਟ, ਜਿਸ ਦੀ ਹੋਣੀ ਦੇਸ਼ ਹਿੰਦੁਸਤਾਨ ਤੇ ਸ਼ਾਇਦ ਦੁਨੀਆਂ ਨਾਲ ਜੁੜੀ ਹੋਈ ਹੈ, ਰਾਹੀਂ ਹੀ ਸੰਭਵ ਹੋਣਾ ਹੈ।

ਪੰਜਾਬ ਦੀ ਸਿਹਤ ਦੇ ਮਸਲੇ ਨੂੰ ਮਹਿਜ਼ ਖਾਣ-ਪਾਣ ਜਾਂ ਜੀਵਨ ਸ਼ੈਲੀ ਬਦਲਣ ਤਕ ਸੀਮਤ ਕਰਨਾ ਇੱਕ ਬਹੁਤ ਹੀ ਸੰਕੀਰਣ, ਸਤਹੀ ਤੇ ਖ਼ੁਦਗਰਜ਼ ਨਜ਼ਰੀਆ ਹੈ। ਸਿਹਤ ਮਸਲੇ ਦੇ ਆਰਥਿਕ, ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਪਹਿਲੂਆਂ ਨੂੰ ਕੇਂਦਰ ਬਿੰਦੂ ਬਣਾਏ ਬਗੈਰ ਇੱਕ ਸਿਹਤਮੰਦ ਪੰਜਾਬ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਕਿਸੇ ਵੀ ਮਸਲੇ ਬਾਰੇ ਕਿਸੇ ਵੀ ਸਮਾਂ ਵਿਸ਼ੇਸ਼ ਅੰਦਰ ਨਿਭਾਈ ਗਈ ਸਾਡੀ ਭੂਮਿਕਾ ਦਾ ਮੁਲਾਂਕਣ ਸਾਡੀਆਂ ਡਿਗਰੀਆਂ, ਰੁਤਬਿਆਂ, ਕੁਰਸੀਆਂ ਜਾਂ ਪਦਵੀਆਂ ਕਾਰਨ ਨਹੀਂ ਬਲਕਿ ਸਮੇਂ ਦੇ ਵਿਸ਼ਾਲ ਚਿਤਰਪਟ 'ਤੇ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਅੰਦਰ ਸੱਚ ਲੱਭਣ, ਨਸ਼ਰ ਕਰਨ ਅਤੇ ਸਥਾਪਤ ਕਰਨ ਦੇ ਉਪਰਾਲਿਆਂ ਰਾਹੀਂ ਇਸ ਧਰਤੀ ਨੂੰ ਜਿਉਣ-ਜੋਗੀ ਬਣਾਉਣ ਵਿੱਚ ਨਿਭਾਏ ਗਏ ਸਾਡੇ ਯੋਗਦਾਨ ਕਰਕੇ ਹੁੰਦਾ ਹੈ। ਸਾਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅੱਜ ਦਾ ਪੰਜਾਬ, 19ਵੀਂ ਜਾਂ 20ਵੀਂ ਸਦੀ ਦਾ ਪੰਜਾਬ ਨਹੀਂ ਹੈ। ਪੰਜਾਬ, ਹਿੰਦੁਸਤਾਨੀ ਆਰਥਿਕਤਾ ਅਤੇ ਸਿਆਸਤ ਨਾਲ ਜੁੜ ਕੇ, ਕੌਮਾਂਤਰੀ ਵਿੱਤੀ ਪ੍ਰਬੰਧ, ਸਿਆਸਤ ਤੇ ਕੌਮਾਂਤਰੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣ ਚੁੱਕਿਆ ਹੈ। ਅਜੋਕੇ ਸਮੇਂ ਵਿੱਚ, ਸਿਹਤ ਸਮੇਤ ਪੰਜਾਬ ਦੇ ਸਾਰੇ ਮਸਲਿਆਂ ਦਾ ਹੱਲ, ਕੁੱਲ ਦੇਸ਼ਾਂ ਦੇ ਲੋਕਾਂ ਦੀ ਹੋਣੀ ਨਾਲ ਜੁੜਿਆ ਹੋਇਆ ਹੈ। ਪੰਜਾਬੀਆਂ ਦੇ ਵਿਲੱਖਣ ਵਿਰਸੇ, ਸੱਭਿਆਚਾਰ, ਭਾਸ਼ਾ, ਵਾਤਾਵਰਨ ਅਤੇ ਧਰਮ ਨੂੰ ਬਚਾਉਣ ਦੀਆਂ ਅਸੀਂ ਕਿੰਨੀਆਂ ਵੀ ਕੋਸ਼ਿਸ਼ਾਂ ਜੁਟਾ ਲਈਏ, ਸੰਸਾਰੀਕਰਨ ਦੇ ਇਸ ਯੁਗ ਵਿੱਚ, ਇਕੱਲਾ ਪੰਜਾਬ ਆਪਣੀਆਂ ਸਮੱਸਿਆਵਾਂ ਦੇ ਆਰਜ਼ੀ ਹੱਲ ਤਾਂ ਕੱਢ ਸਕਦਾ ਹੈ ਪਰ ਕਿਸੇ ਵੱਡੀ ਫ਼ੈਸਲਾਕੁੰਨ ਤਬਦੀਲੀ ਦਾ ਲਖਾਇਕ ਨਹੀਂ ਹੋ ਸਕਦਾ। ਜਿੰਨੀ ਜਲਦੀ ਅਤੇ ਸ਼ਿੱਦਤ ਨਾਲ ਅਸੀਂ ਇਸ ਹਕੀਕਤ ਨੂੰ ਸਮਝ ਲਵਾਂਗੇ ਉੱਨਾ ਹੀ ਅਸੀਂ ਕਿਸੇ ਹਕੀਕੀ ਤੇ ਸਦੀਵੀ ਹੱਲ ਵੱਲ ਕਦਮ ਪੁੱਟਣ ਦੇ ਯੋਗ ਹੁੰਦੇ ਜਾਵਾਂਗੇ।




ਸਮੱਸਿਆ ਦਰ ਸਮੱਸਿਆ

# ਸਮਾਜਿਕ ਸਮੱਸਿਆਵਾਂ ਦੇ ਹੱਲ ਦਾ ਵਿਲੱਖਣ ਢੰਗ

ਕਿਸੇ ਵੀ ਦੇਸ਼ ਦੀਆਂ ਆਤੰਕਵਾਦੀ ਗਤੀਵਿਧੀਆਂ 'ਚ ਹਿੱਸਾ ਲੈਣ ਵਾਲੇ ਦੀ ਕਨੇਡੀਅਨ ਨਾਗਰਿਕਤਾ ਰੱਦ ਕਰ ਦੇਣੀ ਚਾਹੀਦੀ ਹੈ, ਇੰਮੀਗਰੇਸ਼ਨ ਮੰਤਰੀ ਦਾ ਬਿਆਨ ਇੰਮੀਗਰੇਸ਼ਨ ਮੰਤਰੀ ਆਨਰੇਬਲ ਜੇਸ਼ਨ ਕੇਨੀ ਨੇ ਆਪਣੇ ਇੱਕ ਤਾਜਾ ਬਿਆਨ 'ਚ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆ ਕਿਹਾ ਕਿ ਜੋ ਲੋਕ ਕਨੇਡਾ ਆ ਕੇ ਦੌਹਰੀ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਕਿਸੇ ਵੀ ਦੇਸ ਜਾ ਕੇ ਦਹਿਸ਼ਤਗਰਦੀ ਦੀਆਂ ਘਟਨਾਵਾਂ 'ਚ ਹਿੱਸਾ ਲੈਂਦੇ ਹਨ, ਉਨ੍ਹਾਂ ਦੀ ਕਨੇਡੀਅਨ ਨਾਗਰਿਕਤਾ ਰੱਦ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦਹਿਸ਼ਤਵਾਦ ਦੀ ਪ੍ਰੀਭਾਸ਼ਾ ਤੇ ਵੀ ਵਿਚਾਰ ਕਰਕੇ ਇਸ ਵਿੱਚ ਹੋਰ ਸ਼ਪੱਸਟਤਾ ਲਿਆਉਣ ਦੀ ਲੋੜ ਹੈ। ਜੇਸਨ ਕੇਨੀ ਦਾ ਇਹ ਬਿਆਨ ਬੁਲਗਾਰੀਆ ਦੀ ਇੱਕ ਬੱਸ ਵਿੱਚ ਹੋਏ ਬੰਬ ਧਮਾਕੇ ਤੋਂ ਬਾਅਦ ਆਇਆ ਹੈ ਜਿਸ ਵਿੱਚ ਛੇ ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚ ਪੰਜ ਇਜ਼ਰਾਇਲੀ ਯਾਤਰੂ ਸਨ ਤੇ ਇਸ ਘਟਨਾਂ ਪਿੱਛੇ ਇੱਕ ਕਨੇਡੀਅਨ ਨਾਗਰਿਕ ਦਾ ਹੱਥ ਹੋਣ ਦੀ ਗੱਲ ਸਾਹਮਣੇ ਆਈ ਹੈ। ਇੰਮੀਗਰੇਸ਼ਨ ਮਨਿਸਟਰ ਨੇ ਆਪਣੇ ਬਿਆਨ 'ਚ ਇਹ ਵੀ ਕਿਹਾ ਕਿ ਹੋਰ ਬਹੁਤ ਸਾਰੇ ਪੱਛਮੀ ਮੁਲਕਾ ਕੋਲ ਇਹ ਕਾਨੂੰਨੀ ਤਾਕਤ ਹੈ ਕਿ ਉਹ ਕਿਸੇ ਵੀ ਉਸ ਵਿਅਕਤੀ ਦੀ ਨਾਗਰਿਕਤਾ ਰੱਦ ਕਰ ਸਕਦੇ ਹਨ ਜਿਸਨੇ ਦਹਿਸ਼ਤਗਰਦੀ ਦੀਆਂ ਗਤੀਵਿਧੀਆਂ 'ਚ ਹਿੱਸਾ ਲਿਆ ਹੋਵੇ। ਇਸ ਬਿਆਨ ਦੇ ਸਬੰਧ ਚ ਆਪਣੇ ਵਿਚਾਰ ਪੇਸ਼ ਕਰਦਿਆਂ ਮੀਡੀਏ ਨਾਲ ਸਬੰਧਤ ਰਣਬੀਰ ਸ਼ਾਰਦਾ ਨੇ ਕਿਹਾ ਕਿ ਉਹ ਤਾਂ ਹਮੇਸ਼ਾਂ ਤੋਂ ਹੀ ਡਿਊਲ ਸ਼ਿਟੀਜ਼ਨਸ਼ਿਪ ਦੇ ਵਿਰੋਧ 'ਚ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਦੌਹਰੀ ਨਾਗਰਿਕਤਾ ਲੈਣ ਵਾਲਾ ਵਿਅਕਤੀ ਕਿਸੇ ਇੱਕ ਦੇਸ਼ ਪ੍ਰਤੀ ਆਪਣੀ ਪੂਰੀ ਵਫ਼ਾ ਦਾ ਪ੍ਰਗਟਾਵਾ ਨਹੀਂ ਕਰ ਸਕਦਾ। ਦੋਹਰੀ ਨਾਗਰਿਕਤਾ ਨਾਲ ਅਤੰਕਵਾਦ ਵੱਧਣ ਦੇ ਅਸਾਰ ਵੀ ਵੱਧ ਜਾਂਦੇ ਹਨ। ਅੱਜ ਦੀ ਅਵਾਜ਼ ਦੇ ਹੋਸਟ ਸੁਖਦੇਵ ਸਿੰਘ ਨੇ ਮਨਿਸਟਰ ਦੇ ਇਸ ਬਿਆਨ ਤੇ ਸ਼ੰਕਾ ਜਾਹਿਰ ਕਰਦਿਆਂ ਕਿਹਾ ਕਿ ਇਹ ਬਿਆਨ ਅਮਰੀਕਾ ਦੇ ਪ੍ਰਭਾਵ ਥੱਲੇ ਦਿੱਤਾ ਗਿਆ ਬਿਆਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਦੋਹਰਾ ਮਾਪਦੰਡ ਅਪਣਾਉਂਦੇ ਹਨ, ਇਹ ਸੀਰੀਆ 'ਚ ਸੀਰੀਆ ਦੀ ਸਰਕਾਰ ਦੇ ਖਿਲਾਫ ਹਥਿਆਰ ਬੰਦ ਯੁੱਧ ਲੜ ਰਹੇ ਲੋਕਾਂ ਨੂੰ ਫਰੀਡਮ ਫਾਈਟਰ ਦੱਸ ਰਹੇ ਹਨ ਤੇ ਕਿਸੇ ਹੋਰ ਆਪਣੇ ਸਾਥੀ ਮੁਲਕ ਦੀ ਸਰਕਾਰ ਦੇ ਖਿਲਾਫ ਲੜਨ ਵਾਲੇ ਲੋਕਾਂ ਨੂੰ ਦਹਿਸ਼ਤਗਰਦ ਬਣਾ ਦਿੰਦੇ ਹਨ। ਉਹਨਾਂ ਇਹ ਵੀ ਕਿਹਾ ਕਿ ਕਿਸੇ ਵੀ ਦੇਸ਼ ਵਿੱਚ ਉਥੋਂ ਦੀ ਸਰਕਾਰ ਵਲੋਂ ਅਗਰ ਲੋਕਾਂ ਦੇ ਮਨੁੱਖੀ ਹੱਕਾ ਦਾ ਘਾਣ ਕੀਤਾ ਜਾ ਰਿਹਾ ਹੋਵੇ ਤਾਂ ਹਰ ਕਨੇਡੀਅਨ ਨੂੰ ਇਸ ਦਾ ਵਿਰੋਧ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਉੱਘੇ ਰੰਗ ਕਰਮੀ ਕ੍ਰਿਪਾਲ ਕਮਲ ਨੇ ਇਸ ਬਿਆਨ ਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਉਹ ਧਾਰਮਿਕ ਦਹਿਸ਼ਤਗਰਦੀ ਦੇ ਖਿਲਾਫ ਹਨ ਜਿਸ ਨਾਲ ਇੱਕ ਫਿਰਕੇ ਦੇ ਲੋਕ ਦੂਸਰੇ ਫਿਰਕੇ ਦੇ ਬੇਕਸੂਰ ਲੋਕਾਂ ਨੂੰ ਅੰਨੇਵਾਹ ਮਾਰ ਸੁੱਟਦੇ ਹਨ, ਅਗਰ ਇਹੋ ਜਿਹੇ ਅਤੰਕਵਾਦੀਆਂ ਦੇ ਖਿਲਾਫ ਕੋਈ ਵੀ ਸਖ਼ਤ ਕਾਨੂੰਨ ਬਣਦਾ ਹੈ ਤਾਂ ਉਹ ਉਸਦਾ ਵਿਰੋਧ ਨਹੀਂ ਕਰਨਗੇ, ਅਗਰ ਕਨੇਡੀਅਨ ਸਰਕਾਰ ਇਨ੍ਹਾਂ ਦਹਿਸ਼ਤਗਰਦਾ ਦੀ ਆੜ ਹੇਠ ਰੋਟੀ ਰੋਜ਼ੀ ਲਈ ਲੜ ਰਹੇ ਗਰੀਬ ਲੋਕਾਂ ਦੀ ਮਦਤ ਕਰਨ ਵਾਲਿਆਂ ਦੇ ਖਿਲਾਫ਼ ਇਹੋ ਜਿਹੇ ਕਾਨੂੰਨਾ ਨੂੰ ਵਰਤਦੀ ਹੈ ਤਾਂ ਇਹ ਸਰਾਸਰ ਜ਼ਿਆਦਤੀ ਹੋਵੇਗੀ। ਕੰਜ਼ਰਵੇਟਿਵ ਐਮ ਪੀ ਦਵਿੰਦਰ ਸ਼ੋਰੀ ਦੁਆਰਾ ਇਸ ਆਸ਼ੇ ਦਾ ਪ੍ਰਸਤਾਵ ਪਾਰਲੀਮੈਂਟ ਵਿਚ ਪੇਸ਼ ਕੀਤਾ ਗਿਆ ਹੈ।

STS Appliances Repair, Plumbing & Electrical Work

Plumbing & Electrical Work:
Faucets*Sinks*Toilets*Electrical Water Heaters
*Replace Switches*Installation of Ceiling Fans and Lights

Appliance Repair & Installation:
* Dishwasher*Fridge*Icemaker
*Gas & Electric Dryer



Contact STS Hassan:
647.290.2851

ਕੀ ਤੁਹਾਡੇ ਬਿਜ਼ਨਸ ਦਾ ਫੋਨ,ਐਡਰੈਸ ਤੇ ਹੋਰ ਜਾਣਕਾਰੀ ਤੁਹਾਡੇ clients ਤੇ customers ਦੇ ਹੱਥ ਵਿਚ ਹਰ ਵਕਤ ਰਹਿੰਦਾ ਹੈ?ਜੇ ਨਹੀਂ ਤਾਂ ਤੁਹਾਨੂੰ ਜ਼ਰੂਰਤ ਹੈ goluckygo .com ਦੀ ।ਅਸੀਂ ਤੁਹਾਡੇ ਬਿਜ਼ਨਸ ਵਾਰੇ ਮਿੰਟ ਮਿੰਟ ਦੀ ਜਾਣਕਾਰੀ ਦੁਨੀਆਂ ਦੇ ਕੋਨੇ ਕੋਨੇ ਵਿਚ ਭੇਜਦੇ ਹਾਂ ।ਹੋਰ ਤਾਂ ਹੋਰ ਤੁਹਾਡੀ ਅਣਥੱਕ ਮਿਹਨਤ ਦਾ ਸਦਕਾ ਕੈਨੇਡਾ/ਅਮਰੀਕਾ ਵਿਚ ਮਾਰੀਆਂ ਮੱਲਾਂ ਦੀ ਗਾਥਾ ਤੁਹਾਡੇ ਰਿਸ਼ਤੇਦਾਰਾਂ,ਦੋਸਤਾਂ ਤੇ ਤੁਹਾਡੇ ਚਹੇਤਿਆਂ ਦੇ ਹੱਥ ਹਰ ਪਿੰਡ,ਹਰ ਸ਼ਹਿਰ ਤੇ ਹਰ ਸਕੂਲ/ਕਾਲਜ ਵੀ ਪਹੁੰਚਾਉਂਦੇ ਹਾਂ ।......ਬੱਸ goluckygo .com ਤੇ logon ਕਰੋ ਤੇ ਹੋਰ ਜਾਣਕਾਰੀ ਲਈ,ਅਮਰੀਕ ਨੂੰ ਫੋਨ ਕਰੋ;1 -403 -903 -5710

go Lucky go

ਕਿਤਾਬ ਜੋ ਜਵਾਬ ਮੰਗਦੀ ਹੈ

# ਭਾਰਤੀ ਰਾਜ ਬਾਰੇ ਸਿਰਜੀਆਂ ਮਿੱਥਾਂ ਦਾ ਸਵਾਲ

**ਬੂਟਾ ਸਿੰਘ**

ਕੈਲੀਫੋਰਨੀਆ ਯੂਨੀਵਰਸਿਟੀ ਦੇ ਸਿੱਖਿਆ ਵਿਗਿਆਨੀ, ਪੈਰੀ ਐਂਡਰਸਨ, ਦੀ ਪਿੱਛੇ ਜਹੇ ਛਪੀ ਕਿਤਾਬ 'ਦੀ ਇੰਡੀਅਨ ਆਡੀਓਲੋਜੀ' (ਪ੍ਰਕਾਸ਼ਕ: ਥ੍ਰੀ ਐਸੇਜ਼ ਕੁਲੈਕਟਿਵ, 2012) 1947 ਦੀ ਰਸਮੀ ਆਜ਼ਾਦੀ ਨਾਲ ਹੋਂਦ 'ਚ ਆਏ ਭਾਰਤੀ ਰਾਜ ਦੀ ਬੁਨਿਆਦੀ ਵਿਚਾਰਧਾਰਾ, ਜਿਸ ਨੂੰ 'ਭਾਰਤ ਦਾ ਵਿਚਾਰ' ਕਿਹਾ ਜਾਂਦਾ ਹੈ, ਦਾ ਇਕ ਅਲੱਗ ਤਰ੍ਹਾਂ ਦਾ ਪੜਚੋਲੀਆ ਮੁਲੰਕਣ ਕਰਦੀ ਹੈ ਅਤੇ ਇਸ ਦੀਆਂ ਜੜ੍ਹਾਂ ਕਾਂਗਰਸ ਦੀ ਪ੍ਰਮੁੱਖ ਲੀਡਰਸ਼ਿਪ ਦੇ ਖ਼ਾਸ ਕੌਮਵਾਦੀ ਅਤੇ ਹਿੰਦੂਵਾਦੀ ਨਜ਼ਰੀਏ 'ਚ ਤਲਾਸ਼ਦੀ ਹੈ। ਇਸ ਲਿਖਤ ਦੀ ਖ਼ੂਬੀ ਇਹ ਹੈ ਕਿ ਇਸ ਵਿਚ ਭਾਰਤੀ ਰਾਜ ਦੇ ਦਾਅਵਿਆਂ ਅਤੇ ਵਾਸਤਵਿਕ ਹਕੀਕਤ ਦਰਮਿਆਨ ਡੂੰਘੇ ਪਾੜੇ ਨਾਲ ਸਬੰਧਤ ਕੁਝ ਮੁੱਖ ਸਵਾਲਾਂ ਨੂੰ ਮੁਖ਼ਾਤਿਬ ਹੁੰਦਿਆਂ ਚਰਚਾ ਕੀਤੀ ਗਈ ਹੈ ਜਿੰਨ੍ਹਾਂ ਬਾਰੇ ਰਾਜਨੀਤਕ ਚਿੰਤਕ ਸ਼ਾਇਦ ਹੀ ਕਦੇ ਚਰਚਾ ਕਰਦੇ ਹਨ। ਭਾਰਤ ਨੂੰ ਇਕਹਿਰੀ ਦ੍ਰਿਸ਼ਟੀ ਨਾਲ ਹਿੰਦੂ ਰਾਸ਼ਟਰ ਬਣਾਉਣ ਲਈ ਯਤਨਸ਼ੀਲ ਤਾਕਤਾਂ ਬਾਰੇ ਡੂੰਘੀ ਚਿੰਤਾ ਅਤੇ ਆਲੋਚਨਾ ਤਾਂ ਅਕਸਰ ਦੇਖਣ ਨੂੰ ਮਿਲਦੀ ਹੈ ਪਰ ਧਰਮ-ਨਿਰਪੇਖਤਾ, ਜਮਹੂਰੀਅਤ ਅਤੇ ਸੱਭਿਆਚਾਰਕ ਵੰਨ-ਸੁਵੰਨਤਾ 'ਚ ਵਿਲੱਖਣ ਏਕਤਾ ਦੇ ਦਾਅਵਿਆਂ ਅਤੇ ਖ਼ਾਸ ਕਰਕੇ ਇਹਨਾਂ ਪੱਖਾਂ ਤੋਂ ਭਾਰਤੀ ਰਾਜ ਦੀ ਅਮਲਦਾਰੀ ਦੀ ਬੇਬਾਕ ਆਲੋਚਨਾ ਕਿਤੇ ਵਿਰਲੀ ਹੀ ਨਜ਼ਰ ਆਉਂਦੀ ਹੈ। ਹੱਥਲੀ ਕਿਤਾਬ ਦਾ ਖ਼ਾਸ ਹਾਸਲ ਇਹ ਹੈ ਕਿ ਲੇਖਕ ਬਸਤੀਵਾਦੀ ਦੌਰ ਦੇ ਰਾਜਨੀਤਕ ਸੰਘਰਸ਼ ਦੇ ਇਤਿਹਾਸਕ ਪਿਛੋਕੜ 'ਚ ਇਹਨਾਂ ਸਵਾਲਾਂ ਨੂੰ ਉਠਾਉਂਦਾ ਹੋਇਆ ਰਾਜ ਦੇ ਮੌਜੂਦਾ ਸਰੂਪ ਨਾਲ ਇਹਨਾਂ ਦੀਆਂ ਕੜੀਆਂ ਜੋੜਦਾ ਹੈ। ਉਹ ਭਾਰਤੀ ਰਾਜ ਦੀ ਜ਼ਾਹਰਾ ਹਕੀਕਤ ਨੂੰ ਨਸ਼ਤਰੀ ਨਜ਼ਰ ਨਾਲ ਘੋਖਣ ਤੱਕ ਮਹਿਦੂਦ ਨਹੀਂ ਰਹਿੰਦਾ ਸਗੋਂ ਇਸ ਬਾਰੇ ਸਥਾਪਤ 'ਸਚਾਈਆਂ' ਉੱਪਰ ਸਵਾਲੀਆ ਚਿੰਨ੍ਹ ਲਾਉਂਦਾ ਹੋਇਆ ਇਹਨਾਂ ਨੂੰ ਰਾਜ ਵਲੋਂ ਆਪੇ ਦੀ ਤਾਰੀਫ਼ ਲਈ ਘੜੀਆਂ ਮਿੱਥਾਂ ਕਰਾਰ ਦਿੰਦਾ ਹੈ।

ਲੇਖਕ ਅਨੁਸਾਰ ਕਿਤਾਬ ਦਾ ਨਾਂ 'ਭਾਰਤੀ ਵਿਚਾਰਧਾਰਾ' ਰੱਖੇ ਜਾਣ ਪਿੱਛੇ ਉਸਦਾ ਮਕਸਦ ਉਸ ਪ੍ਰਚਲਤ ਆਮ ਧਾਰਨਾ ਨੂੰ ਚਰਚਾ ਦਾ ਕੇਂਦਰ ਬਣਾਉਣਾ ਹੈ ਜੋ ਭਾਰਤੀ ਰਾਜ ਦੀ ਜਮਹੂਰੀਅਤ ਦੀ ਸਥਿਰਤਾ, ਬਹੁ-ਸੱਭਿਆਚਾਰਾਂ ਦੀ ਏਕਤਾ ਅਤੇ ਪੱਖਪਾਤ ਰਹਿਤ ਧਰਮ-ਨਿਰਪੇਖਤਾ ਨੂੰ ਬਹੁਤ ਵਡਿਆਉਂਦੀ ਤੇ ਉਚਿਆਉਂਦੀ ਹੈ। ਜੋ ਭਾਰਤੀ ਰਾਜ, ਮੀਡੀਆ ਅਤੇ ਬੁੱਧੀਮਾਨ ਤਬਕੇ ਦਾ ਮੁੱਖਧਾਰਾਈ ਪ੍ਰਵਚਨ ਹੈ। ਲੇਖਕ ਦਾ ਮੰਨਣਾ ਹੈ ਕਿ "ਇਸ ਵਿਚਾਰਧਾਰਾ ਦੀ ਪ੍ਰਮੁੱਖ ਵਾਹਕ ਭਾਰਤੀ ਬੌਧਿਕ ਜੀਵਨ ਦੀ ਉਦਾਰਵਾਦੀ ਮੁੱਖਧਾਰਾ ਹੈ"। (ਸਫ਼ਾ 3)

ਕਿਤਾਬ ਦੇ ਪਹਿਲੇ ਹਿੱਸੇ 'ਆਜ਼ਾਦੀ' ਦਾ ਆਗਾਜ਼ ਜਵਾਹਰ ਲਾਲ ਨਹਿਰੂ ਦੀ ਮਸ਼ਹੂਰ ਕਿਤਾਬ 'ਭਾਰਤ ਦੀ ਖੋਜ' ਦੇ ਹਵਾਲੇ ਨਾਲ ਹੁੰਦਾ ਹੈ। ਜੋ ਇਸ ਉੱਪ-ਮਹਾਂਦੀਪ ਦੀ ਨਿਆਰੀ ਪ੍ਰਾਚੀਨਤਾ ਦਾ ਗੁਣਗਾਨ ਕਰਦੀ ਹੋਈ 'ਸੱਭਿਅਤਾ ਦੇ ਪਹੁਫੁਟਾਲੇ ਦੇ ਸਮਿਆਂ ਤੋਂ ਹੀ ਭਾਰਤ ਦੇ ਮਨ-ਮਸਤਕ ਉੱਪਰ ਏਕਤਾ ਦਾ ਖ਼ਵਾਬ ਉੱਕਰਿਆ ਹੋਣ' ਨੂੰ ਇਤਿਹਾਸਕ ਹਕੀਕਤ ਬਣਾਕੇ ਪੇਸ਼ ਕਰਦੀ ਹੈ। ਨਹਿਰੂ ਦੇ ਮੌਜੂਦਾ ਵਾਰਿਸ ਡਾ. ਮਨਮੋਹਨ ਸਿੰਘ ਦਾ ਵੀ ਇਹੀ ਦਾਅਵਾ ਹੈ ਕਿ ਭਾਰਤ ਦੇ ਆਜ਼ਾਦੀ ਦੇ




> "ਪੈਰੀ ਐਂਡਰਸਨ ਦੀਆਂ ਦਲੀਲਾਂ ਉਹਨਾਂ ਵਿਦਵਾਨਾਂ ਤੇ ਵਿਚਾਰਕਾਂ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਹਨ, ਜਿੰਨ੍ਹਾਂ ਨੇ ਭਾਰਤੀ ਗਣਰਾਜ ਬਾਰੇ ਸ਼ਰਧਾਮਈ, ਕੱਟੜ ਆਮ ਸਹਿਮਤੀ ਸਿਰਜ ਰੱਖੀ ਹੈ। ਸਾਡੇ ਸਮਾਜ ਦੀ ਅਕਹਿ ਹਿੰਸਾ ਅਤੇ ਘੋਰ ਅਨਿਆਂ ਨੂੰ ਬਿਆਨ ਕਰਨ ਦੀ ਥਾਂ, ਐਂਡਰਸਨ ਆਜ਼ਾਦੀ ਦੇ ਸਮੇਂ ਤੋਂ ਭਾਰਤੀ ਰਾਜ ਦੇ ਕਰਤਾ-ਧਰਤਾ ਲੋਕਾਂ ਦੇ ਗੰਭੀਰ ਢਾਂਚਾਗਤ ਵਿਗਾੜਾਂ ਅਤੇ ਡੂੰਘੇ ਸਮਾਜੀ ਤੁਅੱਸਬਾਂ ਵੱਲ ਇਸ਼ਾਰਾ ਕਰਦਾ ਹੈ। ਇਸ ਕਿਤਾਬ ਤੋਂ ਕੰਨੀ ਕਤਰਾਉਣ ਦੀ ਬਜਾਏ ਇਸ ਨੂੰ ਗੰਭੀਰਤਾ ਨਾਲ, ਸ਼ਾਂਤ ਚਿੱਤ ਹੋਕੇ ਅਤੇ ਖੁੱਲ੍ਹੇਮਨ ਨਾਲ ਪੜ੍ਹਨਾ ਜ਼ਰੂਰੀ ਹੈ।"
>
> -ਅਰੁੰਧਤੀ ਰਾਏ


ਪੈਰੀ ਐਂਡਰਸਨ

ਸੰਗਰਾਮ ਦਾ 'ਲਾਸਾਨੀ ਇਤਿਹਾਸ' ਰਿਹਾ ਹੈ ਜਿਸ ਵਿਚੋਂ ਭਾਰਤ ਦਾ ਸੰਵਿਧਾਨ ਬਣਿਆ ਜੋ 'ਸਮਾਜੀ ਜਮਹੂਰੀਅਤ ਦਾ ਸਭ ਤੋਂ ਦਲੇਰ ਬਿਆਨ' ਹੈ। ਇਹ ਕਿਤਾਬ ਰਾਜ ਕਰਦਾ ਜਮਾਤ ਦੇ ਨਾਲ-ਨਾਲ ਭਾਰਤੀ ਵਿਦਵਾਨਾਂ ਦੀ ਵੀ ਤਿੱਖੀ ਆਲੋਚਨਾ ਕਰਦੀ ਹੈ। ਲੇਖਕ ਦਾ ਮੰਨਣਾ ਹੈ ਕਿ ਪ੍ਰਤਾਪ ਭਾਨੂ ਮਹਿਤਾ, ਅੰਮ੍ਰਿਤਯ ਸੇਨ, ਮੇਘਨਾਦ ਦੇਸਾਈ, ਸੁਨੀਲ ਲਿਖਨਾਨੀ, ਰਾਮ ਚੰਦਰ ਗੁਹਾ ਵਰਗੇ ਚੋਟੀ ਦੇ ਭਾਰਤੀ ਵਿਦਵਾਨਾਂ ਦੇ ਅਧਿਐਨ ਇਤਿਹਾਸ ਨੂੰ ਸਮਝਣ ਲਈ ਜ਼ਰੂਰੀ ਗੰਭੀਰ ਰਚਨਾਵਾਂ ਹੁੰਦੇ ਹੋਏ ਵੀ ਨਹਿਰੂ ਤੋਂ ਲੈ ਕੇ ਮਨਮੋਹਣ ਸਿੰਘ ਦੇ ਭਾਰਤੀ ਰਾਜ ਬਾਰੇ ਸ਼ਬਦ-ਆਡੰਬਰ ਦੀ ਸੁਰ 'ਚ ਸੁਰ ਮਿਲਾਉਂਦੇ ਹਨ।

ਉਹਨਾਂ ਤੋਂ ਉਲਟ, ਐਂਡਰਸਨ ਜ਼ੋਰ ਦਿੰਦਾ ਹੈ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਸ ਖਿੱਤੇ ਦੇ ਇਤਿਹਾਸ ਵਿਚ ਜੋ ਤਿੰਨ ਵੱਡੀਆਂ ਸਲਤਨਤਾਂ - ਮੌਰੀਆ, ਗੁਪਤ ਅਤੇ ਮੁਗਲ - ਉੱਭਰੀਆਂ ਇਹਨਾਂ ਵਿਚੋਂ ਕੋਈ ਵੀ ਉਸ ਸਮੁੱਚੇ ਭੂਗੋਲਿਕ-ਰਾਜਸੀ ਖਿੱਤੇ ਨੂੰ ਆਪਣੇ ਕਲਾਵੇ ਵਿਚ ਨਹੀਂ ਸੀ ਲੈਂਦੀ ਜਿਸ ਨੂੰ ਅੰਗਰੇਜ਼ਾਂ ਨੇ 'ਤਲਵਾਰ ਦੇ ਜ਼ੋਰ' ਆਪਣੀ ਬਸਤੀ - ਇਕ ਸੰਯੁਕਤ ਰਾਜਨੀਤਕ - ਇਕਾਈ ਬਣਾਇਆ। ਜਿਸ 'ਭਾਰਤ ਦੇ ਵਿਚਾਰ' ਦੇ ਦਾਅਵੇ ਨਹਿਰੂ ਦੀ 'ਭਾਰਤ ਦੀ ਖੋਜ' ਵਿਚ ਕੀਤੇ ਗਏ ਉਹ ਤੱਤ ਪੱਖੋਂ ਇਕ ਯੂਰਪੀ ਵਿਚਾਰ ਸੀ ਨਾ ਕਿ ਭਾਰਤੀ। ਅੰਗਰੇਜ਼ਾਂ ਦੀ ਆਮਦ ਤੋਂ ਪਿੱਛੋਂ ਹੀ 'ਭਾਰਤ' ਇਕ ਪ੍ਰਸ਼ਾਸਕੀ ਤੇ ਵਿਚਾਰਧਾਰਾਤਮਕ ਹਕੀਕਤ ਬਣਿਆ ਸੀ।

ਕਿਤਾਬ ਦਾ ਵਿਸ਼ਾ ਵਸਤੂ ਭਾਰਤ ਵਿਚ ਖ਼ਾਸ ਤਰ੍ਹਾਂ ਦੇ ਭਾਰੂ ਵਿਚਾਰਾਂ, ਅਤੇ ਇਹਨਾਂ ਨੂੰ ਜਨਮ ਦੇਣ ਵਾਲੇ ਹਾਲਾਤ ਅਤੇ ਘਟਨਾਵਾਂ ਦੇ ਜਮ੍ਹਾ-ਜੋੜ ਦਾ ਵਿਸ਼ਲੇਸ਼ਣ ਹੈ। ਲੇਖਕ ਇਹਨਾਂ ਨੁਕਤਿਆਂ ਰਾਹੀਂ ਭਾਰਤੀ ਵਿਚਾਰਧਾਰਾ ਦੇ ਨਕਸ਼ ਉਭਾਰਦਾ : ਪਹਿਲਾ, ਆਜ਼ਾਦੀ ਸੰਘਰਸ਼ ਦੀ ਕੇਂਦਰੀ ਸ਼ਖ਼ਸੀਅਤ ਵਜੋਂ ਮਹਾਤਮਾ ਗਾਂਧੀ ਦੇ ਵਿਸ਼ਵਾਸ ਅਤੇ ਸਰਗਰਮੀਆਂ। ਦੂਜਾ, 1945 ਤੋਂ ਪਿੱਛੋਂ 'ਹਿੰਦੋਸਤਾਨ' ਦੀ ਵੰਡ ਦੇ ਮਹਾਂਨਾਸ਼ ਦਰਮਿਆਨ ਅੰਗਰੇਜ਼ੀ ਰਾਜ ਵਲੋਂ ਕਾਂਗਰਸ ਦੇ ਹੱਥ ਸੱਤਾ ਦਾ ਤਬਾਦਲਾ। ਤੀਜਾ, ਆਖ਼ਰੀ ਨਹਿਰੂ ਦੀ ਅਗਵਾਈ ਹੇਠ ਉੱਭਰਿਆ ਭਾਰਤ ਰਾਜ ਦਾ ਢਾਂਚਾ ਜੋ ਅੱਜ ਦੇ ਸਮਿਆਂ ਦੀ ਭਾਰਤੀ ਵਿਚਾਰਧਾਰਾ ਦਾ ਅਹਿਮ ਕੇਂਦਰ ਬਣਿਆ। ਲੇਖਕ ਅਨੁਸਾਰ ਇਸ ਕਿਤਾਬ ਵਿਚ ਮੁੱਖ ਤੌਰ 'ਤੇ ਪੰਜ ਦਲੀਲਾਂ ਹਨ ਜੋ ਅਜੋਕੇ ਭਾਰਤ ਦੀ ਰਵਾਇਤੀ ਸਮਝਦਾਰੀ ਨਾਲ ਟਕਰਾਉਂਦੀਆਂ ਹਨ। ਪਹਿਲੀ, ਇਹ ਦਾਅਵਾ ਨਿਰੋਲ ਮਿੱਥ ਹੈ ਕਿ ਉੱਪ-ਮਹਾਂਦੀਪ ਦੀ ਏਕਤਾ ਦਾ ਵਿਚਾਰ ਛੇ ਹਜ਼ਾਰ ਵਰ੍ਹੇ ਪੁਰਾਣਾ ਹੈ। ਦੂਜੀ, ਗਾਂਧੀ ਵਲੋਂ ਕੌਮੀ ਲਹਿਰ ਵਿਚ ਧਰਮ ਦਾ ਪ੍ਰਵੇਸ਼ ਓੜਕ ਇਸ ਲਈ ਤਬਾਹੀ ਸਿੱਧ ਹੋਇਆ। ਤੀਜਾ, ਮੁਲਕ ਦੀ ਵੰਡ ਲਈ ਪ੍ਰਮੁੱਖ ਜ਼ਿੰਮੇਵਾਰ ਕਾਂਗਰਸ ਹੈ ਨਾ ਕਿ ਅੰਗਰੇਜ਼ੀ ਰਾਜ; ਅੰਗਰੇਜ਼ੀ ਰਾਜ ਤੇ ਮੁਸਲਿਮ ਲੀਗ ਇਸ ਲਈ ਦੋਮ ਜ਼ਿੰਮੇਵਾਰ ਹਨ। ਚੌਥੀ, ਭਾਰਤੀ ਰਾਜ ਲਈ ਨਹਿਰੂ ਦੀ ਵਿਰਾਸਤ ਉਸ ਤੋਂ ਕਿਤੇ ਵੱਧ ਸੰਦੇਹਪੂਰਨ ਹੈ ਜਿੰਨੇ ਉਸ ਦੇ ਪ੍ਰਸ਼ੰਸਕ ਮੰਨਦੇ ਹਨ। ਪੰਜਵੀਂ, ਭਾਰਤ ਦੀ ਸੰਸਦੀ ਜਮਹੂਰੀਅਤ ਜਾਤਪਾਤੀ ਨਾਬਰਾਬਰੀ ਨੂੰ ਖਾਰਜ ਨਹੀਂ ਕਰਦੀ ਸਗੋਂ ਇਹ ਇਸ ਨੂੰ ਸੰਭਵ ਬਣਾਉਂਦੀ ਹੈ।

ਲੇਖਕ ਅਨੁਸਾਰ ਨਹਿਰੂ ਦਾ ਵਿਅਕਤੀਗਤ ਤੌਰ 'ਤੇ 'ਧਰਮ ਨਿਰਪੇਖ' ਹੋਣਾ ਕੋਈ ਮਾਅਨੇ ਨਹੀਂ ਰੱਖਦਾ ਕਿਉਂਕਿ ਜਿਸ ਕਾਂਗਰਸ ਪਾਰਟੀ ਦੀ ਉਹ ਅਗਵਾਈ ਕਰਦਾ ਸੀ ਉਸ ਦਾ ਵਤੀਰਾ ਹਮੇਸ਼ਾ ਹਿੰਦੂ ਰਿਹਾ। ਨਹਿਰੂ ਪਾਰਟੀ ਦੀਆਂ ਭਾਵਨਾਵਾਂ ਨਾਲ ਸਮਝੌਤਾ ਕਰਦੇ ਚਲਦਾ ਰਿਹਾ। ਮਸਲਨ, ਉਹ ਪੂਨਾ ਸਮਝੌਤੇ ਸਮੇਂ ਗਾਂਧੀ ਵਲੋਂ ਡਾ. ਅੰਬੇਡਕਰ ਨੂੰ ਦਲਿਤਾਂ ਲਈ ਵੱਖਰੇ ਚੋਣ ਹਲਕਿਆਂ ਦੀ ਮੰਗ ਵਾਪਸ ਲੈਣ ਲਈ ਬਲੈਕਮੇਲ ਕੀਤੇ ਜਾਣ ਸਮੇਂ ਖ਼ਾਮੋਸ਼ ਰਿਹਾ। ਫਿਰ 1950ਵਿਆਂ ਦੇ ਸ਼ੁਰੂ 'ਚ ਉਸ ਨੇ ਕਾਂਗਰਸ ਦੀ ਨਰਾਜ਼ਗੀ ਮੁੱਲ ਲੈਣ ਵਾਲੇ ਡਾ. ਅੰਬੇਡਕਰ ਨੂੰ ਪਾਸੇ ਕਰ ਦੇਣ 'ਚ ਕੋਈ ਝਿਜਕ ਨਹੀਂ ਦਿਖਾਈ। ਨਹਿਰੂ ਨੂੰ ਸਹੀ ਰੂਪ 'ਚ ਸਮਝਣ ਲਈ ਉਸ ਦੇ ਵਿਚਾਰਾਂ ਦੇ ਨਾਲ-ਨਾਲ ਉਸ ਦੇ ਅਮਲੀ ਵਿਹਾਰ ਨੂੰ ਵੀ ਧਿਆਨ 'ਚ ਰੱਖਣਾ ਹੋਵੇਗਾ। ਇਸ ਸਬੰਧ 'ਚ ਲੇਖਕ 1947 'ਚ ਸਾਂਝੇ ਬੰਗਾਲ ਦੇ ਸਵਾਲ 'ਤੇ ਨਹਿਰੂ ਵਲੋਂ ਮੁਖਰਜੀ ਅਤੇ ਮਹਾਂ ਸਭਾ ਨਾਲ ਮਿਲਕੇ ਹਿੰਦੂ ਹੰਕਾਰਵਾਦ ਭੜਕਾਏ ਜਾਣ ਦੀ ਮਿਸਾਲ ਦਿੰਦਾ ਹੈ। ਲੇਖਕ ਦੀ ਸਮਝ ਹੈ ਕਿ ਨਹਿਰੂ ਦੇ ਉਲਟ ਸੁਭਾਸ ਚੰਦਰ ਬੋਸ ਨੇ ਕਾਂਗਰਸ ਪਾਰਟੀ 'ਚ ਹੋਣ ਸਮੇਂ ਹਿੰਦੂ-ਮੁਸਲਿਮ ਏਕਤਾ ਉਸਾਰਨ ਦੀ ਦਿਸ਼ਾ 'ਚ ਵਿਲੱਖਣ ਪਹਿਲਕਦਮੀ ਕੀਤੀ ਸੀ। ਜਦਕਿ ਗਾਂਧੀ ਨੇ ਕਾਂਗਰਸ ਨੂੰ ਲੱਖਾਂ ਰੁਪਏ ਫੰਡ ਦੇਣ ਵਾਲੇ ਮਾਰਵਾੜੀ ਕਾਰੋਬਾਰੀ ਜੀ ਐਮ ਬਿਰਲਾ ਦੀ ਸਲਾਹ 'ਤੇ ਦੋ ਮੁੱਖ ਫਿਰਕਿਆਂ ਦੀ ਇਸ ਏਕਤਾ ਦੀ ਉਸਾਰੀ 'ਚ ਅੜਿੱਕਾ ਡਾਹਿਆ ਸੀ।

ਲੇਖਕ ਅਨੁਸਾਰ ਪਬਲਿਕ ਸੈਕਟਰ ਦੀ ਉਸਾਰੀ ਦਾ ਵਰਤਾਰਾ ਉੱਤਰ-ਬਸਤੀਵਾਦੀ ਰਾਜਾਂ ਦੀ ਆਮ ਵਿਸ਼ੇਸ਼ਤਾ ਹੈ ਤੇ ਇਸ ਨੂੰ ਨਹਿਰੂ ਦੀ ਖ਼ਾਸ ਵਿਲੱਖਣ ਪ੍ਰਾਪਤੀ ਨਹੀਂ ਸਮਝਿਆ ਜਾ ਸਕਦਾ। ਨਹਿਰੂ ਦਾ ਪਬਲਿਕ ਸੈਕਟਰ ਨਿੱਜੀ ਸਰਮਾਏ ਜਾਂ ਵੱਡੇ ਸਰਮਾਏਦਾਰੀ ਲਈ ਕੋਈ ਚੁਣੌਤੀ ਨਹੀਂ ਸੀ, ਉਹਨਾਂ ਨੇ ਤਾਂ ਸਗੋਂ ਇਸ ਦਾ ਪੁਰਜ਼ੋਰ ਸਵਾਗਤ ਕੀਤਾ ਸੀ।

ਲੇਖਕ ਕਹਿੰਦਾ ਹੈ ਕਿ ਭਾਵੇਂ ਨਹਿਰੂ ਉਦਾਰ ਜਮਹੂਰੀਅਤ ਦਾ ਹਮਾਇਤੀ ਹੋਣ ਦਾ ਦਾਅਵਾ ਕਰਦਾ ਸੀ ਪਰ ਉਸ ਦੀ ਰਾਜਨੀਤਕ ਵਿਰਾਸਤ ਦੇ ਦੋ ਨਾਂਹਪੱਖੀ ਪਹਿਲੂ ਇਸ ਦਾਅਵੇ ਤੋਂ ਪੂਰੀ ਤਰ੍ਹਾਂ ਉਲਟ ਵਿਹਾਰ ਨੂੰ ਦਰਸਾਉਂਦੇ ਹਨ: ਨਹਿਰੂ ਹਕੂਮਤ ਵਲੋਂ ਕਸ਼ਮੀਰ ਉੱਪਰ ਕਬਜ਼ੇ ਬਾਰੇ ਈਮਾਨਦਾਰੀ ਨਾਲ ਸੰਵਾਦ ਦੀਆਂ ਸੰਭਾਵਨਾਵਾਂ ਖ਼ਤਮ ਕਰ ਦਿੱਤੇ ਜਾਣ ਨਾਲ ਮੁਲਕ ਦੀ ਬੌਧਿਕ ਜ਼ਿੰਦਗੀ ਹਮੇਸ਼ਾ ਲਈ ਡੰਗੀ ਗਈ। ਲੇਖਕ ਇਸ ਤੱਥ ਵੱਲ ਧਿਆਨ ਦਿਵਾਉਂਦਾ ਹੈ ਕਿ ਭਾਵੇਂ ਉਸ ਸਮੇਂ ਬਣੇ ਹਾਲਾਤ 'ਚ ਕਸ਼ਮੀਰ ਦੇ ਰਾਜਾ ਹਰੀ ਸਿੰਘ ਸਾਹਮਣੇ ਭਾਰਤ ਨਾਲ ਇਲਹਾਕ ਦੇ ਇਕਰਾਰਨਾਮੇ ਉੱਪਰ ਦਸਖ਼ਤ ਕਰਨ ਤੋਂ ਬਿਨਾ ਹੋਰ ਕੋਈ ਬਦਲ ਨਹੀਂ ਸੀ ਪਰ ਨਹਿਰੂ ਵਜ਼ਾਰਤ ਵਲੋਂ ਉਸ ਦੇ ਦਸਖ਼ਤਾਂ ਦੀ ਉਡੀਕ ਕੀਤੇ ਬਗ਼ੈਰ ਹੀ ਫਟਾਫਟ ਉਸ ਦੇ ਨਾਂ 'ਤੇ ਫਰਜ਼ੀ ਦਸਤਾਵੇਜ਼ ਕਸ਼ਮੀਰ ਦੇ ਭਾਰਤ ਨਾਲ ਇਲਹਾਕ ਦਾ ਸਬੂਤ ਬਣਾਕੇ ਪੇਸ਼ ਕਰ ਦਿੱਤਾ ਗਿਆ। ਇਹੀ ਉਹ ਫਰਜ਼ੀ ਦਸਤਾਵੇਜ਼ ਹੈ ਜਿਸ ਦੇ ਅਧਾਰ 'ਤੇ ਭਾਰਤੀ ਰਾਜ ਕਸ਼ਮੀਰ ਉੱਪਰ ਆਪਣੇ ਕਬਜ਼ੇ ਨੂੰ ਛੇ ਦਹਾਕਿਆਂ ਤੋਂ ਜਾਇਜ਼ ਠਹਿਰਾਉਂਦਾ ਆ ਰਿਹਾ ਹੈ। ਜਦਕਿ ਕਸ਼ਮੀਰੀ ਅਵਾਮ ਨਾਲ ਵਾਅਦਾ ਕਰਕੇ ਵੀ ਕਦੇ ਰਾਏ-ਸ਼ੁਮਾਰੀ ਨਹੀਂ ਕਰਾਈ ਗਈ। ਦੂਜਾ, ਉਸ ਨੇ ਆਪਣੇ ਖ਼ਾਨਦਾਨ ਲਈ ਸੱਤਾਧਾਰੀ ਬਨਣ ਦਾ ਰਾਜਨੀਤਕ ਮਾਹੌਲ ਸਿਰਜਿਆ ਜੋ ਕਿਵੇਂ ਵੀ ਜਮਹੂਰੀਅਤ ਦੀ ਭਾਵਨਾ ਦੀ ਤਰਜ਼ਮਾਨੀ ਨਹੀਂ ਕਰਦਾ।

ਲੇਖਕ ਕਹਿੰਦਾ ਹੈ ਕਿ ਬੌਧਿਕ ਕਾਬਲੀਅਤ ਪੱਖੋਂ ਡਾ. ਅੰਬੇਡਕਰ ਨਹਿਰੂ ਅਤੇ ਕਾਂਗਰਸ ਦੇ ਸਾਰੇ ਆਗੂਆਂ ਤੋਂ ਬਹੁਤ ਅੱਗੇ ਸੀ। ਡਾ. ਅੰਬੇਡਕਰ ਦੀ ਸਮਾਜ ਨੂੰ ਸਮਝਣ ਦੀ ਰਚਨਾਤਮਕ ਸਮਰੱਥਾ ਦੇ ਉਲਟ ਨਹਿਰੂ ਰਸਮੀ ਵਿਦਵਾਨਤਾ ਦੀ ਘਾਟ, ਰੋਮਾਂਟਿਕ ਮਿੱਥਾਂ ਪ੍ਰਤੀ ਲਗਾਓ, ਸਮਾਜ ਵਿਗਿਆਨਕ ਨਜ਼ਰੀਏ ਦੀ ਘਾਟ ਅਤੇ ਖ਼ੁਦ ਨੂੰ ਧੋਖਾ ਦੇਣ ਦੀ ਸਮਰੱਥਾ ਦਾ ਮੁਜੱਸਮਾ ਸੀ।

ਕਿਤਾਬ ਦਾ ਤੀਜਾ ਹਿੱਸਾ 'ਗਣਰਾਜ' ਭਾਰਤੀ ਰਾਜ ਦੀ ਸਿਰਜਣ

ਪ੍ਰਕਿਰਿਆ ਤੇ ਵਿਕਾਸ ਦੇ ਸਫ਼ਰ ਦੀ ਚਰਚਾ ਕਰਦਾ ਹੈ। ਐਂਡਰਸਨ ਲਿਖਦਾ ਹੈ ਕਿ ਭਾਰਤੀ ਗਣਰਾਜ ਦੀ ਤਾਮੀਰ ਜਿਸ ਹਾਲਾਤ ਉੱਪਰ ਹੋਈ ਹੈ ਉਸ ਨੂੰ ਸਮਝਣਾ ਜ਼ਰੂਰੀ ਹੈ। ਅੰਗਰੇਜ਼ ਰਾਜ ਨੂੰ ਉਲਟਾਏ ਬਗ਼ੈਰ ਸੱਤਾ ਕਾਂਗਰਸ ਨੂੰ ਸੌਂਪੀ ਗਈ। ਰਾਜ ਦੀ ਵਿਰਾਸਤ ਵਿਚ ਨਾ ਸਿਰਫ਼ ਬਸਤੀਵਾਦੀ ਤੰਤਰ ਤੇ ਫ਼ੌਜ ਨੂੰ ਬਰਕਰਾਰ ਰੱਖਿਆ ਗਿਆ ਸਗੋਂ ਪ੍ਰਸ਼ਾਸਨ ਤੇ ਦਮਨ ਦੇ ਤੰਤਰ ਦੇ ਨਾਲ ਨਾਲ ਕਾਂਗਰਸ ਨੇ ਨੁਮਾਇੰਦਗੀ ਦੀ ਬਸਤੀਵਾਦੀ ਵਿਰਾਸਤ ਨੂੰ ਵੀ ਅੱਗੇ ਵਧਾਇਆ। ਸੰਵਿਧਾਨ ਸਭਾ ਅੰਗਰੇਜ਼ਾਂ ਦੀ ਬਣਾਈ ਹੋਈ ਖ਼ਾਸ ਨੁਮਾਇੰਦਗੀ ਅਧਾਰਤ ਇਕਾਈ ਸੀ ਜਿਸ ਵਿਚ ਬਰਤਾਨੀਆ ਦੀ ਉਸ ਸਮੇਂ ਦੀ 'ਪਰਜਾ' ਦੇ ਸੱਤਾਂ ਵਿਚੋਂ ਸਿਰਫ਼ ਇਕ ਬੰਦੇ ਨੂੰ ਵੋਟ ਦਾ ਹੱਕ ਹਾਸਲ ਸੀ। 'ਇਸ ਤਰ੍ਹਾਂ ਜਿਸ ਅਦਾਰੇ ਵਿਚੋਂ ਭਾਰਤੀ ਜਮਹੂਰੀਅਤ ਨੇ ਜਨਮ ਲਿਆ ਇਹ ਉਸ ਅਦਾਰੇ ਦਾ ਇਜ਼ਹਾਰ ਨਹੀਂ ਸੀ ਸਗੋਂ ਥੋਪੀਆਂ ਬਸਤੀਵਾਦੀ ਬੰਦਸ਼ਾਂ ਦਾ ਪ੍ਰਤੀਕ ਸੀ। (ਸਫ਼ਾ 106) ਭਾਰਤੀ ਸੰਵਿਧਾਨ ਦੀਆਂ 395 ਵਿਚੋਂ 250 ਧਾਰਾਵਾਂ ਸਿੱਧੀਆਂ 1935 ਦੇ (ਬਾਲਡਵਿਨ ਕੈਬਨਿਟ ਦੇ ਬਣਾਏ) ਭਾਰਤ ਸਰਕਾਰ ਐਕਟ ਵਿਚੋਂ ਅੱਖਰ-ਅੱਖਰ ਲਈਆਂ ਗਈਆਂ ਸਨ। ਵਿਦਵਾਨ ਸੁਨੀਲ ਖਿਲਨਾਨੀ ਅਨੁਸਾਰ ਸਮਾਜੀ ਸੰਰਚਨਾ ਦੇ ਮਾਮਲੇ 'ਚ ਸੰਵਿਧਾਨ ਸਭਾ ਇਕ ਬਹੁਤ ਹੀ ਸੰਕੀਰਣ ਇਕਾਈ ਸੀ ਜਿਸ ਉੱਪਰ ਕਾਂਗਰਸ ਦੇ ਉੱਚ ਤੇ ਬ੍ਰਾਹਮਣਵਾਦੀ ਕੁਲੀਨ ਵਰਗ ਦਾ ਦਬਦਬਾ ਸੀ। ਇਸ ਵਲੋਂ ਬਣਾਇਆ ਸੰਵਿਧਾਨ ਆਮ ਜ਼ਿੰਦਗੀ ਨੂੰ ਸੰਗਠਿਤ ਕਰਨ ਵਾਲਾ ਨਹੀਂ ਸਗੋਂ ਕਿਸੇ ਕਲੱਬ ਹਾਊਸ ਦੇ ਨੇਮਾਂ ਦੀ ਤਰਜ਼ 'ਤੇ ਬਣਾਇਆ ਗਿਆ ਸੀ। ਭਾਰਤੀ ਜਮਹੂਰੀਅਤ ਦੇ ਚੋਣ ਵਿਗਾੜਾਂ ਦੀ ਚਰਚਾ ਕਰਦਿਆਂ ਲੇਖਕ ਕਹਿੰਦਾ ਹੈ ਕਿ ਇੱਥੇ ਅਨੁਪਾਤ ਅਨੁਸਾਰ ਨੁਮਾਇੰਦਗੀ ਦੀ ਬਜਾਏ 'ਜੋ ਜਿੱਤਿਆ ਉਹੀ ਸਿਕੰਦਰ' ਦੀ ਨੁਮਾਇੰਦਗੀ ਹੈ।

'ਵੰਨਸੁਵੰਨਤਾ 'ਚ ਏਕਤਾ' ਦੇ ਦਾਅਵੇ ਤਹਿਤ ਕੇਂਦਰੀ ਹਕੂਮਤ ਹੇਠ ਖੇਤਰੀ ਹਕੂਮਤਾਂ ਨੂੰ ਭਾਰਤੀ ਸੰਵਿਧਾਨ ਦੀ 'ਨਿਵੇਕਲੀ ਪ੍ਰਾਪਤੀ' ਅਤੇ ਭਾਰਤੀ ਰਾਜ ਵਲੋਂ ਇਸ 'ਏਕਤਾ' ਦੀ ਰਾਖੀ ਨੂੰ ਕ੍ਰਿਸ਼ਮਾ ਕਹਿਕੇ ਵਡਿਆਇਆ ਜਾਂਦਾ ਹੈ। ਇਹ ਸਮਝਦਾਰੀ 'ਭਾਰਤੀ ਵਿਚਾਰਧਾਰਾ' ਦਾ ਇਕ ਅਹਿਮ ਅੰਗ ਬਣੀ ਹੋਈ ਹੈ। ਲੇਖਕ ਕਹਿੰਦਾ ਹੈ ਕਿ "ਨਿਸ਼ਚਿਤ ਤੌਰ 'ਤੇ ਇਸ ਤਰ੍ਹਾਂ ਦੇ ਸ਼ਬਦ-ਆਡੰਬਰ ਦਾ ਕੋਈ ਅਧਾਰ ਨਹੀਂ ਹੈ।' (ਸਫ਼ਾ 114) 'ਅਖੰਡਤਾ' ਦੀ ਰਾਖੀ ਦੇ ਕ੍ਰਿਸ਼ਮੇ ਨੂੰ ਨੰਗਾ ਕਰਨ ਲਈ ਲੇਖਕ ਭਾਰਤੀ ਰਾਜ ਵਲੋਂ ਕਸ਼ਮੀਰ ਅਤੇ ਉੱਤਰ-ਪੂਰਬ ਦੇ ਅਵਾਮ ਉੱਪਰ ਦਹਾਕਿਆਂ ਤੋਂ ਵਰਤਾਏ ਜਾ ਰਹੇ ਭਿਆਨਕ ਕਹਿਰ ਦੀਆਂ ਮਿਸਾਲਾਂ ਦਿੰਦਾ ਹੈ, ਜੋ ਭਾਰਤ ਤੋਂ ਸਵੈ-ਨਿਰਣੇ ਦਾ ਜਾਇਜ਼ ਹੱਕ ਮੰਗ ਰਹੇ ਹਨ। ਲੇਖਕ ਆਜ਼ਾਦੀ ਤੋਂ ਇਕ ਮਹੀਨਾ ਪਹਿਲਾਂ ਨਾਗਾ ਵਫ਼ਦ ਨੂੰ ਗਾਂਧੀ ਵਲੋਂ ਦਿੱਤੀ ਯਕੀਨ-ਦਹਾਨੀ ਦਾ ਜ਼ਿਕਰ ਕਰਦਾ ਹੈ, ਜਿਸ ਨੂੰ ਉਸ ਦੇ ਵਾਰਿਸਾਂ ਨੇ ਪੂਰੀ ਤਰ੍ਹਾਂ ਮਨੋ ਵਿਸਾਰ ਛੱਡਿਆ ਹੈ: 'ਵਿਅਕਤੀਗਤ ਤੌਰ 'ਤੇ ਤੁਸੀਂ ਸਾਰੇ ਮੇਰਾ ਜਾਂ ਭਾਰਤ ਦਾ ਹਿੱਸਾ ਹੋ। ਪਰ ਜੇ ਤੁਸੀਂ ਇਸ ਤੋਂ ਨਾਂਹ ਕਰਦੇ ਹੋ ਤਾਂ ਕੋਈ ਵੀ ਤੁਹਾਡੇ ਉੱਪਰ ਦਬਾਅ ਨਹੀਂ ਪਾ ਸਕਦਾ।'

(ਸਫ਼ਾ 121)

ਨਹਿਰੂ ਸਮੇਤ ਭਾਰਤੀ ਹਾਕਮਾਂ ਨੂੰ ਇਸ ਅਧਾਰ 'ਤੇ ਬਹੁਤ ਵਡਿਆਇਆ ਜਾਂਦਾ ਹੈ ਕਿ ਉਹ ਤਾਨਾਸ਼ਾਹਾਂ ਵਾਲੇ ਗ਼ੈਰਪੱਛਮੀ ਜਗਤ ਅੰਦਰ ਚੁਣੇ ਹੋਏ ਜਮਹੂਰੀ ਹੁਕਮਰਾਨ ਹਨ, ਪਰ ਲੇਖਕ ਨਹਿਰੂ ਦਾ ਦੂਸਰਾ ਪਹਿਲੂ ਸਾਹਮਣੇ ਲਿਆਉਂਦਾ ਹੈ: 'ਨਹਿਰੂ ਸਭ ਤੋਂ ਪਹਿਲਾਂ ਇਕ ਭਾਰਤੀ ਕੌਮਵਾਦੀ ਸੀ ਅਤੇ ਜਿੱਥੇ ਆਮ ਰਜ਼ਾ ਕੌਮ ਦੇ ਉਸ (ਨਹਿਰੂ) ਦੇ ਤਸੱਵੁਰ ਨਾਲ ਬੇਮੇਲ ਦਿਖਾਈ ਦਿੱਤੀ, ਉਸ ਨੇ ਬਿਨਾ ਕਿਸੇ ਪਛਤਾਵੇ ਦੇ ਉਸ ਨੂੰ ਕੁਚਲ ਦਿੱਤਾ। ਜਿਵੇਂ ਉਸ ਨੇ ਖ਼ੁਦ ਕਿਹਾ ਸੀ, ਇੱਥੇ ਸਰਕਾਰ ਦੀ ਪ੍ਰਣਾਲੀ ਵੋਟ ਨਹੀਂ ਸਗੋਂ ਸੰਗੀਨਾਂ ਸਨ।' (ਸਫ਼ਾ 133) ਉਸ ਵਲੋਂ ਭਾਰਤ ਦੀ ਏਕਤਾ ਬਾਰੇ ਕਿਸੇ ਵੀ ਸ਼ਕਲ 'ਚ ਸਵਾਲ ਉਠਾਉਣ ਨੂੰ ਜੁਰਮ ਐਲਾਨਕੇ ਤਿੰਨ ਸਾਲ ਦੀ ਸਜ਼ਾ ਦੀ ਕਾਨੂੰਨੀ ਪੇਸ਼ਬੰਦੀ ਕਰ ਦਿੱਤੀ। (ਇਹ ਪੇਸ਼ਬੰਦੀ ਨੂੰ ਉਸ ਨਾਲੋਂ ਕਿਤੇ ਵੱਧ ਜ਼ਾਲਮ ਬਣਾਏ ਜਾਣ ਨੂੰ ਦੇਖਦਿਆਂ ਨਹਿਰੂ ਆਪਣੇ ਵਾਰਿਸਾਂ ਅੱਗੇ ਬਹੁਤ ਬੌਣਾ ਦਿਖਾਈ ਦਿੰਦਾ ਹੈ।) ਉਸ ਨੇ ਬੰਗਾਲ ਰੈਗੂਲੇਸ਼ਨ ਐਕਟ 1818 ਦੀ ਇਹਤਿਹਾਤੀ ਨਜ਼ਰਬੰਦੀ ਦੇ ਜ਼ਾਲਮ ਕਾਨੂੰਨ ਨੂੰ ਤੁਰੰਤ ਅਪਣਾਉਂਦਿਆਂ ਤੇ ਲਾਗੂ ਕਰਦਿਆਂ ਕੋਈ ਝਿਜਕ ਨਹੀਂ ਦਿਖਾਈ।

ਲੇਖਕ 'ਭਾਰਤੀ ਵਿਚਾਰਧਾਰਾ' ਦੇ ਤੀਜੇ ਅਹਿਮ ਅੰਗ, ਧਰਮ ਨਿਰਪੇਖਤਾ, ਬਾਰੇ ਲਿਖਦਾ ਹੈ ਕਿ ਭਾਰਤ ਨੂੰ ਧਰਮ ਨਿਰਪੇਖ ਕਹਿਣ ਤੋਂ ਸੁਚੇਤ ਰੂਪ 'ਚ ਗੁਰੇਜ਼ ਕੀਤਾ ਗਿਆ। ਡਾ. ਅੰਬੇਡਕਰ ਦੀ ਹਿੰਦੂ ਕੋਡ ਬਿੱਲ ਰਾਹੀਂ ਵਿਆਹ ਪ੍ਰਥਾ 'ਚ ਨਾਬਰਾਬਰੀ ਨੂੰ ਦੂਰ ਕਰਨ ਦੀ ਤਜਵੀਜ਼ ਠੁਕਰਾ ਦਿੱਤੀ ਗਈ। ਛੂਆਛਾਤ ਉੱਪਰ ਪਾਬੰਦੀ ਲਾਈ ਗਈ, ਪਰ ਜਾਤਪਾਤ ਨੂੰ ਆਂਚ ਨਹੀਂ ਆਉਣ ਦਿੱਤੀ। ਇਸੇ ਲਈ ਡਾ. ਅੰਬੇਡਕਰ ਇਹ ਕਹਿਣ ਲਈ ਮਜਬੂਰ ਹੋਇਆ ਸੀ: 'ਉਹੀ ਤਾਨਾਸ਼ਾਹੀ, ਉਹੀ ਪੁਰਾਣੇ ਦਾਬੇ ਦੀ ਹੋਂਦ ਅੱਜ ਵੀ ਬਰਕਰਾਰ ਹੈ, ਪਹਿਲਾਂ ਤੋਂ ਚਲਿਆ ਆ ਰਿਹਾ ਭੇਦਭਾਵ ਅੱਜ ਵੀ ਜਾਰੀ ਹੈ, ਅਤੇ ਅੱਜ ਸ਼ਾਇਦ ਵੱਧ ਭੈੜੇ ਰੂਪ 'ਚ।'

ਕਿਤਾਬ ਦੇ ਆਖ਼ਰੀ ਹਿੱਸੇ ਭਾਰਤੀ ਵਿਚਾਰਧਾਰਾ ਦੀ ਬੁਨਿਆਦ 'ਤਿੱਕੜੀ'- ਜਮਹੂਰੀਅਤ, ਧਰਮਨਿਰਪੇਖਤਾ ਅਤੇ ਏਕਤਾ - ਬਾਰੇ ਮੋਹਰੀ ਵਿਚਾਰਵਾਨਾਂ ਦੀ ਸਮਝਦਾਰੀ ਬਾਰੇ ਚਰਚਾ ਕਰਦਿਆਂ ਲੇਖਕ ਕਹਿੰਦਾ ਹੈ ਕਿ ਸਮਾਜੀ ਆਲੋਚਨਾ ਦਾ ਪੱਖ ਤਾਂ ਇਹਨਾਂ ਵਿਦਵਾਨਾਂ ਦੀਆਂ ਲਿਖਤਾਂ 'ਚ ਅਹਿਮ ਦਿਖਾਈ ਦਿੰਦਾ ਹੈ, ਪਰ ਇਹੀ ਤੇਵਰ ਸਿਆਸੀ ਆਲੋਚਨਾ 'ਚ ਨਜ਼ਰ ਨਹੀਂ ਆਉਂਦਾ। ਲੇਖਕ ਨੇ ਆਕਸਫੋਰਡ ਕੰਪੈਨੀਅਨ ਟੂ ਪਾਲਿਟਿਕਸ ਨਾਂ ਦੇ ਗ੍ਰੰਥ ਦੀ ਮਿਸਾਲ ਦਿੱਤੀ ਹੈ ਜੋ ਅੱਜ ਦੇ ਭਾਰਤ ਦੇ ਸੋਹਲੇ ਤਾਂ ਗਾਉਂਦਾ ਹੈ ਪਰ ਰਾਜ ਦੀਆਂ ਜਾਬਰ ਨੀਤੀਆਂ ਬਾਰੇ ਪੂਰੀ ਤਰ੍ਹਾਂ ਖ਼ਾਮੋਸ਼ ਹੈ।

ਕਿਤਾਬ ਦੀ ਵੱਡੀ ਕਮੀ ਇਹ ਹੈ ਕਿ ਇਸ ਵਿਚ ਭਾਰਤ ਦੀ ਖੱਬੀ ਧਿਰ ਦੀ ਭੂਮਿਕਾ ਨੂੰ ਪੜਚੋਲ ਹੇਠ ਨਹੀਂ ਲਿਆਂਦਾ ਗਿਆ। ਪਰ ਆਦਿਕਾ 'ਚ ਲੇਖਕ ਇਹ ਜ਼ਰੂਰ ਕਹਿੰਦਾ ਹੈ ਕਿ ਇਕ ਤਾਕਤ ਵਜੋਂ ਖੱਬੀ ਧਿਰ ਦੀ 'ਸਿਆਸੀ ਕਮਜ਼ੋਰੀ' ਨੇ ਭਾਰਤੀ ਵਿਚਾਰਧਾਰਾ ਦੀ ਪਕੜ ਨੂੰ ਮਜ਼ਬੂਤ ਬਣਾਇਆ ਹੈ। ਨਾਲ ਹੀ ਆਦਿਕਾ ਦੇ ਅੰਤ 'ਚ ਐਂਡਰਸਨ ਇਹ ਸਲਾਹ ਜ਼ਰੂਰ ਦਿੰਦਾ ਹੈ ਕਿ ਜੇ ਖੱਬੀ ਧਿਰ ਨੇ ਬੌਧਿਕ ਦ੍ਰਿਸ਼ ਉੱਪਰ ਮਜ਼ਬੂਤ ਜਗ੍ਹਾ ਬਣਾਉਣੀ ਹੈ ਤਾਂ ਇਸ ਨੂੰ ਆਪਣੇ ਦੌਰ ਨੂੰ ਸ਼ਰਧਾ ਨਾਲ ਦੇਖਣ ਦੀ ਬਜਾਏ ਅੰਬੇਡਕਰ ਤੇ ਪੇਰੀਅਰ ਵਾਂਗ ਵੱਧ ਪੜਚੋਲੀਆ ਨਜ਼ਰੀਏ ਨਾਲ ਦੇਖਣਾ ਪਵੇਗਾ।

ਲੇਖਕ ਸੁਚੇਤ ਕਰਦਾ ਹੈ ਕਿ ਕੁਲਮਿਲਾਕੇ ਭਾਰਤੀ ਯੂਨੀਅਨ ਦੀਆਂ ਹਕੀਕਤਾਂ ਬਹੁਤ ਪੇਚੀਦਾ ਹਨ,ਇਹਨਾਂ ਵਿਚੋਂ ਕਈ ਤਾਂ ਬਹੁਤ ਹੀ ਮਨਹੂਸ ਹਨ। 'ਇਕ ਵਾਰ ਜਦੋਂ ਬਸਤੀਵਾਦ ਵਿਰੋਧੀ ਸੰਘਰਸ਼ ਰਾਹੀਂ ਕਿਸੇ ਨਵੇਂ ਆਜ਼ਾਦ ਰਾਸ਼ਟਰ ਦੀ ਉਸਾਰੀ ਹੋ ਜਾਂਦੀ ਹੈ, ਤਾਂ ਉਸ ਦੀ ਜਾਗ੍ਰਿਤੀ ਲਈ ਜ਼ਰੂਰੀ ਪ੍ਰਵਚਨ ਉਸ ਲਈ ਨਸ਼ਾ ਵੀ ਹੋ ਨਿੱਬੜਦਾ ਹੈ। ਭਾਰਤ ਵਿਚ ਇਹ ਖ਼ਤਰਾ ਵੱਧ ਦਿਖਾਈ ਦੇ ਰਿਹਾ ਹੈ...।..... ਅੱਜ ਲੋੜ ਇਸ ਗੱਲ ਦੀ ਹੈ ਕਿ ਰੋਮਾਂਟਿਕ ਬਣਾਏ ਅਤੀਤ ਦੇ ਮੋਹ ਅਤੇ ਵਰਤਮਾਨ 'ਚ ਮੌਜੂਦ ਇਸ ਦੀ ਰਹਿੰਦ-ਖੂੰਹਦ ਤੋਂ ਅਸੀਂ ਮੁਕਤ ਹੋਈਏ।' 'ਜਿੰਨ੍ਹਾਂ ਰਾਜਨੀਤਕ ਬੁਰਾਈਆਂ ਦੀ ਦਿਆਨਤਦਾਰ ਦੇਸ਼ਭਗਤ ਅੱਜ ਨਿੰਦਾ ਕਰਦੇ ਹਨ, ਉਹ ਐਸੇ ਪ੍ਰਬੰਧ ਦੀ ਅਚਾਨਕ ਉੱਭਰੀ ਅੱਜ ਦੀ ਮਰਜ ਨਹੀਂ ਹਨ। ਇਹ ਪ੍ਰਬੰਧ ਕਦੇ ਵੀ ਤੰਦਰੁਸਤ ਨਹੀਂ ਰਿਹਾ।... ਇਹਨਾਂ ਦੀਆਂ ਜੜ੍ਹਾਂ ਇਸ ਦੀ ਮੂਲ ਬਣਤਰ 'ਚ ਹਨ।'

ਜ਼ਰੂਰੀ ਨਹੀਂ ਕਿ ਪਾਠਕ ਲੇਖਕ ਦੇ ਸਾਰੇ ਸਿੱਟਿਆਂ ਨਾਲ ਸਹਿਮਤ ਹੋਣ, ਪਰ ਭਾਰਤੀ ਰਾਜ ਵਲੋਂ ਆਪੇ ਦੀ ਤਾਰੀਫ਼ ਲਈ ਘੜੀਆਂ ਗਈਆਂ ਤਮਾਮ ਮਿੱਥਾਂ, ਜੋ ਸਹਿਜ ਬੋਧ ਦਾ ਹਿੱਸਾ ਬਣੀਆਂ ਹੋਈਆਂ ਹਨ, ਤੋਂ ਮੁਕਤ ਹੋਣ ਲਈ ਇਹ ਕਿਤਾਬ ਯਕੀਨਨ ਹੀ ਸ਼ੀਸ਼ਾ ਮੁਹੱਈਆ ਕਰਦੀ ਹੈ। ਭਾਰਤੀ ਅਵਾਮ ਦੀ ਬਿਹਤਰੀ ਦੀ ਸੋਚ ਰੱਖਣ ਵਾਲੇ ਹਰ ਬੰਦੇ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ।

# Tory education plan attacks low-and middle-income families

**- TORONTO -**

Proposals put forward in a position paper released today by the Ontario Progressive Conservative Caucus would exacerbate existing inequality amongst Ontarians and severely damage the quality of Ontario colleges and universities. The recommendations in the paper call for continued tuition fee increases, the removal altogether of controls on tuition fees in many programs and increasing the role of the private sector in providing education and training.

"Record high tuition fees and the growing role of for-profit interests on campuses are threatening the quality and affordability of public post-secondary education in Ontario," said Sarah Jayne King, Chairperson of the Canadian Federation of Students-Ontario. "The Tory plan would continue to shift the burden for funding education onto the backs of students and their families, while forcing institutions to do more with less."

The paper, entitled Paths to Prosperity: Higher Learning for Better Jobs, recommends different streams of education based on a students' ability to pay. Students who can only afford minimal tuition fees would be streamed into online, non-credit based courses or into three year degree programs at colleges, while students with higher incomes would be encouraged to go into "elite" programs in universities.

Since 2006, tuition fees in Ontario have increased as much as 71 per cent. As a result, the amount of money students and graduates owe the Ontario government has more than doubled, increasing 130 per cent in just seven years.

"Affordable college and university education is a key component to a more equitable and more prosperous province," said King. "The plans put forward by Tim Hudak and his party sustain prosperity for the rich, while low- and middle-income students will continue to be forced into debt or be shut out of colleges and universities entirely."



Other problematic proposals in the paper include additional surveillance measures on student loan recipients, providing further funding to career colleges, wage freezes for college and university staff and faculty and changing the current standards for teaching and research for faculty. The paper provides no recommendations on graduate programs or international students.

The Canadian Federation of Students-Ontario is Ontario's largest student organization, representing more than 300,000 college, undergraduate and graduate students from all regions of the province.

ਇਕ ਮੁਲਾਕਾਤ

# ਸਮਾਜਿਕ ਸਰੋਕਾਰਾਂ ਤੇ ਤਬਦੀਲੀ ਦੇ ਪ੍ਰਸੰਗ 'ਚ



*ਪੰਜਾਬ ਦੀ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੇ ਸਾਬਕਾ ਆਗੂ ਤੇ ਇਸ ਸਮੇਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ, ਪੰਜਾਬ ਲੋਕ ਸੱਭਿਆਚਾਰ ਮੰਚ (ਪਲਸ ਮੰਚ) ਦੇ ਜਨਰਲ ਸਕੱਤਰ, ਟਰੇਡ ਯੂਨੀਅਨਿਸਟ ਸਾਥੀ ਕੰਵਲਜੀਤ ਖੰਨਾ ਨਾਲ ਮੌਜੂਦਾ ਸਮੇਂ 'ਚ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੀ ਬੀਤੇ ਤਜ਼ਰਬੇ ਚੋਂ ਰੌਸ਼ਨੀ ਹਾਸਲ ਕਰਦਿਆਂ, ਉਸਾਰੀ ਹਿੱਤ ਵੱਖਰੇ ਨੁਕਤਿਆਂ ਤੇ ਵਿਚਾਰ ਚਰਚਾ ਕੀਤੀ ਗਈ, ਜੋ ਪਾਠਕਾਂ ਖਾਸਕਰ ਨੌਜਵਾਨਾਂ ਵਿਦਿਆਰਥੀਆਂ ਲਈ ਦਿਲਚਸਪ ਹੋਵੇਗੀ, ਉਮੀਦ ਹੈ।*

**70ਵਿਆਂ 'ਚ ਪੰਜਾਬ ਦੀ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਦੇ ਉਭਾਰ ਦੇ ਕੀ ਕਾਰਨ ਸਨ?**

– ਸੱਤਰਵਿਆਂ 'ਚ 1972 ਦੇ ਮੋਗਾ ਗੋਲੀ ਕਾਂਡ ਵਿਰੁੱਧ ਉੱਠੇ ਸੂਬਾ ਪੱਧਰੀ ਨੌਜਵਾਨ ਵਿਦਿਆਰਥੀ ਸੰਘਰਸ਼ ਤੇ ਉਸ ਤੋਂ ਬਾਦ ਲਗਭਗ ਡੇਢ ਦਹਾਕਾ ਪੂਰੇ ਸੂਬੇ ਭਰ 'ਚ ਚੱਲਦੇ ਮਿਸਾਲੀ ਸੰਘਰਸ਼ਾਂ ਦਾ ਕਾਰਨ ਮੁੱਖ ਤੌਰ 'ਤੇ ਨੌਜਵਾਨਾਂ ਵਿਦਿਆਰਥੀਆਂ 'ਚ ਅਜ਼ਾਦੀ ਤੋਂ ਬਾਅਦ ਸਥਾਪਤ ਨਿਜ਼ਾਮ ਖਿਲਾਫ ਤਿੱਖੀ ਹੋ ਰਹੀ ਬੇਚੈਨੀ ਤੇ ਗੁੱਸਾ ਸੀ। 1968 ਦੇ ਸ਼ੁਰੂ 'ਚ ਬੰਗਾਲ ਦੇ ਨਕਸਲਬਾੜੀ ਅੰਦੋਲਨ ਨੇ ਦੇਸ਼ ਭਰ 'ਚ ਰੌਸ਼ਨ ਦਿਮਾਗ ਨੌਜਵਾਨਾਂ ਨੂੰ ਆਪਣੇ ਕਲਾਵੇ 'ਚ ਲਿਆ ਸੀ ਨੌਜਵਾਨ ਲੋਕ ਵਿਰੋਧੀ ਵਿਵਸਥਾ ਨੂੰ ਉਲਟਾਉਣ ਲਈ ਆਪਣਾ ਸਭ ਕੁਝ ਦਾਅ ਤੇ ਲਾ ਕੇ ਲੋਕਪੱਖੀ ਵਿਵਸਥਾ ਦੀ ਉਸਾਰੀ ਦਾ ਸੁਪਨਾ ਲੈ ਕੇ ਸੜਕਾਂ 'ਤੇ ਉੱਤਰੇ ਸਨ।ਲਾਉਸ, ਵਿਅਤਨਾਮ, ਫਲਸਤੀਨ, ਕੰਬੋਡੀਆ, ਚਿੱਲੀ 'ਚ ਕੌਮੀ ਅਜ਼ਾਦੀ ਦੀਆਂ ਲਹਿਰਾਂ ਪੂਰੇ ਜ਼ੋਬਨ ਤੇ ਸਨ, ਇਨ੍ਹਾਂ ਲਹਿਰਾਂ ਨੇ ਸਾਡੇ ਦੇਸ਼ 'ਚ ਵੀ ਵੱਡੇ ਨੌਜਵਾਨ ਉਭਾਰਾਂ ਨੂੰ ਉਗਾਸਾ ਦਿੱਤਾ।

**70ਵਿਆਂ 'ਚ ਪੰਜਾਬ ਦੀ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਦੀ ਵਿਚਾਰਧਾਰਕ ਸਿਆਸੀ ਸਥਿਤੀ ਕੀ ਸੀ?**

–ਉਸ ਸਮੇਂ ਦੇਸ਼ ਦੀ ਕਮਿਊਨਿਸਟ ਲਹਿਰ ਨੇ, ਤਿਲੰਗਾਨਾ ਤੋਂ ਬਾਅਦ ਨਕਸਲਬਾੜੀ ਦੀ ਜਗੀਰੂ ਲੁੱਟ ਵਿਰੁੱਧ ਉੱਠੀ 'ਜ਼ਮੀਨ ਹਲਵਾਹਕ ਦੀ' ਕੇਂਦਰੀ ਨਾਅਰੇ ਤੇ ਉਸਰੀ ਲੁੱਟ ਤੇ ਦਾਬੇ ਨੂੰ ਮਿਟਾਉਣ ਤੁਰੀ ਲਹਿਰ ਨੇ ਸਮਾਜ ਤੇ ਰਾਜ ਬਦਲਣ ਦਾ ਦਾਅਵਾ ਕਰਨ ਵਾਲੀਆਂ ਇਨਕਲਾਬੀ ਮਿਸ਼ਨ ਤਿਆਗ ਚੁੱਕੀਆਂ ਸੀ.ਪੀ.ਆਈ. ਤੇ ਸੀ.ਪੀ.ਐਮ. ਦੀ ਸਿਆਸੀ ਲੀਹ ਤੋਂ ਵਿਚਾਰਧਾਰਕ ਸਿਆਸੀ ਤੋੜ-ਵਿਛੋੜਾ ਕੀਤਾ ਸੀ। ਸੋਧਵਾਦੀ ਤੇ ਜਮਾਤੀ ਭਿਆਲੀ ਦੀ ਲੀਹ ਦਾ ਪ੍ਰਗਟਾਵਾ ਪੰਜਾਬ ਦੇ ਵਿਦਿਆਰਥੀਆਂ ਨੌਜਵਾਨਾਂ ਨੂੰ ਮੋਗਾ ਘੋਲ ਦੌਰਾਨ ਹੋ ਗਿਆ ਸੀ, ਜਦੋਂ ਸੀ ਪੀ ਆਈ ਨਾਲ ਨੱਥੀ ਏ ਆਈ ਐਸ ਐਫ ਦੀ ਲੀਡਰਸ਼ਿੱਪ ਨੇ ਚਲਦੇ ਘੋਲ 'ਚ ਐਨ ਵਿਚਾਲਿਓਂ ਜਾ ਕੇ ਕਿਨਾਰਾ ਕਰ ਲਿਆ ਸੀ ਬਿਲਕੁਲ ਉਵੇਂ ਹੀ ਜਿਵੇਂ 1950 ਦੇ ਤਿਲੰਗਾਨਾ ਕਿਸਾਨ ਘੋਲ 'ਚੋ ਸੀ ਪੀ ਆਈ ਨੇ ਆਪਣੇ ਆਪ ਨੂੰ ਅਲੱਗ ਕਰ ਲਿਆ ਸੀ। ਨੌਜਵਾਨਾਂ ਨੂੰ ਰੂਸ ਤੋਂ ਬਾਅਦ ਚੀਨੀ ਇਨਕਲਾਬ ਵਿਸ਼ੇਸ਼ਕਰ ਮਾਓ-ਜੇ-ਤੁੰਗ ਦੀਆਂ ਸਿੱਖਿਆਵਾਂ ਨੇ ਪ੍ਰਭਾਵਿਤ ਕੀਤਾ ਸੀ।

**70ਵਿਆਂ 'ਚ ਪੰਜਾਬ ਦੀ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਦਾ ਕੰਮ ਢੰਗ ਕਿਹੋ ਜਿਹਾ ਸੀ?**

–70 ਵਿਆਂ 'ਚ ਪੰਜਾਬ ਦੀ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਮੁੱਖ ਤੌਰ ਤੇ ਜਮਹੂਰੀ ਲਹਿਰ ਸੀ ਜਿਸਨੇ ਮੋਗਾ ਘੋਲ, ਬੱਸ ਕਿਰਾਇਆ ਵਿਰੋਧੀ ਐਜ਼ੀਟੇਸ਼ਨ ਜਿਹਾ ਨਿਮਨ ਆਰਥਿਕ ਘੋਲ, ਬੇਰੁਜ਼ਗਾਰ ਅਧਿਆਪਕਾਂ ਦੀ ਪੱਕੇ ਰੁਜ਼ਗਾਰ ਪ੍ਰਾਪਤੀ ਲਈ ਲੰਮੀ ਐਜ਼ੀਟੇਸ਼ਨ, ਗੁੰਡਾਗਰਦੀ ਤੇ ਬਲਾਤਕਾਰ ਜਿਹੀਆਂ ਘਟਨਾਵਾਂ ਵਿਰੁੱਧ ਕਈ ਚਰਚਿਤ ਘੋਲ, ਕਿਸਾਨਾਂ, ਸਨਅਤੀ ਮਜ਼ਦੂਰਾਂ ਦੀਆਂ ਐਜ਼ੀਟੇਸ਼ਨਾਂ ਦੀ ਹਮਾਇਤ, ਸ਼ਹੀਦ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਵਿਰੁੱਧ ਘੋਲ, ਅਨੇਕਾਂ ਪੁਲਸ ਜਬਰ ਖ਼ਿਲਾਫ਼ ਘੋਲ ਲੜੇ ਤੇ ਸਥਾਪਤੀ ਕੀਤੀ। ਪਿੰਡਾਂ 'ਚ ਨੌਜਵਾਨ ਭਾਰਤ ਸਭਾਵਾਂ ਨੇ ਵੱਡੀ ਪੱਧਰ ਤੇ ਸਮਾਜਕ ਸੁਧਾਰਕ ਕੰਮ ਜਿਵੇਂ ਰਾਹ ਪੱਕੇ ਕਰਨ, ਬੱਸ ਅੱਡੇ ਉਸਾਰਨ, ਮੈਡੀਕਲ ਕੈਂਪ ਲਾਉਣ, ਹੜ੍ਹ ਪੀੜਤਾਂ ਲਈ ਰਾਸ਼ਨ ਕੈਂਪ ਆਦਿ ਤੋਂ ਬਿਨ੍ਹਾਂ ਲੋਕਾਂ ਦੇ ਘਰੇਲੂ, ਸਮਾਜਕ ਮਸਲਿਆਂ 'ਚ ਹਿੱਸੇਦਾਰੀ, ਦਾਜ ਰਹਿਤ ਵਿਆਹਾਂ ਲਈ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ, ਪਿੰਡਾਂ 'ਚ ਲਾਈਬ੍ਰੇਰੀਆਂ ਖੋਲ੍ਹਣ, ਨਾਟਕ ਟੀਮਾਂ ਬਣਾਕੇ ਪਿੰਡਾਂ, ਕਸਬਿਆਂ, ਕਾਲਜਾਂ-ਸਕੂਲਾਂ 'ਚ ਨਾਟਕ ਖੇਡਕੇ ਰਾਜਨੀਤਿਕ, ਸਮਾਜਕ ਚੇਤਨਾ ਦਾ ਪਸਾਰਾ ਕਰਨ ਜਿਹੇ ਅਨੇਕਾਂ ਕਾਰਜ ਵੱਖ-ਵੱਖ ਪੱਧਰ ਤੇ ਕੀਤੇ।




**70ਵਿਆਂ 'ਚ ਪੰਜਾਬ ਦੀ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਦਾ ਪੰਜਾਬ ਦੀ ਇਨਕਲਾਬੀ ਕਮਿਊਨਿਸਟ ਲਹਿਰ ਨਾਲ ਰਿਸ਼ਤਾ ਕਿਹੋ ਜਿਹਾ ਸੀ?**

– ਦੋਹਾਂ ਨੂੰ ਨਿਖੇੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਸੂਬੇ ਅੰਦਰ ਨਕਸਲਬਾੜੀ ਲਹਿਰ ਦੌਰਾਨ ਬਾਦਲ ਸਰਕਾਰ ਵੱਲੋਂ 70 ਦੇ ਕਰੀਬ ਤਬਦੀਲੀਪਸੰਦ ਨੌਜਵਾਨਾਂ ਤੇ ਵਰਕਰਾਂ ਦੇ ਝੂਠੇ ਪੁਲਸ ਮੁਕਾਬਲਿਆਂ ਤੇ ਘਰਾਂ-ਪਰਿਵਾਰਾਂ ਤੇ ਬੇਥਾਹ ਜਬਰ ਤੋਂ ਬਾਅਦ, ਇਸਦਾ ਮੁਕਾਬਲਾ ਕਰਨ ਲਈ ਲੋਕਾਂ ਦਾ ਜੰਗਲ ਉਸਾਰਨ ਲਈ ਇਨਕਲਾਬੀ ਜਨਤਕ ਲੀਹ ਇਕ ਲੰਮੇ ਵਿਚਾਰਧਾਰਕ ਸੰਘਰਸ਼ ਤੋਂ ਬਾਅਦ ਸਾਹਮਣੇ ਆਈ। ਵਿਵਸਥਾ ਬਦਲੀ ਦੀ ਇਸ ਜਮਾਤੀ ਜੰਗ ਦੀ ਉਸਾਰੀ ਲਈ ਮੁੱਢਲੇ ਤੌਰ ਤੇ ਇਨਕਲਬੀ ਨੌਜਵਾਨ ਵਿਦਿਆਰਥੀ ਲਹਿਰ ਦੀ ਉਸਾਰੀ ਦਾ ਏਜੰਡਾ ਹੱਥ ਲਿਆ ਗਿਆ ਸੀ। ਕਮਿਊਨਿਸਟ ਇਨਕਲਾਬੀ ਲਹਿਰ ਦੇ ਪ੍ਰਪੱਕ ਜਨਤਕ ਕੇਡਰ ਦੀ ਸਪਲਾਈ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਚੋਂ ਹੀ ਹੋਈ ਤੇ ਹੋਣੀ ਹੈ।

**ਤੁਸੀਂ ਇਸ ਸਮੇਂ ਦੀ ਨੌਜਵਾਨ ਤੇ ਵਿਦਿਆਰਥੀ ਲਹਿਰ ਦੀਆਂ ਕੀ ਪ੍ਰਾਪਤੀਆਂ ਦੇਖਦੇ ਹੋ, ਤੇ ਕਮਜ਼ੋਰੀਆਂ ਕੀ?**

– ਇਸ ਲਹਿਰ ਨੇ ਪੰਜਾਬ ਦੀ ਜਵਾਨੀ ਦੇ ਇਕ ਵੱਡੇ ਹਿੱਸੇ 'ਚ ਮੁਕਤੀ ਦੀ ਇਕ ਚਿਣਗ ਭਰੀ। ਇਸ ਲਹਿਰ ਨੇ ਮੁੱਖ ਤੌਰ ਤੇ ਉਸ ਦਹਾਕੇ 'ਚ ਜਮਹੂਰੀ ਚੇਤਨਾ ਦਾ ਵਿਕਾਸ ਕੀਤਾ। ਨੌਜਵਾਨ ਵਰਗ ਵਿਚ ਲੜਨ ਦਾ ਮਾਦਾ ਵਿਕਸਤ ਕੀਤਾ। ਦੂਜੇ ਸੰਘਰਸ਼ਸ਼ੀਲ ਤਬਕਿਆਂ ਦੇ ਸੰਘਰਸ਼ਾਂ ਦਾ ਜ਼ੋਰਦਾਰ ਸਮਰਥਨ, ਹਰ ਤਰ੍ਹਾਂ ਦੀ ਮੱਦਦ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਨੇ ਕੀਤੀ। ਇਸ ਲਹਿਰ ਨੇ 1974 'ਚ ਮੋਗਾ ਘੋਲ ਤੋਂ ਬਾਅਦ ਜਦੋਂ ਪੂਰੇ ਮੁਲਕ 'ਚ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ 'ਚ ਨੌਜਵਾਨ ਵਰਗ ਹਕੂਮਤ ਨਾਲ ਦਿਸ਼ਾਹੀਣ ਟੱਕਰ ਲੈ ਰਿਹਾ ਸੀ, ਉਸ ਸਮੇਂ 'ਭਾਰਤੀਆਂ ਲਈ ਮੁਕਤੀ ਲਈ ਕਲਿਆਣ ਦਾ ਰਾਹ' ਪੇਸ਼ ਕਰਦਿਆਂ ਲੋਕਾਂ ਨੂੰ ਮੋਗਾ ਸੰਗਰਾਮ ਰੈਲੀ ਕਰਕੇ ਇਕ ਬਦਲ ਮੁਹੱਈਆ ਕਰਵਾਉਣ ਦਾ ਵੀ ਯਤਨ ਕੀਤਾ। ਉਸ ਸਮੇਂ ਜਾਰੀ ਪੈਂਫਲਟ 'ਚ ਉਸ ਬਦਲ ਦਾ ਵਿਸਥਾਰ ਲੋਕਾਂ ਤੱਕ ਪੁਚਾਇਆ ਗਿਆ।

ਜਿੱਥੋਂ ਤੱਕ ਕਮਜ਼ੋਰੀਆਂ ਦਾ ਸਵਾਲ ਹੈ, ਤਾਂ ਨੋਟ ਕੀਤਾ ਗਿਆ ਹੈ ਕਿ ਉਸ ਸਮੇਂ ਦੀ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਆਪਣਾ ਰਾਜਨੀਤਿਕ ਚੌਖਟਾ ਕਲੀਅਰ ਨਹੀਂ ਸੀ ਇਸੇ ਕਰਕੇ ਉਹ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਨੂੰ ਵੀ ਠੀਕ ਸੇਧ ਨਹੀਂ ਦੇ ਸਕੀ। ਇਸ ਲਹਿਰ ਨੇ ਨੌਜਵਾਨ ਵਰਗ ਨੂੰ ਲੜਨਾ ਤਾਂ ਸਿਖਾਇਆ ਪਰ ਉਸ ਲੜਾਈ ਨੂੰ ਲਗਾਤਾਰ ਜਾਰੀ ਰੱਖਣ ਦਾ ਵੱਲ ਨਹੀਂ ਸਿਖਾਇਆ, ਸਿਆਸਤ ਤੇ ਵਿਚਾਰਧਾਰਾ ਨਾਲ ਲੈਸ ਨਹੀਂ ਕੀਤਾ।ਸਮਾਜਵਾਦ ਦੀ ਲੜਾਈ ਦਾ ਉਦੇਸ਼, ਨੌਜਵਾਨਾ ਦਾ ਪੂਰਾ ਸੂਰਾ ਨਜ਼ਰੀਆ ਵਿਕਸਤ ਕਰਨ 'ਚ ਸਮੁੱਚੀ ਲਹਿਰ ਕਾਮਯਾਬ ਨਾ ਹੋ ਸਕੀ।ਹੌਲੀ-ਹੌਲੀ ਸੁਧਾਰਵਾਦ ਜਾਂ ਨਿਰੋਲ ਜਨਤਕ ਲਹਿਰ ਦੇ ਨਿਰੰਤਰ ਅਕਾਊ, ਰੁਟੀਨਵਾਦੀ ਕੰਮਾਂ ਦਾ ਉਲਝਾ, ਵਿਚਾਲੇ ਕੋਈ ਮੋੜ ਨਹੀਂ, ਕੋਈ ਬਰੇਕ ਨਹੀਂ, ਨਿਸ਼ਾਨਾਂ ਕਲੀਅਰ ਨਹੀਂ। ਦੁਸ਼ਮਣ ਨਾਲ, ਕਾਤਲਾਂ ਨਾਲ ਨਜਿੱਠਣ ਲਈ ਕੋਈ ਨਿਸ਼ਚਿਤ ਪਾਲਸੀ ਦਾ ਨਿਰਮਾਣ ਨਾ ਹੋਣਾ।ਹੌਲੀ-ਹੌਲੀ ਲਹਿਰ ਖਿੰਡਾਅ ਦਾ ਸ਼ਿਕਾਰ ਹੋ ਗਈ।ਭਾਵੇਂ ਅੰਸ਼ਕ, ਵਕਤੀ ਤੌਰ ਤੇ ਖਾਲਿਸਤਾਨੀ ਲਹਿਰ ਨੇ ਵੀ ਇਸ ਖਿੰਡਾਅ 'ਚ ਰੋਲ਼ ਨਿਭਾਇਆ।

**70ਵਿਆਂ 'ਚ ਪੰਜਾਬ ਦੀ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਸਿਰਫ ਪੰਜਾਬ ਤੱਕ ਹੀ ਸੀਮਿਤ ਕਿਉਂ ਰਹੀ? ਇਸ ਲਹਿਰ ਦੇ ਖਿੰਡਾਅ ਦੇ ਕੀ ਕਾਰਨ ਸਨ ?**

– ਮੈਨੂੰ ਲਗਦਾ ਕਿ ਇਹ ਗੱਲਾਂ ਆਪਾਂ ਪਹਿਲਾਂ ਕਰ ਆਏ ਹਾਂ। ਉਂਝ ਵੱਡਾ ਕਾਰਨ ਲਹਿਰ ਦੀ ਅੰਤਰਮੁੱਖਤਾ ਹੈ, ਜਿਸ ਕਾਰਨ ਇਹ ਲਹਿਰ ਹੌਲੀ-ਹੌਲੀ ਖਿੰਡ ਗਈ। ਦੇਸ਼ ਦੀ ਕਮਿਊਨਿਸਟ ਇਨਕਲਾਬੀ ਲਹਿਰ ਫੁੱਟ ਦਰ ਫੁੱਟ ਦਾ ਸ਼ਿਕਾਰ ਹੋਈ ਕਿਉਂਕਿ ਕਮਿਊਨਿਸਟ ਇਨਕਲਾਬੀ ਲਹਿਰ ਵਿਚ ਦਰੁਸਤ ਇਨਕਲਾਬੀ ਲੀਹ ਦੀ ਘਾਟ ਸੀ, ਜੋ ਕਿ ਅਜੇ ਵੀ ਬਰਕਰਾਰ ਹੈ, ਜਿਸਦਾ ਅਸਰ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਤੇ ਪਿਆ ਹੈ। ਗਰੁੱਪ ਸੰਕੀਰਨਤਾ ਵਰਗੀਆਂ ਹੋਰ ਵੀ ਬਿਮਾਰੀਆਂ ਵਧ ਕੇ ਰੋਗ ਬਣ ਰਹੀਆਂ ਹਨ। ਇਹ 'ਮੁੜ-ਸੁਰਜੀਤ' ਨਾ ਹੋਣ, ਇਸ ਲਈ ਇਹ ਸਾਡੀ ਫਿਕਰਮੰਦੀ ਦਾ ਅੰਗ ਬਣੇ। ਪਹਿਲਾਂ ਰਹੀਆਂ ਘਾਟਾਂ, ਕਮਜ਼ੋਰੀਆਂ ਤੇ ਗਲਤੀਆਂ ਦਾ ਨਵੀਆਂ ਹਾਲਤਾਂ 'ਚ ਸਹੀ ਮੁਲਾਂਕਣ ਨਾ ਕਰਦਿਆਂ ਪੁਰਾਣੀਆਂ ਲੀਹਾਂ ਤੇ ਜ਼ੋਰ-ਅਜ਼ਮਾਇਸ਼ ਕਰੀ ਜਾਣਾ ਲਹਿਰ ਨੂੰ ਫਿਰ ਸੰਕਟ ਤੇ ਮੁਹਾਣ ਤੇ ਲਿਆ ਖੜ੍ਹਾ ਕਰੇਗਾ।

**ਤੁਹਾਡੇ ਮੁਤਾਬਕ ਪੰਜਾਬ ਦੀ ਮੌਜੂਦਾ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਕਿਸ ਵਿਚਾਰਧਾਰਕ ਸਿਆਸੀ ਹਾਲਤ 'ਚੋਂ ਗੁਜ਼ਰ ਰਹੀ ਹੈ?**

– ਇਸ ਵੇਲੇ ਸਮੁੱਚੇ ਵਿਸ਼ਵ 'ਚ, ਕੌਮਾਂਤਰੀ ਕਮਿਊਨਿਸਟ ਲਹਿਰ ਖੜੋਤ ਦਾ ਸ਼ਿਕਾਰ ਹੈ।ਰੂਸ ਦੇ ਪਿਛਲਮੋੜੇ ਤੇ ਚੀਨ ਦੇ ਪੂੰਜੀਵਾਦੀ ਲੀਹਾਂ ਤੇ ਤੁਰ ਜਾਣ ਕਾਰਨ ਸੰਸਾਰ ਮਜ਼ਦੂਰ ਲਹਿਰ ਤਿੱਖੇ ਵਿਚਾਰਧਾਰਕ ਸੰਕਟ 'ਚ ਘਿਰ ਗਈ ਹੈ। ਸਮਾਜਵਾਦੀ ਕੈਂਪ 'ਚ ਆਏ ਇਸ ਸਿਆਸੀ ਨਿਘਾਰ ਕਾਰਨ ਫਿਲਹਾਲ ਚੌਪਾਸੀ ਨਿਰਾਸ਼ਤਾ ਦਾ ਆਲਮ ਹੈ।ਪੀਰੂ ਤੇ ਨੇਪਾਲ ਦੀਆਂ ਘਟਨਾਵਾਂ ਨੇ ਵੀ ਪਰੇਸ਼ਾਨ ਕੀਤਾ ਹੈ। ਦੇਸ਼ ਦੇ ਪੈਮਾਨੇ ਤੇ ਇੱਕਜੁੱਟ ਕਮਿਊਨਿਸਟ ਇਨਕਲਾਬੀ ਲਹਿਰ ਤੇ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੀ ਉਸਾਰੀ ਲਈ ਵਿਰਲੇ ਪਰ ਅਸਫਲ ਯਤਨ ਹੁੰਦੇ ਰਹੇ ਹਨ, ਜਿਸ ਦੀ ਕਿ ਸੱਚਮੁੱਚ ਡਾਢੀ ਲੋੜ ਹੈ।

**ਇਸਦੀ ਵਿਚਾਰਧਾਰਕ ਸਿਆਸੀ ਸੇਧ ਕੀ ਹੋਣੀ ਚਾਹੀਦੀ ਹੈ ਅਤੇ ਨੌਜਵਾਨਾਂ ਵਿਦਿਆਰਥੀਆਂ ਦਾ ਵਿਚਾਰਧਾਰਕ ਸਿਆਸੀ ਪੱਧਰ ਉੱਚਾ ਚੁੱਕਣ ਲਈ ਕਿਹੋ ਜਿਹੇ ਯਤਨ ਜ਼ਰੂਰੀ ਹਨ?**

–ਨੌਜਵਾਨਾਂ ਨੂੰ ਮੇਹਨਤਕਸ਼ ਲੋਕਾਂ ਦਾ ਰਾਜ ਸਿਰਜਣ ਲਈ, ਪੂੰਜੀ ਦੀ ਸਰਦਾਰੀ ਖਤਮ ਕਰਕੇ ਕਿਰਤੀ ਵਰਗ ਦੀ

ਸਰਕਾਰ ਬਣਾਉਣ ਲਈ, ਤਾਂ ਕਿ ਪੈਦਾਵਾਰੀ ਸੰਦ ਸਾਧਨਾਂ ਤੇ ਪੈਦਾਵਾਰ ਤੇ ਸਿਰਫ ਤੇ ਸਿਰਫ ਕਿਰਤੀ ਦੀ ਮਾਲਕੀ ਬਣ ਸਕੇ ਬਾਰੇ ਚੇਤੰਨ ਤੇ ਜੱਥੇਬੰਦ ਕਰਨਾ ਜ਼ਰੂਰੀ ਹੈ। ਨੌਜਵਾਨ ਵਰਗ ਇਕ ਅਜਿਹੀ ਤਾਕਤ ਹੈ ਜਿਹੜੀ ਪਹਾੜਾਂ ਤੇ ਪਾਣੀ ਚੜਾ ਸਕਦੀ ਹੈ। ਇਸੇ ਲਈ ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ 'ਨੌਜਵਾਨੋ ਜਾਗੋ, ਉੱਠੋ, ਸੁੱਤਿਆਂ ਯੁੱਗ ਬੀਤ ਚੁੱਕੇ ਹਨ.ਨੌਜਵਾਨ ਸ਼ਕਤੀ ਹੀ ਇਤਿਹਾਸ ਵਿਚ ਸਭ ਤੋਂ ਵੱਧ ਜਾਗਰੂਕ ਤੇ ਚੇਤੰਨ ਰੋਲ ਨਿਭਾਉਣ ਦੇ ਕਾਬਲ ਹੈ, ਇਸ ਲਈ ਇਸ ਦਾ ਸਿਆਸੀ ਵਿਚਾਰਧਾਰਕ ਪੱਧਰ ਉੱਚਾ ਚੁੱਕਣ ਲਈ ਸਾਨੂੰ ਵਿਸ਼ੇਸ਼ ਤੇ ਯੋਜਨਾਬੱਧ ਯਤਨ ਜੁਟਾਉਣ ਦੀ ਲੋੜ ਹੈ। ਉਨ੍ਹਾਂ ਸਾਹਮਣੇ ਕੌਮਾਂਤਰੀ ਕਮਿਊਨਿਸਟ ਲਹਿਰ ਦੀਆਂ ਹੁਣ ਤੱਕ ਦੀਆਂ ਸਿਆਸੀ ਪ੍ਰਾਪਤੀਆਂ, ਹੋਏ ਇਨਕਲਾਬਾਂ, ਉਸਾਰੇ ਪ੍ਰਬੰਧਾਂ ਦੇ ਹਾਂ-ਪੱਖੀ ਤੇ ਨਾ-ਪੱਖੀ ਤਜਰਬਿਆਂ ਨੂੰ ਨਵੇਂ ਪ੍ਰਸੰਗ 'ਚ ਸਮਝਾਉਣ ਦੀ ਜਰੂਰਤ ਹੈ.ਜਿਸ ਲਈ ਨੌਜਵਾਨ ਕੇਡਰ ਦੀ ਸਿਆਸੀ ਸਿਖਲਾਈ ਲਈ ਹੁਣ ਤੱਕ ਪੱਛੜੇ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਹੱਥ ਲੈਣਾ ਚਾਹੀਦਾ ਹੈ.ਸਕੂਲਿੰਗ, ਬਹਿਸ-ਵਿਚਾਰ, ਗੋਸ਼ਟੀਆਂ, ਪੜ੍ਹਾਈ ਅਤਿ ਜਰੂਰੀ ਹੈ।

**ਇਸ ਸੇਧ ਮੁਤਾਬਕ ਮੌਜੂਦਾ ਪ੍ਰਸਥਿਤੀਆਂ ਵਿੱਚ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਦਾ ਕੰਮ-ਢੰਗ ਕੀ ਹੋਵੇ?**

-ਕਾਰਲ ਮਾਰਕਸ, ਲੈਨਿਨ ਤੇ ਮਾਓ-ਜ਼ੇ-ਤੁੰਗ ਦੀ ਵਿਚਾਰਧਾਰਾ ਨਾਲ ਜੋੜਨਾ, ਕੈਰੀਅਰਵਾਦ ਘਟਾਉਣ ਲਈ ਸਿਆਣੇ ਕਰਨਾ, ਮਿਸ਼ਨ ਦੀ ਸਪਸ਼ਟਤਾ ਦੇਣਾ, ਸ਼ਖ਼ਸ਼ੀਅਤ ਦੇ ਸਾਫ-ਸੁਥਰੇ ਲੋਕਪੱਖੀ ਵਿਕਾਸ ਤੇ ਜੋਰ ਦੇਣ ਦੇ ਉਪਰਾਲੇ ਕਰਨਾ ਇਕ ਲੈਵਲ ਤੇ ਅਤਿ ਜਰੂਰੀ ਕਾਰਜ ਹਨ। ਦੂਜਾ ਮੌਜੂਦਾ ਇਨਕਲਾਬੀ ਜਮਹੂਰੀ ਲਹਿਰ ਦਾ ਹਿੱਸਾ ਬਣਾਉਣਾ ਤੇ ਨੌਜਵਾਨਾਂ ਵਿਦਿਆਰਥੀਆਂ ਦੇ ਮੰਗਾਂ ਮਸਲਿਆਂ ਖਾਸਕਰ ਬੇਰੁਜ਼ਗਾਰੀ, ਮਹਿੰਗੀ ਪੜ੍ਹਾਈ, ਨੌਜਵਾਨਾਂ 'ਚ ਨਸ਼ੇ ਤੇ ਗੰਦੇ ਸੱਭਿਆਚਾਰ ਦੇ ਪਸਾਰੇ ਖਿਲਾਫ਼ ਚੇਤਨਾ ਤੇ ਵਿਰੋਧ ਲਹਿਰ ਖੜ੍ਹੀ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਨੌਜਵਾਨ ਸਮਾਜ ਦਾ ਸ਼ੀਸ਼ਾ ਹਨ। ਇਸ ਵਰਗ ਤੋਂ ਕਿਸੇ ਵੀ ਜਮਾਤੀ ਲੁੱਟ ਦੇ ਅਧਾਰ ਤੇ ਖੜ੍ਹੇ ਸਮਾਜ ਨੂੰ ਹਮੇਸ਼ਾਂ ਹੀ ਵੱਡੀਆਂ ਆਸਾਂ ਰਹੀਆਂ ਹਨ। ਹੁਣ ਵੀ ਦਿੱਲੀ ਰੇਪ ਕੇਸ ਦੇ ਮਾਮਲੇ 'ਚ ਨੌਜਵਾਨ ਵਰਗ ਨੇ ਜੇਹੀ ਹਿਲਜੁੱਲ ਕੀਤੀ ਹੈ, ਉਸਨੂੰ ਸਹੀ ਦਿਸ਼ਾ ਦੇ ਦਿੱਤੀ ਜਾਵੇ ਤਾਂ ਹੋਰ ਵੱਧ ਚੰਗੇ ਸਾਰਥਕ ਸਿੱਟੇ ਨਿਕਲ ਸਕਦੇ ਹਨ।

**ਕੀ ਤੁਸੀਂ ਸਮਝਦੇ ਹੋ ਕਿ ਮੌਜੂਦਾ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਰਵਾਇਤੀ ਕਿਸਮ ਦੀ ਪ੍ਰੈਕਟਿਸ ਨਾਲੋਂ ਆਪਣਾ ਨਾਤਾ ਨਹੀਂ ਤੋੜ ਪਾ ਰਹੀ? ਭਾਵ ਇਹ ਕਿ 70ਵਿਆਂ ਤੋਂ ਲੈ ਕੇ ਅੱਜ ਤੱਕ ਦੀਆਂ ਬੇਹੱਦ ਤੇਜੀ ਨਾਲ ਬਦਲੀਆਂ ਨਵੀਆਂ ਹਾਲਤਾਂ 'ਚ ਸਹੀ ਸਿਧਾਂਤਕ ਤੇ ਵਿਹਾਰਕ ਕੰਮ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਨਹੀਂ ?**

-ਕਾਫੀ ਹੱਦ ਤੱਕ ਇਹ ਗੱਲਾਂ/ ਸਵਾਲ ਠੀਕ ਹਨ। ਚੜਤ 'ਚ ਰਹੀ, ਦੁਸ਼ਮਨਾਂ ਦੇ ਕਾਲਜੇ ਹੌਲ ਪਾਉਣ ਵਾਲੀ ਲਹਿਰ ਦੇ ਖਿੰਡਾਅ ਦਾ ਕਾਰਨ ਹੀ ਮੁੱਖ ਤੌਰ ਤੇ ਰਵਾਇਤੀ, ਰੁਟੀਨ ਪ੍ਰੈਕਟਿਸ ਰਹੀ। ਸਿਆਸੀ ਉਦੇਸ਼ਾਂ ਦੀ ਸਪੱਸ਼ਟਤਾ ਦੀ ਘਾਟ ਨੇ ਨੌਜਵਾਨਾਂ ਦੀ ਪ੍ਰਤੀਬੱਧਤਾ ਨੂੰ ਖੋਰਾ ਲਾਇਆ। ਅੱਜ ਦਾ ਯੁੱਗ 70ਵਿਆਂ ਦਾ ਯੁੱਗ ਨਹੀਂ.ਅੱਜ ਸੂਚਨਾਂ ਤਕਨਾਲੋਜੀ 'ਚ ਆਈਆਂ ਵੱਡੀਆਂ ਤਬਦੀਲੀਆਂ ਨੇ ਮੱਧਵਰਗੀ ਨੌਜਵਾਨ ਜੋ ਕਿ ਪੜ੍ਹਿਆ ਲਿਖਿਆ ਹੈ ਟਵਿੱਟਰ ਤੇ ਫੇਸਬੁੱਕ ਨਾਲ ਜੋੜ ਦਿੱਤਾ ਹੈ। ਮਿਸਰ ਵਰਗੇ ਦੇਸ਼ 'ਚ ਉੱਠੇ ਮਿਸਾਲੀ ਵਿਦਰੋਹਾਂ 'ਚ ਇਸ ਤਕਨਾਲੋਜੀ ਨੇ ਅਹਿਮ ਭੂਮਿਕਾ ਨਿਭਾਈ ਹੈ.ਬਦਲੀਆਂ ਹਾਲਤਾਂ 'ਚ ਸਾਨੂੰ ਕੰਮ-ਢੰਗ ਦੇ ਤਰੀਕੇ ਵੀ ਬਦਲਣੇ ਹੋਣਗੇ। ਇਸਦੀ ਘਾਟ ਨੇ ਸਿਧਾਂਤਕ ਤੇ ਵਿਹਾਰਕ ਕੰਮ ਤੇ ਮਾੜਾ ਅਸਰ ਪਾਇਆ ਹੈ। ਹੁਣ ਦਾ ਸਾਮਰਾਜ 70ਵਿਆਂ ਵਾਲਾ ਸਾਮਰਾਜ ਨਹੀਂ ਰਿਹਾ। ਇਸਨੇ ਚੱਲਣ ਢੰਗ 'ਚ ਵਡੀਆਂ ਤਬਦੀਲੀਆਂ ਕੀਤੀਆਂ ਹਨ.ਇਸੇ ਪ੍ਰਸੰਗ 'ਚ ਭਾਰਤ ਦੇ ਰਾਜਨੀਤਿਕ, ਆਰਥਿਕ ਸਮਾਜਿਕ ਪ੍ਰਬੰਧ 'ਚ ਵੀ ਵੱਡੀਆਂ ਤਬਦੀਲੀਆਂ ਆਈਆਂ ਹਨ। ਇਨ੍ਹਾਂ ਕੌਮਾਂਤਰੀ ਤੇ ਕੌਮੀ ਹਾਲਤਾਂ ਅੰਦਰ ਹੋਈਆਂ ਤਬਦੀਲੀਆਂ ਦੇ ਸਨਮੁੱਖ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਵੀ ਆਪਣੇ ਕੰਮ-ਢੰਗ, ਨੀਤੀ ਨਿਰਣਿਆਂ 'ਚ ਵੱਡੀਆਂ ਤਬਦੀਲੀਆਂ ਦੀ ਲੋੜ ਹੈ।

**ਤੁਸੀਂ 70ਵਿਆਂ ਦੀ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਅਤੇ ਪੰਜਾਬ ਦੀ ਮੌਜੂਦਾ ਇਨਕਲਾਬੀ ਨੌਜਵਾਨ ਤੇ ਵਿਦਿਆਰਥੀ ਲਹਿਰ ਵਿੱਚ ਕੀ ਅੰਤਰ ਦੇਖਦੇ ਹੋ?**

-ਉਸ ਸਮੇਂ ਨਾਲੋਂ ਇਸ ਸਮੇਂ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਕਮਜ਼ੋਰ ਸਥਿਤੀ 'ਚ ਤਾਂ ਹੈ, ਇਕਜੁੱਟ ਵੀ ਨਹੀਂ ਹੈ। ਮੈਨੂੰ ਜਾਪਦਾ ਹੈ ਕਿ ਇਨਕਲਾਬੀ ਸ਼ਕਤੀਆਂ ਨੂੰ ਇਕਜੁੱਟ ਇਨਕਲਾਬੀ ਕਮਿਊਨਿਸਟ ਲਹਿਰ ਦੀਆਂ ਸੰਭਾਵਨਾਵਾਂ ਫਰੋਲਣੀਆਂ ਚਾਹੀਦੀਆਂ ਹਨ। ਵਿਚਾਰਧਾਰਕ ਸਿਆਸੀ ਪੱਖ ਤੇ ਇਹ ਲਹਿਰ ਬਣਦਾ ਜੋਰ ਨਹੀਂ ਲਾ ਰਹੀ। ਦੇਸ਼ ਦੀ ਆਰਥਿਕਤਾ 'ਚ, ਪੈਦਾਵਾਰੀ ਰਿਸ਼ਤਿਆਂ 'ਚ ਆਈਆਂ ਵੱਡੀਆਂ ਤਬਦੀਲੀਆਂ ਨੂੰ ਅੰਗਣ ਵਿਚ ਫੇਲ੍ਹ ਹੋ ਰਹੀ ਹੈ ਜਿਸਨੇ ਇਨਕਲਾਬੀ ਲਹਿਰ ਸਮੇਤ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਲਈ ਚੋਟ ਨਿਸ਼ਾਨਿਆਂ ਤੇ ਮਿੱਤਰਾਂ ਦੀ ਨਿਸ਼ਾਨਦੇਹੀ ਕਰਨੀ ਹੈ। ਜਿੰਨੀ ਦੇਰ ਇਨ੍ਹਾਂ ਗੰਭੀਰ ਸਵਾਲਾਂ ਨੂੰ ਦੇਸ਼ ਦੀ ਕਮਿਊਨਿਸਟ ਇਨਕਲਾਬੀ ਲਹਿਰ ਸੰਬੋਧਤ ਨਹੀਂ ਹੁੰਦੀ, ਗੱਡਾ ਉੱਥੇ ਹੀ ਫਸਿਆ ਰਹੇਗਾ।

**ਤੁਸੀਂ ਨੌਜਵਾਨਾ ਤੇ ਵਿਦਿਆਰਥੀਆਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ?**

- ਨੌਜਵਾਨ ਵਰਗ ਇਸ ਸਮੇਂ ਡਾਢੀ ਕਸੂਤੀ ਹਾਲਤ 'ਚ ਫਸਿਆ ਹੋਇਆ ਹੈ। ਦਿਸ਼ਾਹੀਣ ਹੈ। ਸਾਮਰਾਜੀ ਆਰਥਿਕ, ਸਿਆਸੀ, ਸੱਭਿਆਚਾਰਕ ਹਮਲੇ ਤਿੱਖੇ ਹੋ ਰਹੇ ਹਨ। ਕੈਰੀਅਰਵਾਦ ਤੇ ਖਪਤਵਾਦ ਦਾ ਜ਼ੋਰ ਹੈ। ਨੌਜਵਾਨ ਸਾਥੀਓ ਤੁਹਾਡਾ ਵੱਡਾ ਹਿੱਸਾ ਇਸ ਵੇਲੇ ਤਿੱਖੀ ਉਪਰਾਮਤਾ, ਬੇਚੈਨੀ ਦਾ ਸ਼ਿਕਾਰ ਹੈ। ਤੁਹਾਨੂੰ ਮਾਰਕਸਵਾਦ ਪੜ੍ਹਨ ਦੀ ਲੋੜ ਹੈ, ਜਾਨਣ, ਸਮਝਣ, ਵਿਚਾਰਨ ਤੇ ਫਿਰ ਉਸਦੇ ਸਮਾਜ ਬਦਲੀ ਦੇ ਆਦਰਸ਼ਾਂ ਨੂੰ ਅਪਨਾਉਣ ਦੀ ਲੋੜ ਹੈ। ਸਾਡੇ ਮੁਲਕ 'ਚ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ। ਮਹਿੰਗਾਈ ਨੇ ਬੁਰਕੀ ਵੀ ਖੋਹ ਲੈਣੀ ਹੈ। ਅਮੀਰ ਅਮੀਰ ਹੋ ਰਿਹਾ ਹੈ ਤੇ ਗਰੀਬ ਹੋਰ ਗਰੀਬ.ਇਹ ਪਾੜਾ ਸਾਡੇ ਲਈ ਮਿਟਾਉਣਾ ਜ਼ਿੰਦਗੀ ਮੌਤ ਜਿਹਾ ਚੈਲੰਜ ਹੈ। ਜੇ ਇਹ ਪਾੜਾ ਨਾ ਮਿਟਿਆ ਤਾਂ ਥੋਡੇ ਬਜ਼ੁਰਗ ਹੁੰਦਿਆਂ ਤੱਕ ਸਾਡਾ ਇਹ ਭਾਰਤ ਮਹਾਨ-ਬਣ ਜਾਏਗਾ ਕਬਰਸਤਾਨ! ਕੀ ਤੁਸੀਂ ਕਬਰਾਂ ਬਨਣਾ ਚਾਹੋਗੇ? -ਨਹੀਂ ਨਾ - ਤਾਂ ਫਿਰ ਨੌਜਵਾਨ ਮਿੱਤਰੋ-ਵਕਤ ਦੀ ਨਬਜ਼ ਪਛਾਣੋ-ਜ਼ਿੰਦਗੀ ਬਦਲਣ, ਰਾਜ ਤੇ ਸਮਾਜ ਬਦਲਣ ਲਈ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੀ ਉਸਾਰੀ ਕਰਦਿਆਂ ਇਨਕਲਾਬੀ ਲੋਕ ਲਹਿਰ ਦੀ ਉਸਾਰੀ 'ਚ ਰੋਲ ਨਿਭਾਉਣ ਲਈ ਅੱਗੇ ਆਓ ਕਿਉਂਕਿ ਮੌਜੂਦਾ ਦਰਪੇਸ਼ ਹਾਲਤਾਂ ਦਾ ਬਦਲ ਸਿਰਫ ਤੇ ਸਿਰਫ ਸਮਾਜਵਾਦ ਹੀ ਹੈ। ਜਿਸਨੂੰ ਸਥਾਪਤ ਕਰਨ ਦਾ ਸੰਦ ਮਾਰਕਸਵਾਦੀ ਵਿਚਾਰਧਾਰਾ ਹੀ ਹੈ, ਜਿਸ ਨਾਲ ਲੈਸ ਹੋ ਕੇ ਸਮਾਜ ਅੰਦਰ ਤਬਦੀਲੀ ਲਿਆਂਦੀ ਜਾ ਸਕਦੀ ਹੈ। ਨੌਜਵਾਨਾਂ ਨੂੰ ਇਸ ਵਿਚਾਰਧਾਰਾ ਨੂੰ ਰੱਟਣ ਦੀ ਥਾਂ, ਪਿਛਲੱਗ ਬਣਨ ਦੀ ਥਾਂ ਅਜ਼ਾਦਾਨਾ ਅਤੇ ਆਲੋਚਨਾਤਮਕ ਢੰਗ ਨਾਲ ਇਸਨੂੰ ਗ੍ਰਹਿਣ ਕਰਨ ਦੀ ਲੋੜ ਹੈ।

ਜਮਹੂਰੀਅਤ ਹੱਕਾਂ ਦਾ ਮਸਲਾ

# ਨਜ਼ਰਬੰਦੀ ਦਾ ਲੇਖਾ-ਜੋਖਾ

ਇਫ਼ਤਿਖ਼ਾਰ ਗਿਲਾਨੀ

ਸਵੇਰੇ 10:30 ਵਜੇ ਦਫ਼ਤਰ ਜਾਣ ਲਈ ਮੈਂ ਕਾਰ ਵਿੱਚ ਬੈਗ ਰੱਖ ਹੀ ਰਿਹਾ ਸੀ ਕਿ ਐਨੇ ਨੂੰ ਮੇਰੇ ਕੋਲ ਦੋ ਵਿਅਕਤੀ ਆਏ ਜੋ ਮੈਥੋਂ ਗਿਲਾਨੀ ਸਾਹਿਬ (ਮੇਰੇ ਸਹੁਰਾ ਸਾਹਿਬ) ਦੇ ਘਰ ਬਾਰੇ ਜਾਣਨਾ ਚਾਹੁੰਦੇ ਸਨ। ਮੈਂ ਸੋਚਿਆ ਕਿ ਇਹ ਵਿਅਕਤੀ ਕਿਸੇ ਕੋਰੀਅਰ ਏਜੰਸੀ ਤੋਂ ਆਏ ਹੋਣਗੇ, ਪੁੱਛਿਆ ਕਿ ਤੁਸੀਂ ਕਿਹੜੇ ਗਿਲਾਨੀ ਸਾਹਿਬ ਦਾ ਪਤਾ ਪੁੱਛ ਰਹੇ ਹੋ? ਉਨ੍ਹਾਂ ਜਵਾਬ ਦਿੱਤਾ ਕਿ ਇਸ ਮੁਹੱਲੇ ਵਿੱਚ ਰਹਿਣ ਵਾਲੇ ਕਸ਼ਮੀਰੀ ਨੇਤਾ ਦਾ ਪਤਾ। ਮੈਂ ਕਿਹਾ ਕਿ ਉਹ ਦੂਸਰੇ ਬਲਾਕ ਵਿੱਚ ਰਹਿੰਦੇ ਹਨ ਅਤੇ ਇਹ ਕਹਿੰਦਿਆਂ ਉਨ੍ਹਾਂ ਨੂੰ ਦਿਸ਼ਾ ਸਮਝਾਉਣ ਲੱਗਾ। ਉਨਾਂ ਵਿੱਚੋਂ ਇਕ ਨੇ ਕਿਹਾ ਕਿ ਮੈਂ ਉਨਾਂ ਨਾਲ ਉਥੇ ਤੱਕ ਚੱਲਾਂ। ਮੈਂ ਉਸੇ ਤਰ੍ਹਾਂ ਹੀ ਕੀਤਾ। ਰਸਤੇ ਵਿੱਚ ਉਨ੍ਹਾਂ ਮੈਨੂੰ ਦੱਸਿਆ ਕਿ ਅਸੀਂ ਦਿੱਲੀ ਸਪੈਸ਼ਲ ਸੈੱਲ ਨਾਲ ਸਬੰਧ ਰੱਖਦੇ ਹਾਂ।

ਜਦੋਂ ਅਸੀਂ ਖਿਰਕੀ ਇਕਸਟੇਸ਼ਨ ਦੇ ਜੇ.ਡੀ. 18-ਈ ਬਲਾਕ ਪਾਹੁੰਚੇ ਤਾਂ ਮੈਂ ਦੇਖਿਆ ਕਿ ਗਲੀ ਵਿੱਚ ਸਾਦੇ ਕੱਪੜੇ ਪਹਿਨੀ ਕੁਝ ਵਿਅਕਤੀ ਪਹਿਲਾਂ ਹੀ ਜਮ੍ਹਾਂ ਸਨ। ਮੈਂ ਪਹਿਲੀ ਪਰਤ ਵੱਲ ਉਂਗਲੀ ਨਾਲ ਇਸ਼ਾਰਾ ਕੀਤਾ ਅਤੇ ਕਿਹਾ ਕਿ ਜਿਸ ਗਿਲਾਨੀ ਸਾਹਿਬ ਨੂੰ ਤੁਸੀਂ ਲੱਭ ਰਹੇ ਹੋ ਉਹ ਉਥੇ ਰਹਿੰਦੇ ਹਨ। ਜਦੋਂ ਹੀ ਮੈਂ ਇਹ ਕਹਿ ਕੇ ਜਾਣ ਲਈ ਤਿਆਰ ਹੋਇਆ ਉਨ੍ਹਾਂ ਨੇ ਮੈਨੂੰ ਫੜ ਲਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਗੱਲ ਕਰਨ ਲਈ ਬੱਸ ਕੁੱਝ ਮਿੰਟ ਹੋਰ ਚਾਹੀਦੇ ਹਨ। ਇਸ ਤੋਂ ਬਾਅਦ ਤਕਰੀਬਨ ਘਸੀਟਦੇ ਹੋਏ ਮੈਨੂੰ ਪਹਿਲੀ ਪਰਤ 'ਤੇ ਲੈ ਗਏ। ਉਨ੍ਹਾਂ ਨੇ ਮੇਰਾ ਪਰਸ, ਪਛਾਣ-ਪੱਤਰ, ਚਾਬੀ ਵਗੈਰਾ ਜ਼ਬਤ ਕਰ ਲਿਆ। ਪਰ ਹਾਲੇ ਤਕ ਮੇਰਾ ਫੋਨ ਉਨ੍ਹਾਂ ਦੇ ਧੱਕੇ ਨਹੀਂ ਚੜ੍ਹਿਆ ਸੀ। ਫਲੈਟ 'ਤੇ ਪਹੁੰਚਦੇ ਹੀ ਮੈਂ ਦੇਖਿਆ ਕਿ ਉਥੇ ਪਹਿਲਾਂ ਤੋਂ ਹੋਰ ਵੀ ਲੋਕ ਮੌਜੂਦ ਹਨ। ਜਦੋਂ ਹੀ ਉਹ ਆਪਸ ਵਿੱਚ ਗੱਲ-ਬਾਤ ਕਰਨ ਵਿੱਚ ਮਸਰੂਫ਼ ਹੋਏ ਤਾਂ ਮੈਂ ਬਾਥਰੂਮ ਚਲਾ ਗਿਆ ਅਤੇ ਉਥੋਂ ਆਪਣੇ ਦਫ਼ਤਰ ਅਤੇ ਕੁਝ ਦੋਸਤਾਂ ਨੂੰ ਐੱਸ.ਐਮ.ਐਸ ਭੇਜਣ ਵਿੱਚ ਕਾਮਯਾਬ ਹੋ ਗਿਆ। ਜਦੋਂ ਹੀ ਮੈਂ ਬਾਹਰ ਨਿਕਲਿਆ ਤਾਂ ਉਨਾਂ ਦੀ ਨਜ਼ਰ ਫੋਨ 'ਤੇ ਪੈ ਗਈ ਅਤੇ ਫਿਰ ਉਨ੍ਹਾਂ ਉਸਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ।

15 ਮਿੰਟ ਬਾਅਦ ਮੈਂ ਦੇਖਿਆ ਕਿ ਸਾਦੇ ਕੱਪੜਿਆਂ ਵਿੱਚ ਦੋ ਮਰਦ ਪੁਲੀਸ ਵਾਲਿਆਂ ਨਾਲ ਮੇਰੀ ਪਤਨੀ ਵੀ ਉਥੇ ਪਹੁੰਚ ਰਹੀ ਹੈ। ਘਰ ਵਿੱਚ ਮੇਰੇ ਬੱਚੇ ਤਣਾਅ ਵਿੱਚ ਸਨ। ਮੈਂ ਉਨ੍ਹਾਂ ਤੋਂ ਵਾਰ-ਵਾਰ ਜਾਣਨਾ ਚਾਹਿਆ ਕਿ ਮੈਨੂੰ ਨਜ਼ਰਬੰਦ ਕਰਨ ਦਾ ਕਾਰਨ ਦੱਸੋ। ਇਹ ਪੁੱਛਣ 'ਤੇ ਉਹ ਹਰ ਵਾਰ ਕਾਫੀ ਬੁਖਲਾਹਟ ਵਿੱਚ ਆ ਜਾਂਦੇ ਅਤੇ ਮੈਨੂੰ ਗੰਭੀਰ ਨਤੀਜਿਆਂ ਦੀ ਚਿਤਾਵਨੀ ਦਿੰਦੇ ਹੋਏ ਧਮਕਾਉਣ ਲੱਗ ਜਾਂਦੇ। ਮੈਂ ਇਹ ਵੀ ਜਾਣਨਾ ਚਾਹੁੰਦਾ ਸੀ ਕਿ ਜੇਕਰ ਨਜ਼ਰਬੰਦ ਕਰਨਾ ਹੀ ਸੀ ਤਾਂ ਫਿਰ ਮੇਰੇ ਆਪਣੇ ਘਰ ਦੀ ਵਜਾਏ ਸਈਦ ਅਲੀ ਸ਼ਾਹ ਗਿਲਾਨੀ ਦੇ ਘਰ ਵਿੱਚ ਕਿਉਂ ਕੀਤਾ ਗਿਆ ਅਤੇ ਮੇਰੇ ਬੱਚਿਆਂ ਨੂੰ ਸਾਡੇ ਤੋਂ ਦੂਰ ਕਿਉਂ ਰੱਖਿਆ ਗਿਆ?

ਸਾਡੇ ਉਥੇ ਪਹੁੰਚਣ ਤੋਂ ਬਾਅਦ ਉਹ ਇਕ-ਇਕ ਕਰਕੇ ਬਾਹਰ ਨਿਕਲਣ ਲੱਗੇ। ਜੇਕਰ ਮੈਂ ਸਿਰਫ਼ ਇਹ ਕਹਾਂ ਕਿ ਮੇਰੇ ਬੱਚੇ ਦਹਿਸ਼ਤ ਵਿੱਚ ਸਨ ਤਾਂ ਇਹ ਮਸਲੇ ਦੇ ਅਸਰ ਨੂੰ ਘੱਟ ਕਰਨਾ ਹੋਵੇਗਾ.ਬੱਚਿਆਂ ਨੇ ਸਾਨੂੰ ਦੱਸਿਆ ਕਿ ਕਿਸ ਤਰ੍ਹਾਂ ਸਾਡੀ ਗੈਰ-ਮੌਜੂਦਗੀ ਵਿੱਚ ਉਹ ਲੋਕ ਦਰਵਾਜ਼ੇ ਨੂੰ ਧੜੱਮ ਨਾਲ ਮਾਰਦੇ ਹੋਏ ਉਨ੍ਹਾਂ ਨੂੰ ਬੈੱਡਰੂਮ ਵਿੱਚ ਕੈਦ ਕਰ ਦਿੱਤਾ ਸੀ। ਲਗਭਗ ਪੰਜ ਘੰਟਿਆਂ ਬਾਅਦ ਮੈਂ ਬਾਹਰ ਤੋਂ ਕਈ ਅਵਾਜ਼ਾਂ ਸੁਣੀਆਂ। ਇਕ ਅਧਿਕਾਰੀ ਤਰਜ਼ ਵਿਅਕਤੀ ਅੰਦਰ ਆਇਆ ਅਤੇ ਜ਼ੋਰ ਦੀ ਕਿਹਾ ਕਿ, "ਮੈਂ ਆਜ਼ਾਦ ਹਾਂ ਅਤੇ ਆਪਣੇ ਘਰ ਜਾ ਸਕਦਾ ਹਾਂ।" ਨਾਲ ਦੀ ਗਲੀ ਵਿੱਚ ਮੈਂ ਹਿੰਦੁਸਤਾਨ ਟਾਇਮਜ਼ ਦੇ ਔਰੰਗਜੇਬ ਨਕਸ਼ਬਰਦਨੀ ਅਤੇ ਬਿਊਰੋ ਮੁਖੀ ਸੈਕਤ ਦੱਤਾ ਸਮੇਤ ਦਫ਼ਤਰ ਦੇ ਕਈ ਹੋਰ ਲੋਕਾਂ ਨੂੰ ਦੇਖਿਆ। ਉਹ ਗ੍ਰਹਿ ਮੰਤਰਾਲੇ ਅਤੇ ਦਿੱਲੀ ਪੁਲੀਸ ਵਿੱਚ ਆਪਣੇ ਹਰ ਸੰਭਵ ਸੰਪਰਕ ਦੀ ਵਰਤੋਂ ਕਰ ਚੁੱਕੇ ਸਨ। ਜਦੋਂ ਮੈਂ ਘਰ ਪਹੁੰਚਿਆ ਤਾਂ ਦੇਖਿਆ ਕਿ ਮੇਰੇ ਕਮਰੇ ਅਤੇ ਡਰਾਇੰਗ ਰੂਮ ਵਿੱਚ 7-8 ਲੋਕ ਮੌਜੂਦ ਹਨ। ਉਨ੍ਹਾਂ ਨੇ ਸਾਡੇ ਬੱਚਿਆਂ ਨੂੰ ਬੈੱਡਰੂਮ ਵਿੱਚ ਬੰਦ ਕਰ ਰੱਖਿਆ ਸੀ।

ਜਨਤਕ ਤੌਰ 'ਤੇ ਮੈਂ ਵਾਰ-ਵਾਰ ਕਹਿ ਚੁੱਕਿਆ ਹਾਂ ਕਿ, "ਆਪਣੇ ਸਹੁਰੇ ਸਈਦ ਅਲੀ ਸ਼ਾਹ ਗਿਲਾਨੀ ਦੀ ਰਾਜਨੀਤੀ ਨਾਲ ਮੇਰਾ ਕੋਈ ਲੈਣਾ-ਦੇਣਾ ਨਹੀਂ ਹੈ। ਪਿਛਲੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਮੈਂ ਦਿੱਲੀ ਵਿੱਚ ਪੱਤਰਕਾਰਤਾ ਕਰਦਿਆਂ ਜੀਅ ਰਿਹਾ ਹਾਂ। ਸੁਰੱਖਿਆ ਏਜੰਸੀਆਂ ਅਤੇ ਖਾਸਕਰ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਦੇ ਵਰਤਾਓ ਨਾਲ ਮੈਂ ਬੁਰੀ ਤਰ੍ਹਾਂ ਪਰੇਸ਼ਾਨ ਅਤੇ ਹੈਰਾਨ ਹਾਂ। ਮੈਂ ਕਾਫੀ ਡਰਿਆ ਹੋਇਆ ਮਹਿਸੂਸ ਕਰ ਰਿਹਾ ਹਾਂ।" ਆਪਣੇ ਬੱਚਿਆਂ ਨੂੰ ਸਾਂਤੀ ਅਤੇ ਅਪਣੱਤ ਦੇ ਮਾਹੌਲ ਵਿੱਚ ਪਾਲਣ ਦੀ ਮੈਂ ਪੂਰੀ ਕੋਸ਼ਿਸ ਕਰਦਾ ਹਾਂ। ਮੈਂ ਨਹੀਂ ਜਾਣਦਾ ਕਿ ਸਾਂਤੀ ਪਸੰਦ ਅਤੇ ਕਾਨੂੰਨ ਨੂੰ ਮੰਨਣ ਵਾਲੇ ਵਿਅਕਤੀ ਵਜੋਂ ਖੁਦ ਨੂੰ ਸਾਬਿਤ ਕਰਨ ਲਈ ਮੈਨੂੰ ਕੀ ਕਰਨਾ ਹੋਵੇਗਾ? ਜਿਸ ਤਰ੍ਹਾਂ ਫਰੇਰਿਕ ਡਗਲਸ ਨੇ ਕਿਹਾ ਹੈ ਕਿ, "ਰਾਸ਼ਟਰ ਦਾ ਜੀਵਨ ਤਾਂ ਹੀ ਸੁਰੱਖਿਅਤ ਹੈ, ਜਦੋਂ ਤੱਕ ਉਹ ਈਮਾਨਦਾਰ, ਸੱਚਾ ਅਤੇ ਭੱਦਰ ਹੋਵੇ।" ਮੈਂ ਇਸ ਵਿੱਚ ਵਾਧਾ ਕਰਨਾ ਚਾਹਾਂਗਾ ਕਿ, "ਇਸ ਵਿੱਚ ਬਿਆਨਬਾਜ਼ੀ 'ਤੇ ਉਤਾਰੂ (ਹਮਲਾਵਰ) ਵਰਗ ਨੂੰ ਵਕਤੀ ਲਾਭ ਤਾਂ ਮਿਲਦਾ ਦਿਖੇਗਾ, ਪਰ ਲੰਬੇ ਸਮੇਂ ਵਿੱਚ ਜ਼ਬਰ, ਤਸ਼ੱਦਦ ਅਤੇ (ਨਾਗਰਿਕਾਂ ਦੇ) ਅਧਿਕਾਰਾਂ ਨੂੰ ਕੁਚਲ ਕੇ ਕੋਈ ਰਾਸ਼ਟਰ ਕਮਜ਼ੋਰ ਅਤੇ ਅਸੁਰੱਖਿਅਤ ਹੀ ਹੋਵੇਗਾ।"

# United Nations on Death Pelanty

At Italy's instigation, the UN moratorium on the death penalty resolution was presented by the EU in partnership with eight co-author member States to the General Assembly of the United Nations, calling for general suspension (not abolition) of capital punishment throughout the world. It was twice affirmed: first, on 15 November 2007 by the Third Committee, and then subsequently reaffirmed on 18 December by the United Nations General Assembly resolution 62/149. New Zealand played a central role facilitating agreement between the co-author group and other supporters.

It calls on States that maintain the death penalty to establish a moratorium on the use of the death penalty with a view to abolition, and in the meantime, to restrict the number of offences which it punishes and to respect the rights of those on death row. It also calls on States that have abolished the death penalty not to reintroduce it. Like all General Assembly resolutions, it is not binding on any state. On 18 December 2007, the United Nations General Assembly voted 104 to 54 in favour of resolution A/RES/62/149, which proclaims a global moratorium on the death penalty, with 29 abstentions (as well as 5 absent at the time of the vote).[1] Italy had proposed and sponsored this resolution. After the resolution's approval, Italian Foreign Minister Massimo D'Alema declared: "Now we must start working on the abolition of the death penalty".[2] On 18 December 2008, the General Assembly adopted another resolution (A/RES/63/168) reaffirming its previous call for a global moratorium on capital punishment 106 to 46 (with 34 abstentions and another 6 were absent at the time of the vote). Working in partnership with the EU, New Zealand and Mexico were co-facilitators of the draft text which was developed over a period of six months, which Chile then presented to the UN General Assembly on behalf of cosponsors.

Once again on 21 December 2010, the 65th General Assembly adopted a third resolution (A/RES/65/206) with 109 countries voting in favour, 41 against and 35 abstentions (another 7 countries were absent at the time of the vote).[3] Another resolution on a moratorium will be then further discussed under the item entitled "Promotion and protection of human rights" in 2012

ਸਭਿਆਚਾਰ ਦਾ ਸਵਾਲ

# ਕਲਚਰਲ ਸੋਚ ਦੀ ਗਾਇਕੀ ਦੇ ਮਿਆਰਦਾ ਸਵਾਲ



ਡਾ. ਅਰਵਿੰਦਰ ਕੌਰ ਕਾਕੜਾ





ਅੱਜ ਸਾਡੇ ਸਮਾਜ ਵਿੱਚ ਲਗਾਤਾਰ ਭਿਅੰਕਰ ਵਾਰਦਾਤਾਂ ਸਾਹਮਣੇ ਆ ਰਹੀਆਂ ਹਨ ਜਿਨ੍ਹਾਂ ਵਿੱਚੋਂ ਨੈਤਿਕ ਕਦਰਾਂ-ਕੀਮਤਾਂ ਵਿੱਚ ਆਇਆ ਨਿਘਾਰ ਪ੍ਰਤੱਖ ਰੂਪ ਵਿੱਚ ਪ੍ਰਗਟ ਹੋ ਰਿਹਾ ਹੈ। ਔਰਤਾਂ ਅਤੇ ਕੁੜੀਆਂ ਵਿਰੁੱਧ ਜੁਰਮ ਵਧ ਰਹੇ ਹਨ, ਬਲਾਤਕਾਰ ਅਤੇ ਸ਼ੋਸ਼ਣ ਜਿਹੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ ਜੋ ਬੀਮਾਰ ਸਮਾਜ ਦਾ ਸੂਚਕ ਹੈ। ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਹੋਈਆਂ ਵੱਖ-ਵੱਖ ਘਟਨਾਵਾਂ ਅਤੇ ਦਿੱਲੀ ਵਿੱਚ ਹੋਏ ਸਮੂਹਿਕ ਬਲਾਤਕਾਰ ਕਾਂਡ ਨੇ ਸਮਾਜ ਵਿੱਚ ਅਜਿਹੀਆਂ ਘਟਨਾਵਾਂ ਵਿਰੁੱਧ ਰੋਹ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਇਸ ਵਰਤਾਰੇ ਦੇ ਕਾਰਨ ਲੱਭਦਿਆਂ ਹੋਇਆਂ ਲੋਕਾਂ ਨੇ ਔਰਤ ਵਿਰੁੱਧ ਪੇਸ਼ ਹੋ ਰਹੀ ਅਸ਼ਲੀਲ ਗਾਇਕੀ ਪ੍ਰਤੀ ਰੋਸ ਪ੍ਰਗਟ ਕੀਤਾ ਹੈ। ਕਿਤੇ ਅਸ਼ਲੀਲ ਗਾਇਕੀ ਪੇਸ਼ ਕਰਨ ਵਾਲੇ ਗਾਇਕਾਂ ਦੇ ਪੁਤਲੇ ਸਾੜੇ ਗਏ ਹਨ ਤਾਂ ਕਿਤੇ ਉਨ੍ਹਾਂ ਗਾਇਕਾਂ ਨੂੰ ਔਰਤ ਵਿਰੋਧੀ ਗੀਤ ਗਾਉਣ ਲਈ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ ਹੈ।

ਦਰਅਸਲ, ਅਸ਼ਲੀਲ ਗਾਇਕੀ ਸ਼ੋਰ-ਸ਼ਰਾਬੇ ਵਾਲੀ ਅਜਿਹੀ ਗਾਇਕੀ ਹੈ ਜਿਸ ਵਿੱਚ ਸੰਗੀਤ ਦੀ ਰੂਹ ਲੋਪ ਹੈ। ਜਿੱਥੇ ਇਨ੍ਹਾਂ ਗੀਤਾਂ ਦਾ ਵਿਸ਼ਾ ਪੱਖ ਔਰਤ ਵਿਰੋਧੀ ਹੈ ਉੱਥੇ ਇਨ੍ਹਾਂ ਦੀ ਪੇਸ਼ਕਾਰੀ ਵੀ ਔਰਤ ਦੇ ਕਿਰਦਾਰ ਅਤੇ ਮਾਨ-ਸਨਮਾਨ ਨੂੰ ਠੋਕਰ ਮਾਰਦੀ ਨਜ਼ਰ ਆਉਂਦੀ ਹੈ। ਇਸ ਵਿੱਚ ਔਰਤ ਦਾ ਬਿੰਬ ਇਸ ਤਰ੍ਹਾਂ ਪੇਸ਼ ਹੁੰਦਾ ਹੈ ਜਿਵੇਂ ਉਹ ਸਿਰਫ਼ ਇੱਕ ਵਸਤੂ ਹੋਵੇ। ਇਨ੍ਹਾਂ ਗੀਤਾਂ ਵਿੱਚੋਂ ਕੁੜੀ ਦਾ ਰਿਸ਼ਤਾ ਵਸਤੂ ਜਾਂ ਮਾਸ਼ੂਕ ਤਕ ਹੀ ਸੀਮਤ ਕਰ ਦਿੱਤਾ ਗਿਆ ਹੈ। ਨੌਜਵਾਨ ਆਪਣੇ-ਆਪ ਨੂੰ ਉਹੀ ਨਾਇਕ ਬਣਨ ਦੀ ਤਮੰਨਾ ਕਰਦੇ ਹਨ ਜਿਸ ਦਾ ਬਿੰਬ ਇਨ੍ਹਾਂ ਗੀਤਾਂ ਵਿੱਚੋਂ ਉਘੜਿਆ ਹੋਵੇ। ਬੀਮਾਰ ਮਾਨਸਿਕਤਾ ਦੇ ਸ਼ਿਕਾਰ ਅਜਿਹੇ ਵਿਅਕਤੀ ਅਜਿਹਾ ਕੁਝ ਹਕੀਕਤ ਵਿੱਚ ਕਰਦੇ ਹਨ ਅਤੇ ਦਾਮਿਨੀ ਕਾਂਡ ਵਰਗੀਆਂ ਕਈ ਘਟਨਾਵਾਂ ਨੂੰ ਜਨਮ ਦਿੰਦੇ ਹਨ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਸ ਅਸ਼ਲੀਲ ਗਾਇਕੀ ਦਾ ਪ੍ਰਸਾਰ ਕਰਨ ਵਾਲੇ ਕਿਹੜੇ ਕਾਰਨ ਹਨ। ਸਾਡੇ ਸਮਾਜ ਵਿੱਚ ਹੋ ਰਿਹਾ ਸਾਮਰਾਜੀ ਸੱਭਿਆਚਾਰ ਦਾ ਹਮਲਾ ਇਸ ਗਾਇਕੀ ਨੂੰ ਪ੍ਰਫੁੱਲਤ ਕਰਨ ਦਾ ਮੁੱਖ ਕਾਰਨ ਹੈ। ਇਸ ਨੇ ਸਾਡੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਖੋਰਾ ਲਾ ਕੇ ਇਸ ਦਾ ਰੂਪ ਵਿਗਾੜ ਦਿੱਤਾ ਹੈ। ਸਾਡੇ ਦੇਸ਼ ਦੀ ਜਕੜ ਜਗੀਰੂ ਕਦਰਾਂ-ਕੀਮਤਾਂ 'ਤੇ ਟਿਕੀ ਹੋਈ ਹੈ ਅਤੇ ਹੁਣ ਸਾਡੇ 'ਤੇ ਸਾਮਰਾਜੀ ਕਦਰਾਂ-ਕੀਮਤਾਂ ਦਾ ਪ੍ਰਭਾਵ ਥੋਪਿਆ ਜਾ ਰਿਹਾ ਹੈ। ਸਾਮਰਾਜੀ ਮੁਲਕਾਂ ਦਾ ਇਹ ਕਿਰਦਾਰ ਰਿਹਾ ਹੈ ਕਿ ਉਹ ਆਪਣੇ ਮੁਨਾਫ਼ੇ ਦੇ ਹਿੱਤ ਲਈ ਸੋਚਦਾ ਹੋਇਆ ਹਮੇਸ਼ਾ ਹੀ ਲੋਕ ਵਿਰੋਧੀ ਹੋ ਨਿਬੜਿਆ ਹੈ। ਇਸ ਨੇ ਆਪਣੇ ਉਤਪਾਦ ਨੂੰ ਵੇਚਣ ਲਈ ਬਹੁਕੌਮੀ ਕੰਪਨੀਆਂ ਦਾ ਵਿਸਥਾਰ ਕੀਤਾ ਹੈ। ਇਸ਼ਤਿਹਾਰਬਾਜ਼ੀ ਦੇ ਜ਼ਰੀਏ ਖ਼ਾਸ ਕਰਕੇ ਇਸ ਨੇ ਕੁੜੀ ਨੂੰ ਅਜਿਹੇ ਰੂਪ ਵਿੱਚ ਪੇਸ਼ ਕਰ ਕੇ ਲੋਕਾਂ ਦਾ ਧਿਆਨ ਖਿੱਚਿਆ ਹੈ ਤਾਂ ਕਿ ਇਨ੍ਹਾਂ ਵਸਤਾਂ ਦੀ ਖ਼ਰੀਦ ਵਧ ਸਕੇ। ਇਸ ਤੋਂ ਇਲਾਵਾ ਇਸ ਨੇ ਪੈਸੇ ਦੀ ਅਹਿਮੀਅਤ ਅਤੇ ਸਥਾਪਤੀ ਦਾ ਸੰਕਲਪ ਪੇਸ਼ ਕੀਤਾ ਹੈ ਜੋ ਮਰਦ ਤੇ ਔਰਤ ਦੋਹਾਂ ਅੰਦਰ ਸਮਾ ਚੁੱਕਾ ਹੈ। ਪੈਸੇ ਦੀ ਅੰਨ੍ਹੀ ਦੌੜ ਪਿੱਛੇ ਲੱਗੇ ਲੋਕ ਕਈ ਵਿਕਾਰਾਂ ਨੂੰ ਜਨਮ ਦਿੰਦੇ ਹਨ। ਸਮਾਜ ਵਿੱਚ ਭ੍ਰਿਸ਼ਟਾਚਾਰ, ਕਤਲ ਅਤੇ ਡਕੈਤੀ ਜਿਹੀਆਂ ਘਟਨਾਵਾਂ ਵਧਦੀਆਂ ਹਨ। ਦਿਨੋ-ਦਿਨ ਅਮੀਰ ਬਣਨ ਦਾ ਸੁਪਨਾ ਲੋਕਾਂ ਉਪਰ ਹਾਵੀ ਹੋਣ ਲੱਗਦਾ ਹੈ। ਗਾਇਕੀ ਦੇ ਖੇਤਰ ਵਿੱਚ ਵੀ ਅਜਿਹਾ ਹੀ ਹੋਇਆ ਹੈ। ਵੱਡੀਆਂ ਸੰਗੀਤ ਕੰਪਨੀਆਂ ਜੋ ਬਹੁਕੌਮੀ ਕੰਪਨੀਆਂ ਦਾ ਹਿੱਸਾ ਹਨ, ਨੇ ਗੀਤਕਾਰ, ਗਾਇਕ ਅਤੇ ਸੰਗੀਤਕਾਰ ਨੂੰ ਪੈਸਾ ਇਕੱਠਾ ਕਰਨ ਦੇ ਅਜਿਹੇ ਸੁਪਨੇ ਦਿਖਾਏ ਜਿਸ ਵਿੱਚ ਕੰਪਨੀਆਂ ਦਾ ਦੂਹਰਾ ਮਕਸਦ ਲੁਕਿਆ ਹੋਇਆ ਹੈ। ਇੱਕ ਤਾਂ ਵੱਧ ਤੋਂ ਵੱਧ ਕੈਸਟਾਂ ਵੇਚ ਕੇ ਵੱਧ ਮੁਨਾਫ਼ਾ ਕਮਾਉਣਾ ਅਤੇ ਗੀਤਕਾਰਾਂ, ਗਾਇਕਾਂ ਅਤੇ ਸੰਗੀਤਕਾਰਾਂ ਨੂੰ ਵੱਧ ਪੈਸਾ ਦੇਣਾ ਅਤੇ ਦੂਜਾ ਗੀਤਾਂ ਦੀ ਪੇਸ਼ਕਾਰੀ ਅਜਿਹੇ ਢੰਗ ਨਾਲ ਕਰਵਾਉਣੀ ਕਿ ਜੋ ਲੋਕਾਂ ਦੀ ਚੇਤਨਾ ਨੂੰ ਖੋਰਾ ਲਾਵੇ ਤਾਂ ਕਿ ਉਹ ਚੇਤੰਨ ਰੂਪ ਵਿੱਚ ਸਾਮਰਾਜੀ ਕਰੂਰ ਨੀਤੀਆਂ ਤੇ ਆਪਣੇ ਹੱਕਾਂ ਬਾਰੇ ਸੋਚ ਹੀ ਨਾ ਸਕਣ। ਅਸ਼ਲੀਲ ਗਾਇਕੀ ਅਜਿਹਾ ਕੁਝ ਕਰ ਰਹੀ ਹੈ। ਇਸ ਗਾਇਕੀ ਦਾ ਅਸਲੀ ਚਿਹਰਾ ਉਸ ਸਮੇਂ ਸਾਹਮਣੇ ਆ ਜਾਂਦਾ ਹੈ ਜਦੋਂ ਆਪਣੇ ਗੀਤਾਂ ਵਿੱਚ ਔਰਤ ਵਿਰੋਧੀ ਵਰਤਾਰਿਆਂ ਨੂੰ ਉਤਸ਼ਾਹਤ ਕਰਨ ਅਤੇ ਧੀਆਂ-ਭੈਣਾਂ ਦੇ ਵਿਰੋਧੀ ਅਸ਼ਲੀਲ ਗੀਤ ਗਾਉਣ ਵਾਲੇ ਕੁਝ ਗਾਇਕ ਅਜਿਹੀਆਂ ਘਟਨਾਵਾਂ ਹੋਣ ਦੇ ਬਾਵਜੂਦ ਵੀ ਗੀਤ ਗਾ ਰਹੇ ਹਨ। ਇਨ੍ਹਾਂ ਗਾਇਕਾਂ ਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ।

ਸਾਡੀਆਂ ਹਾਕਮ ਜਮਾਤਾਂ ਦੇ ਕਈ ਵੱਡੇ ਸਰਕਾਰੀ ਸਮਾਗਮਾਂ ਵਿੱਚ ਅਜਿਹੇ ਗਾਇਕਾਂ ਨੂੰ ਉਚੇਚੇ ਤੌਰ 'ਤੇ ਬੁਲਾਇਆ ਜਾਂਦਾ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਇਸ ਅਸ਼ਲੀਲ ਗਾਇਕੀ ਨੂੰ ਵਧਾਉਣ 'ਚ ਕਿਸ ਦਾ ਯੋਗਦਾਨ ਹੈ? ਇਹ ਤਾਂ ਅਸੀਂ ਜਾਣਦੇ ਹਾਂ ਕਿ ਲੋਕਾਂ ਉੱਪਰ ਉਹ ਜਮਾਤ ਆਪਣੀ ਕਲਾ ਥੋਪਦੀ ਹੈ ਜਿਸ ਦਾ ਪੈਦਾਵਾਰੀ ਸਾਧਨਾਂ ਉੱਪਰ ਕੰਟਰੋਲ ਹੁੰਦਾ ਹੈ। ਅਸਲ ਵਿੱਚ ਲੱਚਰ ਗਾਇਕੀ ਦੀ ਵੀ ਜੜ੍ਹ ਇੱਥੇ ਹੀ ਹੈ। ਅਸ਼ਲੀਲ ਗਾਇਕੀ ਦਾ ਵਿਰੋਧ ਕਰਨ ਲਈ ਪੰਜਾਬ ਵਿੱਚੋਂ ਆਵਾਜ਼ ਉਠ ਰਹੀ ਹੈ। ਕੁਝ ਧਿਰਾਂ ਦੀ ਮੰਗ ਹੈ ਕਿ ਔਰਤ ਵਿਰੋਧੀ ਅਸ਼ਲੀਲ ਗੀਤ ਗਾਉਣ ਵਾਲੇ ਗਾਇਕਾਂ ਨੂੰ ਸਜ਼ਾ ਦਿੱਤੀ ਜਾਵੇ ਅਤੇ ਅਜਿਹੇ ਗੀਤਾਂ ਉੱਪਰ ਪਾਬੰਦੀ ਲਗਾਈ ਜਾਵੇ। ਪਿਛਲੇ ਦੋ ਸਾਲਾਂ ਤੋਂ ਅਸ਼ਲੀਲ ਗਾਇਕੀ ਵਿਰੁੱਧ ਸੰਘਰਸ਼ ਕਰ ਰਹੇ ਇਸਤਰੀ ਜਾਗ੍ਰਿਤੀ ਮੰਚ ਨੇ ਕਈ ਗਾਇਕਾਂ ਦੇ ਪੁਤਲੇ ਸਾੜੇ ਹਨ ਅਤੇ ਕਈਆਂ ਦੇ ਘਰਾਂ ਅੱਗੇ ਧਰਨੇ ਦਿੱਤੇ ਹਨ। ਇਨ੍ਹਾਂ ਗੀਤਾਂ ਦੇ ਵਿਰੋਧ ਵਿੱਚ ਇਸ ਸੰਗਠਨ ਦਾ ਵੱਡਮੁੱਲਾ ਯੋਗਦਾਨ ਹੈ ਜਦੋਂ ਕਿ ਅਸ਼ਲੀਲ ਗਾਇਕੀ ਦੀ ਪ੍ਰੋੜਤਾ ਕਰਦੇ ਹੋਏ ਕਈ ਅਜਿਹੇ ਗਾਇਕ ਤੇ ਉਨ੍ਹਾਂ ਦੇ ਹਮਦਰਦ ਇਨ੍ਹਾਂ ਗਾਇਕਾਂ ਦਾ ਬਚਾਅ ਕਰਦਿਆਂ ਇਹ ਕਹਿ ਰਹੇ ਹਨ ਕਿ ਕਲਾ ਵਿੱਚ ਅਜ਼ਾਦੀ ਦਾ ਪ੍ਰਦਰਸ਼ਨ ਹੁੰਦਾ ਹੈ ਪਰ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਜੇ ਅਜ਼ਾਦੀ ਦੇ ਨਾਂ 'ਤੇ ਕੁਝ ਵੀ ਕੀਤਾ ਜਾ ਸਕਦਾ ਹੈ ਤਾਂ ਫਿਰ ਸਮਾਜਿਕ ਮਰਿਆਦਾ ਦੀ ਹੱਦ ਕੀ ਰਹਿ ਜਾਂਦੀ ਹੈ? ਅਸਲ ਵਿੱਚ ਕਲਾ ਅੰਦਰ ਵੀ ਅਜ਼ਾਦੀ ਦੀ ਸੀਮਾ ਹੁੰਦੀ ਹੈ ਜੋ ਸਮਾਜਿਕ ਜ਼ਿੰਮੇਵਾਰੀ ਨਾਲ ਜੁੜੀ ਹੁੰਦੀ ਹੈ।

ਅਸ਼ਲੀਲ ਗਾਇਕੀ ਦਾ ਵਿਰੋਧ ਕਰਦੇ ਕਈ ਵਿਦਵਾਨਾਂ ਨੇ ਸਰਕਾਰ ਅੱਗੇ ਸੱਭਿਆਚਾਰ ਨੀਤੀ ਬਣਾਉਣ ਦੀ ਮੰਗ ਰੱਖੀ ਹੈ ਜਿਸ ਵਿੱਚ ਸੈਂਸਰ ਬੋਰਡ ਬਣਾਇਆ ਜਾਵੇ ਅਤੇ ਹਰ ਕੈਸਟ ਨੂੰ ਚੈੱਕ ਕਰਨ ਤੋਂ ਬਾਅਦ ਵਿਕਣਯੋਗ ਬਣਾਇਆ ਜਾਵੇ। ਜੇਕਰ ਕੋਈ ਗਾਇਕ ਨਿਯਮਾਂ ਨੂੰ ਤੋੜਦਾ ਹੈ ਤਾਂ ਉਸ ਲਈ ਸਜ਼ਾ ਵੀ ਨਿਰਧਾਰਤ ਕੀਤੀ ਜਾਵੇ। ਇਸ ਤਰ੍ਹਾਂ ਦੇ ਕਈ ਸੁਝਾਅ ਪੇਸ਼ ਕੀਤੇ ਜਾ ਰਹੇ ਹਨ। ਇਹ ਵਿਚਾਰ ਵੀ ਆਉਂਦਾ ਹੈ ਕਿ ਜੇਕਰ ਲੋਕ ਅਜਿਹੀ ਗਾਇਕੀ ਨਾ ਸੁਣਨ ਇਸ ਦਾ ਪ੍ਰਭਾਵ ਆਪਣੇ-ਆਪ ਘਟ ਜਾਵੇਗਾ ਪਰ ਜਦ ਲੋਕਾਂ ਦੀ ਰਾਇ ਪੁੱਛੀ ਜਾਵੇ ਤਾਂ ਜੁਆਬ ਮਿਲਦਾ ਹੈ ਕਿ ਅੱਜ-ਕੱਲ੍ਹ ਅਜਿਹੇ ਹੀ ਗੀਤ ਸੁਣਨ ਨੂੰ ਮਿਲਦੇ ਹਨ। ਇਹ ਗੱਲ ਠੀਕ ਹੈ ਕਿ ਲੋਕ ਗੀਤ ਸੁਣਨ ਦਾ ਆਨੰਦ ਤਾਂ ਲੈਣਾ ਚਾਹੁੰਦੇ ਹਨ ਪਰ ਉਨ੍ਹਾਂ ਉੱਪਰ ਥੋਪੇ ਹੀ ਅਜਿਹੇ ਗੀਤ ਜਾ ਰਹੇ ਹਨ। ਫਿਰ ਇਸ ਦਾ ਹੱਲ ਕੀ ਹੋ ਸਕਦਾ ਹੈ?

ਅੱਜ ਦੇ ਸਮੇਂ ਦੀ ਮੰਗ ਹੈ ਕਿ ਅਸ਼ਲੀਲ ਗਾਇਕੀ ਦੇ ਸਮਾਨਾਂਤਰ ਮਿਆਰੀ ਗਾਇਕੀ ਦਾ ਮੰਚ ਉਸਾਰਿਆ ਜਾਵੇ। ਅਜਿਹੇ ਬਦਲਾਅ ਦਾ ਲੋਕ ਸੁਆਗਤ ਕਰਦੇ ਹਨ। ਕਈ ਮਿਆਰੀ ਗੀਤ ਲੋਕਾਂ ਦੇ ਮਨਾਂ ਅੰਦਰ ਪਹਿਚਾਣ ਬਣਾ ਚੁੱਕੇ ਹਨ। ਅਜਿਹੇ ਮਿਆਰੀ ਗੀਤ ਲੱਚਰ ਗਾਇਕੀ ਦੇ ਮੁਕਾਬਲੇ ਵਿੱਚ ਲੂਣ ਸਮਾਨ ਹਨ। ਇਨ੍ਹਾਂ ਦਾ ਪ੍ਰਚਾਰ ਵੀ ਵੱਡੇ ਪੱਧਰ 'ਤੇ ਨਹੀਂ ਹੋ ਰਿਹਾ ਹੈ ਜਿਵੇਂ ਕਿ ਲੱਚਰ ਗੀਤਾਂ ਦਾ ਪ੍ਰਚਾਰ ਹਰ ਟੀ.ਵੀ. ਚੈਨਲ ਕਰ ਰਿਹਾ ਹੈ। ਇਸ ਲਈ ਮਿਆਰੀ ਗਾਇਕੀ ਦੇ ਮੰਚ ਬਣਾਉਣ ਲਈ ਲੇਖਕ, ਗੀਤਕਾਰ ਅਤੇ ਕਲਾਕਾਰਾਂ ਨੂੰ ਅੱਗੇ ਆਉਣਾ ਪਵੇਗਾ। ਅੱਜ ਦੇ ਦੌਰ ਵਿੱਚ ਇਨ੍ਹਾਂ ਸੰਜੀਦਾ ਅਤੇ ਸੰਵੇਦਨਸ਼ੀਲ ਲੋਕਾਂ ਦੀ ਸਮਾਜਿਕ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ ਕਿ ਉਹ ਇਸ ਦਲਦਲ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ। ਲੋਕਾਂ ਨੂੰ ਇਸ ਸਬੰਧੀ ਚੇਤੰਨ ਕਰਨ ਦੀ ਲੋੜ ਹੈ ਕਿ ਕਲਾ ਅਤੇ ਉਸ ਦੇ ਨਾਂ 'ਤੇ ਉਨ੍ਹਾਂ ਨੂੰ ਮਿੱਠਾ ਜ਼ਹਿਰ ਪਰੋਸਿਆ ਜਾ ਰਿਹਾ ਹੈ। ਇਹ ਅਸ਼ਲੀਲ ਗੀਤ ਸਾਡੇ ਸੱਭਿਆਚਾਰ ਦਾ ਵਿਕਾਸ ਨਹੀਂ ਸਗੋਂ ਵਿਨਾਸ਼ ਕਰ ਰਹੇ ਹਨ। ਇਨ੍ਹਾਂ ਦਾ ਵਿਸ਼ਾ ਔਰਤ-ਮਰਦ ਦੇ ਸਬੰਧਾਂ ਤਕ ਹੀ ਹੈ। ਮਿਆਰੀ ਗੀਤਾਂ ਦਾ ਆਪਣਾ ਮਿਆਰ ਹੁੰਦਾ ਹੈ ਅਤੇ ਇਹ ਸਮਾਜ ਦੇ ਵੱਖ-ਵੱਖ ਵਿਸ਼ਿਆਂ ਨੂੰ ਪੇਸ਼ ਕਰਦੇ ਹੋਏ ਜਿੱਥੇ ਲੋਕਾਂ ਨੂੰ ਸੁਹਜ ਤੇ ਆਨੰਦ ਬਖ਼ਸ਼ਦੇ ਹਨ ਉੱਥੇ ਸਮਾਜ ਦੀਆਂ ਪ੍ਰਸਥਿਤੀਆਂ ਪ੍ਰਤੀ ਵੀ ਜਾਗਰੂਕ ਕਰਦੇ ਹਨ। ਕਲਾ ਦਾ ਅਰਥ ਪੈਸਾ ਕਮਾਉਣਾ ਨਹੀਂ ਹੁੰਦਾ। ਕਲਾਕਾਰ ਦਾ ਮੁੱਖ ਮੰਤਵ ਕਲਾ ਨੂੰ ਲੋਕਾਂ ਲਈ ਪੈਦਾ ਕਰਨਾ ਹੈ।

ਸਾਹਿਤ ਅਤੇ ਗਾਇਕੀ ਲੋਕਾਂ ਉੱਪਰ ਡੂੰਘਾ ਪ੍ਰਭਾਵ ਪਾਉਂਦੇ ਹਨ। ਇਹ ਸਮਾਜ ਲਈ ਤਾਂ ਹੀ ਸਾਰਥਕ ਹੋ ਸਕਦੇ ਹਨ ਜੇਕਰ ਏਨਾ ਵਿਚਲਾ ਅਸਲੀ ਤੱਤ ਬਰਕਰਾਰ ਰਹੇ ਅਤੇ ਲੋਕਾਂ ਦੇ ਹਿੱਤਾਂ ਦੀ ਪੈਰਵੀ ਕਰਦਾ ਰਹੇ। ਅਸੀਂ ਜਿਸ ਤਰ੍ਹਾਂ ਦੀ ਰਚਨਾ ਪੜ੍ਹਦੇ ਜਾਂ ਗੀਤ ਸੁਣਦੇ ਹਾਂ ਉਸ ਦਾ ਮਨੁੱਖੀ ਮਨ 'ਤੇ ਪ੍ਰਭਾਵ ਪੈਂਦਾ ਹੈ। ਅਜਿਹੀ ਪ੍ਰਸਥਿਤੀ ਵਿੱਚ ਲੋਕ ਪੱਖੀ ਸਾਹਿਤ ਆਪਣਾ ਉਸਾਰੂ ਰੋਲ ਅਦਾ ਕਰ ਸਕਦਾ ਹੈ। ਮਿਆਰੀ ਗੀਤਾਂ ਨੂੰ ਲੋਕਾਂ ਵਿੱਚ ਪ੍ਰਫੁੱਲਤ ਕਰਨ ਲਈ ਲੇਖਕ ਸਭਾਵਾਂ, ਸਾਹਿਤ ਸਭਾਵਾਂ, ਸਾਹਿਤ ਅਕਾਦਮੀ ਤੇ ਸੱਭਿਆਚਾਰਕ ਮੰਚ ਇਕੱਠੇ ਹੋ ਕੇ ਸਰਗਰਮ ਰੋਲ ਅਦਾ ਕਰ ਸਕਦੇ ਹਨ। ਹਰ ਵਰੇ ਚੋਣਵੇਂ ਮਿਆਰੀ ਗੀਤਾਂ ਦਾ ਇੱਕ ਨਵਾਂ ਸੰਗ੍ਰਹਿ ਇਨ੍ਹਾਂ ਸੰਸਥਾਵਾਂ ਦੁਆਰਾ ਮਿਲ ਕੇ ਸੰਪਾਦਤ ਕੀਤਾ ਜਾਵੇ ਜਿਸ ਨੂੰ ਲੋਕ ਅਰਪਣ ਕਰਨ ਵੇਲੇ ਸਥਾਪਤ ਗਾਇਕ ਤੇ ਨਵੇਂ ਗਾਇਕਾਂ ਦੀ ਸ਼ਮੂਲੀਅਤ ਹੋਵੇ ਤੇ ਇਨ੍ਹਾਂ ਗੀਤਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਜਾਵੇ। ਅਜਿਹੇ ਮਿਆਰੀ ਗੀਤ ਗਾਉਣ ਵਾਲੇ ਗਾਇਕ ਤੇ ਲਿਖਣ ਵਾਲੇ ਗੀਤਕਾਰ ਜਿਸ ਦਾ ਗੀਤ ਲੋਕਾਂ ਵਿੱਚ ਵੱਧ ਮਕਬੂਲ ਹੋਵੇ, ਨੂੰ ਉਚੇਚੇ ਤੌਰ 'ਤੇ ਇਨ੍ਹਾਂ ਸੰਸਥਾਵਾਂ ਵੱਲੋਂ ਲੋਕਾਂ ਵਿੱਚ ਜਾ ਕੇ ਸਨਮਾਨਿਤ ਕੀਤਾ ਜਾਵੇ। ਇਸ ਤਰ੍ਹਾਂ ਅਸੀਂ ਮਿਆਰੀ ਗਾਇਕੀ ਨੂੰ ਉਤਸ਼ਾਹਿਤ ਕਰ ਕੇ ਲੱਚਰ ਗਾਇਕੀ ਦਾ ਪ੍ਰਭਾਵ ਖ਼ਤਮ ਕਰ ਸਕਦੇ ਹਾਂ।

ਚੇਤੰਨ ਲੋਕਾਂ ਨੂੰ ਇਸ ਅਸ਼ਲੀਲ ਗਾਇਕੀ ਦੇ ਵਰਤਾਰੇ ਵਿਰੁੱਧ ਜਾਗ੍ਰਿਤੀ ਪੈਦਾ ਕਰਨ ਲਈ ਲੋਕ ਲਹਿਰ ਉਸਾਰਨੀ ਪਵੇਗੀ ਤਾਂ ਹੀ ਅਸੀਂ ਆਪਣੇ ਉੱਪਰ ਹੋ ਰਹੇ ਸੱਭਿਆਚਾਰਕ ਹਮਲੇ ਦੀ ਜੜ੍ਹ ਫੜ ਸਕਾਂਗੇ। ਆਓ, ਅਸੀਂ ਸਾਰੇ ਮਿਲ ਕੇ ਗੰਧਲੇ ਹੋ ਰਹੇ ਸੱਭਿਆਚਾਰ ਨੂੰ ਬਚਾਉਣ ਦਾ ਉਪਰਾਲਾ ਕਰੀਏ। ਸਮਾਜ ਵਿੱਚ ਔਰਤ ਦਾ ਰੁਤਬਾ ਸਨਮਾਨਜਨਕ ਬਣਾਉਣ ਅਤੇ ਔਰਤ, ਮਰਦ ਦੀ ਬਰਾਬਰਤਾ ਦਾ ਸੰਕਲਪ ਪੈਦਾ ਕਰਨ ਲਈ ਸੰਘਰਸ਼ ਲੜੀਏ।।













ਸੰਘਰਸ਼ ਦਰ ਸੰਘਰਸ਼

# ਸਟੂਡੈਂਟਸ ਸਮੱਸਿਆਵਾਂ ’ਤੇ ਵਿਚਾਰ-ਚਰਚਾ

ਮਾਸਟਰ ਭਜਨ ਗਿੱਲ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕੋਸੋ ਹਾਲ ਵਿਖੇ ਵਰਕ ਪਰਮਿਟ ’ਤੇ ਆਏ ਨੌਜਵਾਨਾਂ ਅਤੇ ਸਟੂਡੈਂਟਸ ਦੀਆਂ ਸਮੱਸਿਆਵਾਂ ’ਤੇ ਸੈਮੀਨਾਰ ਆਯੋਜਿਤ ਕੀਤਾ ਗਿਆ।

ਸ੍ਰੀ ਗੁਰਿੰਦਰਪਾਲ ਬਰਾੜ ਕੈਲਗਰੀ ਵਿਖੇ ਸਟੂਡੈਂਟ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਔਕੜਾਂ ਬਾਰੇ ਜਾਣਕਾਰੀ ਦਿੱਤੀ ਕਿ ਇੰਟਰਨੈਸ਼ਨਲ ਸਟੂਡੈਂਟਸ ਤੋਂ ਲਗਭਗ ਤਿੰਨ ਗੁਣਾਂ ਜ਼ਿਆਦਾ ਫੀਸਾਂ ਲਈਆਂ ਜਾਂਦੀਆਂ ਹਨ ਜੋ ਕਿ ਬਹੁਤ ਵੱਡੀ ਬੇਇਨਸਾਫ਼ੀ ਹੈ। ਪਹਿਲੇ ਛੇ ਮਹੀਨੇ ਉਹ ਕੰਮ ਨਹੀਂ ਕਰ ਸਕਦੇ ਗੈਰ ਕਾਨੂੰਨੀ ਹੋਣ ਕਾਰਨ ਉਨ੍ਹਾਂ ਨੂੰ ਕੈਸ਼ ’ਤੇ ਕੰਮ ਕਰਨਾ ਪੈਂਦਾ ਹੈ ਜਿਸ ਕਾਰਨ ਮਜਬੂਰੀ ਬਸ ਉਨ੍ਹਾਂ ਨੂੰ ਘੱਟੋ-ਘੱਟ ਤਨਖਾਹਾਂ ਨਾਲੋਂ ਵ ਅੱਧੇ ਪੈਸਿਆਂ ’ਤੇ ਕੰਮ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਆਰਥਿਕ ਲੁੱਟ ਅਤੇ ਗੈਰ ਮਨੁੱਖੀ ਵਰਤਾ ਵੀ ਝੱਲਣਾ ਪੈਂਦਾ ਹੈ। ਨੌਜਵਾਨ ਹਰਦੀਪ ਦੇਵਗਨ ਨੇ ਕਿਹਾ ਕਿ ਜਿੰਨਾ ਚਿਰ ਸਰਕਾਰ ਕਾਨੂੰਨ ’ਚ ਸੋਧ ਕਰਕੇ ਕੰਮ ਦੇ ਘੰਟੇ 40 ਨਹੀਂ ਕਰਦੀ ਉਨਾ ਚਿਰ ਮਸਲੇ ਦਾ ਹੱਲ ਨਹੀਂ। ਵਰਕ ਪਰਮਿਟ ’ਤੇ ਆਏ ਨੌਜਵਾਨ ਏਜੰਟ ਅਤੇ ਦਲਾਲ ਕਿਸਮ ਦੇ ਲੋਕ ਗੁੰਮਰਾਹ ਕਰਨਾ ਸ਼ੁਰੂ ਕਰ ਦਿੰਦੇ ਹਨ। ਪੀ. ਆਰ. ਮਿਲਣ ਤੱਕ ਉਹ ਮਾਨਸਿਕ ਅਤੇ ਆਰਥਿਕ ਲੁੱਟ ਦਾ ਸ਼ਿਕਾਰ ਰਹਿੰਦੇ ਹਨ। ਇਸ ਮੌਕੇ ਜਸਪ੍ਰੀਤ ਗਿੱਲ ਨੇ ਕਿਹਾ ਕਿ ਵਰਕ ਪਰਮਿਟ ’ਤੇ ਆਏ ਨੌਜਵਾਨਾਂ ਅਤੇ ਸਟੂਡੈਂਟਾਂ ਦੀਆਂ ਮੁਸ਼ਕਿਲਾਂ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਹਰ ਵੇਲੇ ਨੌਕਰੀ ਖੁਸ ਜਾਣ ਜਾਂ ਲੇ ਆਫ਼ ਦਾ ਡਰ ਹਰ ਵੇਲੇ ਸਤਾਉਂਦਾ ਰਹਿੰਦਾ ਹੈ ਕਿਉਂਕਿ ਕੰਪਨੀਆਂ ਅਖੌਤੀ ਆਰਥਿਕ ਮੰਦੇ ਦੀ ਆੜ ਵਿਚ ਛਾਂਟੀ ਕਰਦੀਆਂ ਰਹਿੰਦੀਆਂ ਹਨ।

ਨੌਜਵਾਨ ਆਗੂ ਕਮਲਪ੍ਰੀਤ ਕੌਰ ਪੰਧੇਰ ਨੇ ਕਿਹਾ ਕਿ ਸੰਸਾਰ ਵਿਚ ਸਰਕਾਰਾਂ ਨੇ ਵਿਦਿਆ ਨੂੰ ਇਕ ਬਿਜਨਿਸ ਬਣਾਇਆ ਹੈ ਅਤੇ ਜਿਸ ਵਿਚ ਵੱਡਾ ਮੁਨਾਫ਼ਾ ਪ੍ਰਾਈਵੇਟ ਘਰਾਣੇ ਹੀ ਕਮਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਕਿਊਬਿਕ ਵਿਦਿਆਰਥੀਆਂ ਦੇ ਅੰਦੋਲਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਇਸ ਮੌਕੇ ਸ੍ਰੀ ਤਰਲੋਚਨ ਦੂਹਰਾ ਨੇ ਕਿਹਾ ਕਿ ਪਹਿਲਾਂ ਤਾਂ ਭਾਰਤ ਅਤੇ ਪੰਜਾਬ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ ਜਿਨ੍ਹਾਂ ਦੀਆਂ ਗਲਤ ਨੀਤੀਆਂ ਕਾਰਨ ਸਾਨੂੰ ਪਰਵਾਸ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਦੂਜਾ ਇਮੀਗ੍ਰੇਸ਼ਨ ਏਜੰਟਾਂ ਦੀ ਲੁੱਟ ਤੋਂ ਕੈਨੇਡਾ ਹਕੂਮਤ ਭਲੀ ਭਾਂਤ ਵਾਕਿਫ ਹੈ।

ਸਰਕਾਰਾਂ ਵਰਕ ਪਰਮਿਟ ’ਤੇ ਆਏ ਨੌਜਵਾਨਾਂ ਨੂੰ ਪੱਕਾ ਤੌਰ ’ਤੇ ਰਹਿਣ ਦੇ ਹੱਕ ਨਾ ਦੇ ਕੇ ਕੌਮਾਂਤਰੀ ਮਨੁੱਖੀ ਹੱਕਾਂ ਦਾ ਘਾਣ ਕਰ ਰਹੀਆਂ ਹਨ। ਨੌਜਵਾਨ ਪੈਰੀ ਮਾਹਿਲ ਨੇ ਕਿਹਾ ਕਿ ਏਜੰਟਾਂ ਦੀ ਲੁੱਟ ਖਸੁੱਟ ਤੋਂ ਬਚਣ ਲਈ ਪਹਿਲਾਂ ਪੂਰੀ ਤਰ੍ਹਾਂ ਛਾਣਬੀਣ ਕਰਕੇ ਹੀ ਆਉਣਾ ਚਾਹੀਦਾ ਹੈ। ਇਮੀਗਰੈਂਟਸ ਸੀਨੀਅਰਸ ਦੇ ਪ੍ਰਧਾਨ ਪਰਸ਼ੋਤਮ ਭਾਰਤਵਾਜ ਨੇ ਕਿਹਾ ਕਿ ਯੂਥ ਵਿਚ ਸਰਕਾਰੀ ਅੰਕੜਿਆਂ ਮੁਤਾਬਕ ਬੇਰੁਜ਼ਗਾਰੀ ਦੀ ਦਰ 7.2 ਪ੍ਰਤੀਸ਼ਤ ਹੈ ਅਤੇ ਵਿਦਿਆਰਥੀਆਂ ਵਿਚ 14.8 ਪ੍ਰਤੀ। ਟਿਊਸ਼ਨ ਫੀਸ ਵਿਚ ਪਿਛਲੇ 20 ਸਾਲਾਂ ਵਿਚ 200 ਪ੍ਰਤੀਸ਼ਤ ਵਾਧਾ ਹੋਇਆ ਹੈ। 12-19 ਸਾਲ ਦੀ ਉਮਰ ਦੇ 3.2 ਮਿਲੀਅਨ ਬੱਚੇ ਇਸ ਵੇਲੇ ਡਿਪਰੈਸ਼ਨ ਦਾ ਸ਼ਿਕਾਰ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਰਗੇ ਖੁਸ਼ਹਾਲ ਸਮਝੇ ਜਾਂਦੇ ਵਿਕਸਿਤ ਦੇਸ਼ ਦਾ ਇਹ ਹਾਲ ਹੈ ਤਾਂ ਤੁਸੀਂ ਭਾਰਤ ਅਤੇ ਪਾਕਿਸਤਾਨ ਵਰਗੇ ਮੁਲਕਾਂ ਦਾ ਅੰਦਾਜ਼ਾ ਆਪੇ ਲਗਾ ਸਕਦੇ ਹੋ। ਇਸ ਮੌਕੇ ਗੁਰਬਚਨ ਬਰਾੜ ਨੇ ਕਿਹਾ ਕਿ ਸਰਕਾਰ ਵਿਦਿਅਕ ਫੰਡ ਘਟਾ ਕੇ ਪਬਲਿਕ ਅਤੇ ਪਬਲਿਕ ਸਕੂਲਾਂ ਅਤੇ ਯੂਨੀਵਰਸਿਟੀਆਂ ਦੀ ਬਜਾਏ ਪ੍ਰਾਈਵੇਟ ਖੇਤਰ ਨੂੰ ਉਤਸ਼ਾਹਿਤ ਕਰ ਰਹੀ ਹੈ। ਕੈਨੇਡਾ ਭਰ ਵਿਚ ਕਾਨੂੰਨਾਂ ਦੀ ਇਕਸਾਰਤਾ ਨਾ ਹੋਣ ਕਰਕੇ ਵਿਦਿਆਰਥੀ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਲਗਾਤਾਰ ਵਧ ਰਹੀਆਂ ਹਨ। ਉਪਰੋਕਤ ਬੁਲਾਰਿਆਂ ਤੋਂ ਇਲਾਵਾ ਪੰਜਾਬ ਤੋਂ ਨਵੇਂ ਆਏ ਦ ਟ੍ਰਿਬਿਊਨ ਅਤੇ ਹਿੰਦੋਸਤਾਨ ਟਾਈਮਜ਼ ਦੇ ਤਜਰਬੇਕਾਰ ਪੱਤਰਕਾਰ ਰਮਨਜੀਤ ਸਿੱਧੂ, ਪੰਜਾਬੀ ਲਿਖਾਰੀ ਸਭਾ ਦੇ ਸਕੱਤਰ ਬਲਜਿੰਦਰ ਸੰਘਾ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਬੀਰ ਸਹੋਤਾ, ਪਰਮਿੰਦਰ ਗਰੇਵਾਲ, ਅਜਾਇਬ ਸੇਖੋਂ, ਜਗਦੀਸ਼ ਚੋਹਕਾ, ਸੁਰਿੰਦਰ ਢਿੱਲੋਂ, ਦਲਾਵਰ ਸਿੰਘ ਸਮਰਾ, ਅਮਰ ਸਿੰਘ ਕਿੰਗਰਾ, ਰਵੀ ਜਨਾਗਲ, ਰਾਜਿੰਦਰ ਕੌਰ ਚੋਹਕਾ ਅਤੇ ਐਸੋਸੀਏਸ਼ਨ ਦੇ ਵਿੱਤ ਸਕੱਤਰ ਜੀਤਇੰਦਰਪਾਲ ਸਿੰਘ ਨੇ ਵਿਚਾਰ ਸਾਂਝੇ ਕੀਤੇ।

ਪ੍ਰਧਾਨ ਸੋਹਨ ਮਾਨ ਨੇ ਸਮੁੱਚੀ ਵਿਚਾਰ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਜਦੋਂ ਕੈਨੇਡਾ ਵਰਗੇ ਦੇਸ਼ਾਂ ਨੂੰ ਵਰਕਰਾਂ ਦੀ ਲੋੜ ਹੈ ਤਾਂ ਇਹ ਉਨ੍ਹਾਂ ਨੂੰ ਪੱਕੇ ਤੌਰ ’ਤੇ ਕਿਉਂ ਨਹੀਂ ਬੁਲਾਉਂਦੇ। ਫੀਸਾਂ ਵਿਚ ਭਾਰੀ ਵਾਧੇ ਕਰਕੇ ਪਰਵਾਸੀ ਵਿਦਿਆਰਥੀਆਂ ’ਤੇ ਬੋਝ ਵਧਦਾ ਜਾ ਰਿਹਾ ਹੈ ਜਿਸ ਕਾਰਨ ਨੌਜਵਾਨ ਵਰਗ ਵਿਚ ਨਿਰਾਸ਼ਤਾ ਅਤੇ ਕਈ ਕਿਸਮ ਦੀਆਂ ਹੋਰ ਅਲਾਮਤਾਂ ਵਧਦੀਆਂ ਜਾ ਰਹੀਆਂ ਹਨ।

ਸੈਮੀਨਾਰ ਵਿਚ ਸ੍ਰੀਮਤੀ ਵਿਦਿਆ, ਸੁਰਿੰਦਰ ਕੌਰ ਗਿੱਲ, ਨਵਕਿਰਨ ਕੌਰ ਗਿੱਲ, ਜੀਤ ਸਿੰਘ ਕੰਬੋਜ, ਹਰਬਖਸ਼ ਸਿੰਘ ਸਰੋਆ, ਗਿਰਧਾਰੀ ਲਾਲ ਸ਼ਰਮਾ, ਪ੍ਰੇਮ ਭੰਡਾਰੀ, ਗੁਰਮੀਤ ਸਿੰਘ, ਤੇਜਾ ਸਿੰਘ ਤਿਹਾੜਾ, ਮੇਜਰ ਸਿੰਘ ਧਾਲੀਵਾਲ, ਰਣਜੀਤ ਸਿੰਘ ਆਹਲੂਵਾਲੀਆ, ਸਹਿਜ ਪੰਧੇਰ ਅਤੇ ਸਾਹਿਬ ਪੰਧੇਰ ਵੀ ਹਾਜ਼ਰ ਸਨ। ਸਟੇਜ ਸੰਚਾਲਨ ਬਾਖੂਬੀ ਨਾਲ ਮਾਸਟਰ ਭਜਨ ਗਿੱਲ ਨੇ ਕੀਤਾ।

AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682



Hiring
Drivers/Owners/Operators
GALAXY
Freightline Inc.
We Offer:
Competitve Salary
Fuel Cards
Late Model Equipment
New Pay Package
On Site Maintenance Facility
Extra Drops and Pickups Paid
Guaranteed Miles Per Month
Guaranteed Home Time
For: GTA
ON-QC
ON-MB-AB-BC
USA
We Require:
2 Years Experience
Clean Current Abstract
Ability to cross border
Positive, Professional Attitude
Tel: 1.877.251.5299
Fax: 416.644.8882
Email: dispatch@galaxyfreightline.com
41 Westside Drive
Etobicoke, ON, M9C 1B3



ਫ਼ਿਲਮ ਸਮੀਖਿਆ

# ਪ੍ਰਕਾਸ਼ ਝਾਅ ਦੀ ਫਿਲਮ 'ਚੱਕਰਵਿਊ' ਦੇ ਆਰ-ਪਾਰ



**ਮਾਸਟਰ ਤਰਲੋਚਨ**

ਕਲਾ ਦੀਆਂ ਵੱਖ-ਵੱਖ ਵੰਨਗੀਆਂ ਸਾਡੇ ਜਨਜੀਵਨ ਨੂੰ ਅਭਿਵਿਅਕਤ ਵੀ ਕਰਦੀਆਂ ਹਨ ਤੇ ਪ੍ਰਭਾਵਿਤ ਵੀ।

ਭਾਰਤੀ ਸਿਨੇਮਾ 1913 ਤੋਂ ਲੈ ਕੇ ਆਪਣੇ ਸੌ ਸਾਲ ਦੇ ਲੰਬੇ ਸਫ਼ਰ ਵਿੱਚ ਅਨੇਕਾਂ ਉਤਰਾਵਾਂ-ਚੜ੍ਹਾਵਾਂ, ਮੋੜਾਂ-ਘੋੜਾਂ ਵਿਚਦੀ ਲੰਘਦਾ ਹੋਇਆ ਅਜੋਕੇ ਮੁਕਾਮ 'ਤੇ ਪੁੱਜਾ ਹੈ।

ਇਸ ਸਫ਼ਰ'ਤੇ ਮੋੜਵੀਂ ਝਾਤ ਮਾਰਦਿਆਂ, ਇਹ ਪੱਖ ਬਹੁਤ ਪ੍ਰਤੱਖ ਰੂਪ ਵਿੱਚ ਪ੍ਰਗਟ ਹੁੰਦਾ ਹੈ ਕਿ ਇਸਨੇ ਸਮਾਜਿਕ ਜੀਵਨ ਅਤੇ ਰਾਜਸੀ ਪਰਿਦ੍ਰਿਸ਼ ਵਿੱਚ ਚੱਲ ਰਹੀ ਉੱਥਲ-ਪੁੱਥਲ ਦਾ ਪ੍ਰਭਾਵ ਕਬੂਲਿਆ ਹੈ ਤੇ ਬਹੁਤ ਸਾਰੇ ਫਿਲਮਕਾਰਾਂ ਨੇ ਆਪੋ-ਆਪਣੀ ਸੋਚ ਤੇ ਸਿਰਜਣ ਸਮਰੱਥਾ ਅਨੁਸਾਰ ਉਸ ਦਾ ਸਿਨੇਮਾਈ ਭਾਸ਼ਾ 'ਚ ਉਲੱਥਾ ਵੀ ਕੀਤਾ ਹੈ।

ਇੱਕ ਵਕਤ ਸੀ ਜਦੋਂ ਭਾਰਤ ਦੇ ਬਹੁਤੇ ਸਾਹਿਤਕਾਰ, ਕਲਾ ਸਿਰਜਕ ਕਮਿਊਨਿਸਟ ਵਿਚਾਰਧਾਰਾ ਤੋਂ ਦਿਲੋਂ ਪ੍ਰਭਾਵਿਤ ਤੇ ਕਿਸੇ ਹੱਦ ਤੱਕ ਪ੍ਰਗਤੀਵਾਦੀ ਸਾਹਿਤ ਸੰਗਠਨਾਂ ਰਾਹੀਂ ਜੱਥੇਬੰਦਕ ਬੰਧੇਜ ਵਿੱਚ ਵੀ ਸਨ, ਉਦੋਂ ਆਜ਼ਾਦੀ ਦੇ ਅਖੌਤੀ ਤਲਿੱਸਮ ਤੋਂ ਮੁਕਤ ਹੁੰਦਿਆਂ ਜਿੱਥੇ ਸਾਹਿਤ ਸਿਰਜਣਾ ਕੀਤੀ ਗਈ, ਉਥੇ ਉਸੇ ਦੌਰ ਵਿੱਚ 'ਗਰਮ ਹਵਾ', 'ਦੋ ਬੀਘਾ ਜ਼ਮੀਨ', 'ਮਦਰ ਇੰਡੀਆ' ਵਰਗੀਆਂ ਫ਼ਿਲਮਾਂ ਦਾ ਜਨਮ ਹੋਇਆ।

ਫਿਰ ਕੁਝ ਸਾਲ ਮਾਨਵ ਮਨ 'ਚ ਕੇਂਦਰਿਤ ਹੋ ਰਹੇ ਆਕਰੋਸ਼ ਨੂੰ, ਪਾਪੂਲਰ ਸਿਨੇਮਾ ਨੇ ਆਪਣੇ ਤਰੀਕੇ ਨਾਲ ਪੇਸ਼ ਕੀਤਾ। ਐਂਗਰੀ ਯੰਗ ਮੈਨ' ਦਾ ਜਨਮ ਹੋਇਆ। ਮਾਨਵ ਮਨ 'ਚ ਪਲ ਰਹੀ ਕੁੰਠਾ ਦਾ ਕਥਾਰਸਿਸ ਕੀਤਾ ਗਿਆ।

ਇਸਦੇ ਪ੍ਰਤੀਕਰਮ ਵਿੱਚ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਮਸਲਿਆਂ ਤੇ ਮੁੱਦਿਆਂ ਨੂੰ ਕੇਂਦਰ 'ਚ ਰੱਖਕੇ ਕਲਾਤਮਕ ਫਿਲਮਾਂ ਦੀ ਇੱਕ ਸੁਹਿਰਦ ਕੋਸ਼ਿਸ਼ ਹੋਈ। ਇਸ ਸੰਕਲਪ ਦੇ ਘਾੜਿਆਂ ਨੇ ਤੇ ਸਿਨੇਮਾਈ ਆਲੋਚਕਾਂ ਨੇ ਇਸਨੂੰ ਸਮਾਨੰਤਰ ਸਿਨੇਮਾ ਦਾ ਲਕਬ ਦਿੱਤਾ। 'ਆਕਰੋਸ਼', 'ਪਾਰਟੀ', 'ਮਿਰਚ ਮਸਾਲਾ', 'ਪਾਰ', 'ਅਰਥ', 'ਮੰਥਨ', 'ਬਾਜ਼ਾਰ', 'ਆਦਿ ਫਿਲਮਾਂ ਦੀ ਸਿਰਜਣਾ ਹੋਈ।

ਇਹ ਫਿਲਮਾਂ ਜਿਹਨਾਂ ਫਿਕਰਾਂ ਦੀ ਤਰਜ਼ਮਾਨੀ ਕਰਦੀਆਂ ਸਨ, ਇਹਨਾਂ ਫਿਲਮਾਂ ਦੇ ਦਰਸ਼ਕ ਵੀ ਆਮ ਤੌਰ ਤੇ ਉਹੀ ਲੋਕ ਬਣੇ ਜੋ ਇਹਨਾਂ ਫ਼ਿਕਰਾਂ ਨਾਲ ਆਪਣਾ ਸਰੋਕਾਰ ਰੱਖਦੇ ਸਨ ਪਰ ਆਮ ਲੋਕ ਇਹਨਾਂ ਫਿਲਮਾਂ ਦੇ ਦਰਸ਼ਕ ਬਣਨੋਂ ਖੁੰਝਦੇ ਰਹੇ। ਸਿੱਟੇ ਵਜੋਂ ਇਹ ਦਰਜ ਕਰਨ ਲਈ ਇਤਿਹਾਸ ਗਵਾਹ ਹੈ ਕਿ ਇਸ ਦੌਰ ਵਿੱਚ ਇਹ ਕਲਾਤਮਕ ਫਿਲਮਾਂ ਦੇ ਪੱਖ 'ਚ ਇਹਨਾਂ ਸੁਹਿਰਦ ਲੋਕਾਂ ਨੇ 'ਹਾਅ ਦਾ ਨਾਅਰਾ' ਮਾਰਿਆ। ਇਹ ਫਿਲਮਾਂ ਮੀਲ ਪੱਥਰ ਸਨ। ਇੱਥੇ ਸ਼ਾਇਦ ਇਹ ਦਰਜ ਕਰਨਾ ਵੀ ਕੁਥਾਵਾਂ ਨਹੀਂ ਹੋਵੇਗਾ ਕਿ ਇਸ ਦੌਰ ਦੀਆਂ ਫਿਲਮਾਂ ਦਾ ਇੱਕ ਗਿਣਨ ਯੋਗ ਹਿੱਸਾ ਭਾਰਤ ਸਰਕਾਰ ਦੀ ਨੈਸ਼ਨਲ ਫਿਲਮ ਡਵੀਜ਼ਨ ਕਾਰਪੋਰੇਸ਼ਨ (©643) ਤੋਂ ਮਿਲੇ ਪੈਸੇ ਨਾਲ ਹੀ ਬਣਾਇਆ ਗਿਆ ਸੀ ਤੇ ਇਨਾਮ-ਇਕਰਾਮ ਵੀ ਬਹੁਤੇ ਇਹਨਾਂ ਦੇ ਹੀ ਹਿੱਸੇ ਆਏ।

ਫਿਰ ਵੀ ਇਸ ਦੌਰ ਦੀ ਨਿਸ਼ਾਨਦੇਹੀ ਕਰਦਿਆਂ 'ਆਰਟਫਿਲਮਾਂ' ਜਾਂ ਸਮਾਨੰਤਰ ਸਿਨੇਮਾ ਦੀ ਲਹਿਰ ਦੇ ਯੋਗਦਾਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਦੌਰ ਉਪਰੰਤ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਫਿਲਮੀ ਹਨੇਰੀ ਪੈਦਾ ਕੀਤੀ ਗਈ। ਸਮਾਨੰਤਰ ਸਿਨੇਮਾ ਤੇ ਉਸਦੇ ਸਰੋਕਾਰ ਸਿਲਵਰ ਸਕਰੀਨ ਤੋਂ ਮਨਫ਼ੀ ਕਰ ਦਿੱਤੇ ਗਏ। ਪਰ ਇਹ ਵੀ ਥੋੜ ਚਿਰੀ ਪ੍ਰਕਿਰਿਆ ਹੀ ਸੀ। ਜਨਜੀਵਨ ਤੇ ਉਸਦੀਆਂ ਇੱਛਾਵਾਂ, ਕੁੰਠਾਵਾਂ, ਅਕਾਂਕਸ਼ਾਵਾਂ ਨੇ ਹੀ ਤਾਂ ਸਿਨੇਮਾ ਦੀ ਲਾਈਫ ਲਾਈਨ ਬਣਨਾ ਹੁੰਦਾ ਹੈ, ਸੋ ਵਟਵੇਂ ਰੂਪ ਵਿੱਚ ਆਪਣਾ ਪ੍ਰਗਟਾਅ ਵੀ ਕਰਨਾ ਹੁੰਦਾ ਹੈ। ਸੋ ਭਾਵੇਂ ਸਮਾਨੰਤਰ ਸਿਨੇਮਾ ਤੇ ਪਾਪੂਲਰ ਸਿਨੇਮਾ ਦੀ ਲਕੀਰ ਮੇਟ ਦਿੱਤੀ ਗਈ ਪਰ ਲੋਕ ਸਰੋਕਾਰਾਂ ਤੋਂ ਬੇਮੁੱਖ ਹੋਣਾ ਕਿਵੇਂ ਵੀ ਸੰਭਵ ਨਹੀਂ ਹੁੰਦਾ। ਭਾਵੇਂ ਸਿਨੇਮਾਈ ਭਾਸ਼ਾ ਦੀ ਸਾਰੀ ਮੁਹਾਰਨੀ ਹੀ ਬਦਲ ਦਿੱਤੀ ਗਈ ਪਰ ਲੋਕ ਲਹਿਰਾਂ ਤੇ ਲੋਕਪੀੜਾ ਬਾਰੇ ਸਿਲਵਰ ਸਕਰੀਨ ਤੇ ਦ੍ਰਿਸ਼ਟਾਂਤ ਬਦਲਣੇ ਸ਼ਾਇਦ ਮੁਮਕਿਨ ਨਹੀਂ ਸਨ।

ਇੱਥੇ ਆਣ ਕੇ ਇੱਕ ਸੰਕਟ ਦੀ ਬਹੁਤ ਸਪੱਸ਼ਟ ਨਿਸ਼ਾਨਦੇਹੀ ਹੁੰਦੀ ਹੈ ਕਿ 'ਐਵਾਰਡ ਓਰੀਐਂਟਿਡ ਕਲਾ ਫਿਲਮਾਂ' ਸਵੈ-ਸੰਤੁਸ਼ਟੀ ਤਾਂ ਪ੍ਰਦਾਨ ਕਰ ਸਕਦੀਆਂ ਹਨ ਪਰ ਵਿਸ਼ਾਲ ਜਨਸਮੂਹ ਉਹਨਾਂ ਫਿਲਮਾਂ ਤੱਕ ਨਹੀਂ ਪੁੱਜਦਾ। ਸਿੱਟੇ ਵਜੋਂ ਆਰਥਿਕ ਹਾਨੀ ਦੇ ਨਾਲ਼-ਨਾਲ਼ ਅਜਿਹੀਆਂ ਫਿਲਮਾਂ ਦੇ ਪ੍ਰੋਤਸਾਹਨ ਦਾ ਕੰਮ ਵੀ ਅਧਵਾਟੇ ਰਹਿ ਜਾਂਦਾ ਹੈ।

ਇਸ ਵਿਸ਼ੇਸ਼ ਸਥਿਤੀ 'ਚੋਂ ਫਿਲਮ ਨਿਰਮਾਣ ਸਬੰਧੀ ਇੱਕ ਮੱਧਮਾਰਗੀ ਸੋਚ ਦਾ ਆਗਾਜ਼ ਹੁੰਦਾ ਜਾਪਦਾ ਹੈ ਜਿਸਦੀ ਪ੍ਰਤੀਨਿਧਤਾ ਪ੍ਰਕਾਸ਼ ਝਾਅ ਵਰਗੇ ਕੁਝ ਗਿਣੇ-ਚੁਣੇ ਨਿਰਮਾਤਾ ਨਿਰਦੇਸ਼ਕ ਕਰ ਰਹੇ ਹਨ। ਫਿਲਮ ਦਾ ਵਿਸ਼ਾ ਅਕਸਰ ਬਹੁਤ ਸੰਜੀਦਾ ਹੁੰਦਿਆਂ ਵੀ ਉਸਦਾ ਟਰੀਟਮੈਂਟ/ਸਟਰੱਕਚਰ, ਮੁੱਖਧਾਰਾ ਦੀਆਂ ਫਿਲਮਾਂ ਦੀ ਤਰਜ਼ ਦਾ ਦੇਣ ਦੇ ਉਹ ਸਮਰੱਥ ਹੁੰਦੇ ਹਨ।

ਚਰਚਾ ਅਧੀਨ ਫਿਲਮ 'ਚੱਕਰਵਿਊ' ਵੀ ਇਸੇ ਸ਼ਰੇਣੀ ਦੀ ਪ੍ਰਮੁੱਖ ਫਿਲਮ ਗਿਣੀ ਜਾ ਸਕਦੀ ਹੈ।

ਸਮਾਜਿਕ ਵਿਵਸਥਾ ਨੂੰ ਬਰਾਬਰੀ ਦੇ ਆਧਾਰ ਤੇ ਮੁੜ ਸਥਾਪਿਤ ਕਰਨ ਲਈ ਵੱਖ-ਵੱਖ ਸਮਿਆਂ ਵਿਚ ਰਾਜਸੀ ਲਹਿਰਾਂ ਦਾ ਜਨਮ ਹੋਇਆ। ਇਹਨਾਂ ਲਹਿਰਾਂ ਨੇ ਦੇਸ਼ ਦੇ ਫਿਲਮਕਾਰਾਂ ਨੂੰ ਵੀ ਪ੍ਰਭਾਵਿਤ ਕੀਤਾ। ਸੱਤਰਵਿਆਂ ਦੇ ਦੌਰ 'ਚ ਚੱਲੀ ਨਕਸਲੀ ਲਹਿਰ ਦੇ ਪ੍ਰਭਾਵ ਅਧੀਨ ਕਈ ਫਿਲਮ ਮੇਕਰਾਂ ਨੇ ਆਪੋ-ਆਪਣੇ ਢੰਗ ਨਾਲ ਸਿਲਵਰ ਸਕਰੀਨ 'ਤੇ ਇਸਦਾ ਰੂਪਾਂਤਰਣ ਕਰਨ ਦਾ ਉਪਰਾਲਾ ਕੀਤਾ। 'ਲਾਲ ਸਲਾਮ', 'ਆਕਰੋਸ਼', '1084 ਵੇਂ ਦੀ ਮਾਂ' ਤੇ ਕਿੰਨੀਆਂ ਹੀ ਹੋਰ ਕੋਸ਼ਿਸ਼ਾਂ ਹੋਈਆਂ।

ਕਿਉਂਕਿ ਪ੍ਰਕਾਸ਼ ਝਾਅ ਦੀ ਫਿਲਮ 'ਚੱਕਰਵਿਊ' ਪਾਪੂਲਰ ਮਾਧਿਅਮ 'ਚ ਬਣੀ ਤੇ ਪਾਪੂਲਰ ਫਿਲਮੀ ਕਲਾਕਾਰਾਂ 'ਚ ਸੰਜੋਈ ਫਿਲਮ ਹੈ, ਇਸ ਲਈ ਇਹ ਫਿਲਮ ਆਪਣਾ ਮੁੱਦਾ ਦਰਸ਼ਕਾਂ ਦੇ ਇੱਕ ਵੱਡੇ ਹਿੱਸੇ 'ਚ ਕੇਂਦਰਿਤ ਕਰਨ ਵਿੱਚ ਕਾਮਯਾਬ ਰਹੀ।

ਇਹ ਫਿਲਮ ਭਾਰਤੀ ਰਾਜ ਦੇ ਕੋਈ 9 ਦੇ ਕਰੀਬ ਸੂਬਿਆਂ 'ਚ ਚੱਲ ਰਹੀ ਹਥਿਆਰਬੰਦ ਨਕਸਲੀ ਲਹਿਰ ਦੇ ਪਰਿਦ੍ਰਿਸ਼ ਨੂੰ ਅਜੋਕੇ ਸੰਦਰਭ 'ਚ ਪੇਸ਼ ਕਰਨ ਦਾ ਯਤਨ ਕਰਦੀ ਹੈ। ਜ਼ਿਕਰਯੋਗ ਹੈ ਕਿ ਇਹ ਉਹੀ ਇਲਾਕੇ ਹਨ ਜਿੱਥੇ ਕਿਸੇ ਵੇਲੇ 'ਸਲਵਾ ਜੂਡਮ' ਦਾ ਬੋਲ ਬਾਲਾ ਰਿਹਾ ਤੇ ਫਿਰ ਅਪਰੇਸ਼ਨ ਗਰੀਨ ਹੰਟ ਅਮਲ 'ਚ ਲਿਆਂਦਾ ਗਿਆ। ਕੀਮਤੀ ਖਣਿਜ ਭਰਪੂਰ ਪਹਾੜਾਂ ਦੇ ਬਾਸ਼ਿੰਦਿਆਂ ਦੇ ਕੁਦਰਤੀ ਹੱਕ ਨੂੰ ਪੈਰਾਂ ਹੇਠ ਲਿਤਾੜ ਕੇ ਭਾਰਤੀ ਰਾਜਤੰਤਰ ਦੀ ਸ਼ਹਿ ਤੇ ਦੇਸੀ-ਵਿਦੇਸ਼ੀ ਅਰਬਾਂਪਤੀ ਹੁਣ ਖਰਬਾਂਪਤੀ ਹੋ ਰਹੇ ਤੇ ਮਾਲ-ਖਜ਼ਾਨਿਆਂ ਦੇ ਅਸਲ ਮਾਲਕ ਕੰਗਾਲ ਅਤੇ ਦੋ ਵਕਤ ਦੀ ਰੋਟੀ ਤੋਂ ਆਵਾਜ਼ਾਰ।

ਇਸ ਪ੍ਰਕਿਰਿਆ ਦੇ ਵਿਰੋਧ 'ਚ ਜਦੋਂ ਆਦਿਵਾਸੀਆਂ ਨੇ ਮੁੱਕਾ ਵੱਟ ਕੇ ਆਪਣੀ ਬਾਂਹ ਖੜੀ ਕੀਤੀ ਤਾਂ ਪੁਲਿਸ ਤੇ ਅਖੌਤੀ ਸ਼ਾਂਤੀ ਸੈਨਾ ਦੀ ਡਾਂਗ, ਬਾਹਵਾਂ ਭੰਨਣ ਤੇ ਜੁਟ ਗਈ। ਜਦੋਂ ਇਹਨਾਂ ਪਹਾੜ ਪੂਜਕ ਆਦਿਵਾਸੀਆਂ ਨੇ ਅੱਗੇ ਵਧਕੇ ਖੁਦਾਈ ਮਸ਼ੀਨਾਂ ਡੱਕਣ ਲਈ ਕਦਮ ਪੁੱਟਿਆ ਤਾਂ ਭਾਰਤੀ ਸੈਨਾ ਤੇ ਪੁਲੀਸ ਦੀਆਂ ਗੋਲੀਆਂ ਛਾਤੀ ਚੀਰ ਗਈਆਂ। ਪ੍ਰਸਿੱਧ ਚਿੰਤਕ ਅਰੁੰਧਤੀ ਰਾਏ ਦੇ ਕਹਿਣ ਅਨੁਸਾਰ "ਭਾਰਤੀ ਰਾਜ ਨੇ ਆਪਣੇ ਹੀ ਲੋਕਾਂ ਦੇ ਖਿਲਾਫ਼ ਇੱਕ ਜੰਗ ਛੇੜ ਦਿੱਤੀ।"

ਅਜਿਹੀ ਸਥਿਤੀ ਵਿੱਚ ਜੰਗਲਾਂ ਦੇ ਮੁੱਢ ਕਦੀਮੀ ਸਾਥੀ ਤੇ ਰਾਖੇ ਨਕਸਲੀ ਜਦੋਂ ਲੋਕਾਂ ਦੇ ਖਿਲਾਫ਼ ਜ਼ਬਰ ਦਾ ਵਿਰੋਧ ਕਰਦੇ ਹਨ ਤਾਂ ਸਮੁੱਚਾ ਇਲਾਕਾ ਤੇ ਉਸਦੇ ਨਿਵਾਸੀ ਹੀ ਦੇਸ਼ ਧਰੋਹੀ ਗਰਦਾਨ ਦਿੱਤੇ ਜਾਂਦੇ ਹਨ, ਪੁਲੀਸ ਫੋਰਸ ਨੂੰ ਇਹ ਖੁੱਲ੍ਹ ਦੇ ਦਿੱਤੀ ਜਾਂਦੀ ਹੈ ਕਿ ਉਹ ਜਿਵੇਂ ਚਾਹੁਣ, ਜਦੋਂ ਚਾਹੁਣ ਇਨ੍ਹਾਂ ਬਾਗ਼ੀਆਂ ਨੂੰ ਫੁੰਡ ਸਕਦੇ ਹਨ, ਸ਼ਿਕਾਰ ਕਰ ਸਕਦੇ ਹਨ। ਅਜਿਹੀ ਸਥਿਤੀ ਇੱਕ ਦੋ ਜਾਂ ਚਾਰ ਨਹੀਂ ਇਸ ਦੇਸ਼ ਦੇ 9 ਸੂਬਿਆਂ ਨਾਲ ਸਬੰਧਿਤ 200 ਤੋਂ ਵੱਧ ਜ਼ਿਲਿਆਂ ਦੀ ਬਣੀ ਹੋਈ ਹੈ।

ਹੁਣ ਦੋਵੇਂ ਧਿਰਾਂ, ਇੱਕ ਪਾਸੇ ਭਾਰਤੀ ਰਾਜ, ਬਹੁਕੌਮੀ ਕਾਰਪੋਰੇਸ਼ਨਾਂ, ਪੁਲੀਸ ਫੋਰਸ, ਗੁੰਡਾ ਗਿਰੋਹ ਅਤੇ ਦੂਜੇ ਪਾਸੇ ਨਕਸਲੀਆਂ ਕੋਲੋਂ ਹਮਾਇਤ ਪ੍ਰਾਪਤ ਆਦਿਵਾਸੀ ਲੋਕ ਆਹਮੋ-ਸਾਹਮਣੇ ਖੜੇ ਹਨ। ਦੋਵੇਂ ਆਪੋ-ਆਪਣੇ ਮਕਸਦਾਂ ਦੀ ਪ੍ਰਾਪਤੀ ਲਈ ਇੱਕ ਦੂਜੇ ਦੇ ਖਿਲਾਫ਼ ਚੱਕਰਵਿਊ ਰਚਣ 'ਚ ਜੁਟੇ ਹਨ। ਇੱਕ ਅਣਐਲਾਨੀ ਜੰਗ ਚੱਲ ਰਹੀ ਹੈ।

ਪ੍ਰਕਾਸ਼ ਝਾਅ ਦੀ ਫਿਲਮ 'ਚੱਕਰਵਿਊ' ਇਸ ਬੇਹੱਦ ਨਾਜ਼ੁਕ ਸਥਿਤੀ ਨੂੰ ਕੇਂਦਰ 'ਚ ਰੱਖਕੇ ਬੁਣੀ ਗਈ ਤੇ ਨਿਭਾਈ ਗਈ ਫਿਲਮ ਹੈ।

ਫਿਲਮ ਦੇਖਦਿਆਂ, ਉਸਦੀ ਕਹਾਣੀ ਦੇ ਵਿੱਚਦੀਂ ਗੁਜ਼ਰਦਿਆਂ ਇਹ ਅਹਿਸਾਸ ਸਪੱਸ਼ਟ ਤੌਰ ਤੇ ਹੁੰਦਾ ਹੈ ਕਿ ਭਾਰਤ ਸਰਕਾਰ ਦੇ ਸੈਂਸਰ ਬੋਰਡ ਦੀ ਸੂਈ ਦੇ ਨੱਕੇ 'ਚੋਂ ਲੰਘਕੇ ਵੀ ਇਹ ਫਿਲਮ ਆਪਣਾ ਸੰਦੇਸ਼ ਦੇਣ 'ਚ ਕਾਮਯਾਬ ਰਹੀ। ਆਦਿਵਾਸੀ ਲੋਕਾਂ ਦੀ ਪੀੜ ਤੇ ਉਹਨਾਂ ਤੇ ਹੋ ਰਹੇ ਅੱਤਿਆਚਾਰ ਦੇ ਟਾਕਰੇ ਦੀ ਤਸਵੀਰ ਵੀ ਪਹਿਲੀ ਵਾਰ ਇੱਕ ਤਵਾਜ਼ਨ ਕਾਇਮ ਰੱਖਦਿਆਂ, ਵੱਡੀ ਪੱਧਰ ਤੇ ਚਰਚਾ 'ਚ ਆਈ। ਫਿਲਮ ਰਿਲੀਜ਼ ਤੋਂ ਪਹਿਲਾਂ ਫਿਲਮ ਦੇ ਨਿਰਦੇਸ਼ਕ, ਇਸਦੇ ਅਦਾਕਾਰਾਂ ਦੀ ਟੀਮ ਨੇ ਵੀ ਇਸ ਮੁੱਦੇ ਤੇ ਆਪਣੇ ਅਹਿਸਾਸ ਤੇ ਹੱਡੀਂ ਹੰਢਾਏ ਤਜ਼ਰਬੇ ਆਮ ਲੋਕਾਂ ਖਾਸਕਰ ਮੱਧਵਰਗੀ ਸੋਚ ਵਾਲੇ ਲੋਕਾਂ ਦੇ ਵੱਡੇ ਹਿੱਸੇ ਨਾਲ ਟੀ.ਵੀ ਚੈਨਲਾਂ ਤੇ ਚਰਚਾ ਦੇ ਜ਼ਰੀਏ ਸਾਂਝੇ ਕੀਤੇ। ਉਹ ਖੁਦ ਵੀ ਸੱਚ ਦਾ ਸਾਹਮਣਾ ਕਰਦਿਆਂ ਝੰਜੋੜੇ ਗਏ ਸਨ।

ਇੱਥੇ ਇਹ ਪੱਖ ਵੀ ਸਾਹਮਣੇ ਲਿਆਂਦਾ ਗਿਆ ਕਿ ਹਿੰਸਾ ਦੇ ਹਥਿਆਰਾਂ ਤੋਂ ਬਿਨਾਂ ਹੋਰ ਕੀ ਕੀ ਸਿਰਨਾਵੇਂ ਹਨ।

ਫਿਲਮ ਦੇ ਅੰਤ ਤੇ ਨਿਰਦੇਸ਼ਕ ਜਾਂ ਨਿਰਮਾਤਾ ਦਾ ਵਰਸ਼ਨ ਪਰਦੇ ਦੇ ਪਿੱਛੋਂ ਸੁਣਾਈ ਦਿੰਦਾ ਹੈ, "ਆਜ਼ਾਦੀ ਦੇ 65 ਸਾਲਾਂ ਵਿੱਚ ਅਸੀਂ ਤੇਜ਼ੀ ਨਾਲ ਤਰੱਕੀ ਤਾਂ ਕੀਤੀ ਪਰ ਉਨੀ ਹੀ ਤੇਜ਼ੀ ਨਾਲ ਦੇਸ਼ ਦੀ ਇੱਕ ਵੱਡੀ ਆਬਾਦੀ ਦੂਰ ਪਿੱਛੇ ਰਹਿ ਗਈ। ਚਮਕਦੇ ਭਾਰਤ ਦੀ ਸੱਚਾਈ ਇਹ ਹੈ ਕਿ ਦੇਸ਼ ਦੀ 25% ਆਮਦਨੀ ਤੇ ਬੱਸ ਕੁਝ ਇਕ ਪਰਿਵਾਰਾਂ ਦਾ ਕਬਜ਼ਾ ਹੈ ਜਦਕਿ ਸਾਡੀ 75% ਆਬਾਦੀ ਰੋਜ਼ਾਨਾ 20 ਰੁ: ਤੋਂ ਘੱਟ ਵਿੱਚ ਗੁਜ਼ਾਰਾ ਕਰਨ 'ਤੇ ਮਜ਼ਬੂਰ ਹੈ। ਇਸ ਫਰਕ ਨਾਲ ਜਨਤਾ 'ਚ ਆਕਰੋਸ਼ ਵਧਦਾ ਜਾ ਰਿਹਾ ਹੈ ਪਰ ਸ਼ਾਇਦ ਵਕਤ ਸਾਡੇ ਹੱਥਾਂ 'ਚੋਂ ਖਿਸਕਦਾ ਜਾ ਰਿਹਾ ਏ।" ਇਹ ਨਿਰਮਾਤਾ ਨਿਰਦੇਸ਼ਕ ਦਾ ਫ਼ਿਕਰ ਵੀ ਹੈ ਤੇ ਉਸਦਾ ਦ੍ਰਿਸ਼ਟੀਕੋਣ ਵੀ।

ਅਜਿਹੀਆਂ ਕੋਸ਼ਿਸ਼ਾਂ ਨੂੰ ਜੀ ਆਇਆਂ ਕਹਿਣਾ ਬਣਦਾ ਹੈ।


CHERA IMMIGRATION CONSULTANCY SERVICES

22 Years of Service

Specializing in:

- Appeals
- H&C Cases
- PRRA Appeals
- Sponsorships
- Refugee Claims
- Admissibility Hearings
- Super Visa / Affidavits/ Declarations
- Skilled Workers
- Citizenship Matters
- Work/Study Permits

WE PROVIDE ALL IMMIGRATION AND CITIZENSHIP SERVICES.

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com



2355 Derry Rd. E. Unit # 35 Skyport Corporate Centre Mississauga, ON. L5S 1V6

**ਪੁਸਤਕਾਂ ਦੇ ਅੰਗ-ਸੰਗ**

# ਲੋਕ ਸਾਹਿਤ ਤੇ ਜਨਜਾਤੀ ਸਾਹਿਤ ’ਤੇ ਕੇਂਦਰਿਤ 21ਵਾਂ ਵਿਸ਼ਵ ਪੁਸਤਕ ਮੇਲਾ





**ਬਲਜਿੰਦਰ ਸਿੰਘ**

ਜਿਸ ਕਿਸਮ ਨਾਲ ਮਧ ਵਰਗ ਜਮਾਤ ਪੂੰਜੀਵਾਦ ਦੇ ਵਹਾਅ ਦਾ ਸ਼ਿਕਾਰ ਹੋ ਗਈ ਸੀ ਪ੍ਰੰਤੂ ਦਿਨ ਬ ਦਿਨ ਸਮਾਜਿਕ ਸਮੱਸਿਆਵਾਂ ਵਧਣ ਨਾਲ ਮੁੜ ਮੱਧ ਵਰਗ ਨੇ ਆਪਣੇ ਸਰੋਕਾਰਾਂ ਬਾਰੇ ਸੋਚਣਾ ਸ਼ੁਰੂ ਕੀਤਾ ਹੈ ਜਿਸ ਦਾ ਸਬੂਤ ਦਿੱਲੀ ਵਿਖੇ ਲੱਗੇ ਵਿਸ਼ਵ ਪੁਸਤਕ ਮੇਲੇ ਵਿਚ ਸਪਸ਼ਟ ਦਿਖਾਈ ਦੇ ਰਿਹਾ ਸੀ ਕਿ ਕਿਸ ਕਿਸਮ ਨਾਲ ਮੱਧ ਵਰਗ ਜਮਾਤ ਸਮਾਜਿਕ ਸਰੋਕਾਰਾਂ ਵਾਲੀਆਂ ਕਿਤਾਬਾਂ ਵੱਲ ਆਕਰਸ਼ਿਤ ਹੋ ਰਹੀ ਸੀ। ਜਿਸ ਵਿਚ ਉਨ੍ਹਾਂ ਦੇ ਸਾਹਮਣੇ ਨਿੱਜੀ ਜੀਵਨ ਤੋਂ ਲੈ ਕੇ ਰਾਜਨੀਤਕ ਪੱਧਰ ਤੱਕ ਹਰੇਕ ਦੇਸ਼ ਦੇ ਕੋਨੇ ’ਤੇ ਜੋ ਘਟਨਾਕ੍ਰਮ ਚਲ ਰਿਹਾ ਹੈ ਉਸ ਪ੍ਰਤੀ ਆਪਣੀ ਜੁਗਿਆਸਾ ਦਾ ਇਜ਼ਹਾਰ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਇੰਝ ਲਗ ਰਿਹਾ ਸੀ ਕਿ ਇਹ ਸਾਡਾ ਹੀ ਹਿੱਸਾ ਹੈ ਜਿਸ ਵਿਚ ਅਸੀਂ ਯੋਗਦਾਨ ਪਾਉਣਾ ਹੈ ਅਤੇ ਭਵਿੱਖ ਵਿਚ ਨਵੀਂ ਰੌਸ਼ਨੀ ਇਨ੍ਹਾਂ ਵੱਖ ਵੱਖ ਤਜਰਬਿਆਂ ’ਤੇ ਹਾਸਲ ਕਰਨੀ ਹੈ।

ਬਸੰਤ ਦੀ ਆਮਦ ਨਾਲ ਹੀ ਪੁਸਤਕ ਪ੍ਰੇਮੀਆਂ, ਲੇਖਕਾਂ ਅਤੇ ਪ੍ਰਕਾਸ਼ਕਾਂ ਲਈ ਨਵਾਂ ਵਰ੍ਹਾ ਕਿਤਾਬਾਂ ਦੀ ਸਤਰੰਗੀ ਦੁਨੀਆ ਨਾਲ ਭਰ ਜਾਵੇਗਾ, ਜੀ ਹਾਂ ਮੈਂ ਗੱਲ ਕਰ ਰਿਹਾ ਹਾਂ, ਵਿਸ਼ਵ ਪ੍ਰਸਿੱਧ ਦਿੱਲੀ ਪੁਸਤਕ ਮੇਲੇ ਦੀ, ਜਿਸ ਨੇ ਦਸਤਕ ਦੇ ਦਿੱਤੀ ਹੈ, ਬੇਸ਼ਕ ਅੱਜ ਸਾਈਬਰ ਕ੍ਰਾਂਤੀ ਦੇ ਯੁੱਗ ’ਚ ਲੈਪਟਾਪ, ਨੋਟ ਪੈਡ, ਆਈ ਪੈਡ ਆਦਿ ਦੇ ਆਉਣ ਨਾਲ ਹਰ ਖੇਤਰ ’ਚ ਇੰਟਰਨੈੱਟ, ਗੂਗਲ, ਫੇਸਬੁੱਕ, ਟਵਿਟਰ ਅਤੇ ਵੈੱਬਸਾਈਟਾਂ ਉਪਲਬੱਧ ਹੋਣ ਪਰ ਇਨ੍ਹਾਂ ਸਾਧਨਾਂ ਦੇ ਬਾਵਜੂਦ ਪੁਸਤਕਾਂ ਦੀ ਮਹੱਤਤਾ ਘਟੀ ਨਹੀਂ, ਬਲਕਿ ਵਧੀ ਹੀ ਹੈ, ਇਹ ਗੱਲ ਅਸੀਂ ਇਸ ਤੋਂ ਵੀ ਕਹਿ ਸਕਦੇ ਹਾਂ ਕਿ ਦਿੱਲੀ ਪੁਸਤਕ ਮੇਲੇ ਦੀ ਲੋਕ-ਪ੍ਰਿਯਤਾ ਲਗਾਤਾਰ ਵੱਧ ਰਹੀ ਹੈ, ਜਿਸ ਦੀ ਗਵਾਹੀ ਪਿਛਲੇ ਮੇਲੇ ਵਿਚ ਪੰਦ੍ਹਰਾ ਲੱਖ ਲੋਕਾਂ ਦੀ ਹਾਜ਼ਰੀ ਦੱਸਦੀ ਹੈ ਅਤੇ ਜਿਸ ਤੋਂ ਇਹ ਵੀ ਸਿੱਧ ਹੁੰਦਾ ਹੈ ਅਜਿਹੇ ਮੇਲਿਆਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ।

ਪੁਸਤਕਾਂ ਕਿਸੇ ਵਿਸ਼ੇ ਬਾਰੇ ਡੂੰਘਾ ਗਿਆਨ ਹਾਸਲ ਕਰਨ ਅਤੇ ਦਿਮਾਗਾਂ ਨੂੰ ਰੋਸ਼ਨ ਕਰਨ ਵਿੱਚ ਸਹਾਈ ਹੁੰਦੀਆਂ ਹਨ, ਇਹ ਜਿੱਥੇ ਕਿਸੇ ਸਮਾਜ ਦਾ ਆਈਨਾ ਹੁੰਦੀਆਂ ਹਨ ਉੱਥੇ ਹੀ ਇਨ੍ਹਾਂ ਰਾਹੀਂ ਸਮਾਜ ਨੂੰ ਸਹੀ ਦਿਸ਼ਾ ਵੀ ਦਿੱਤੀ ਜਾ ਸਕਦੀ ਹੈ। ਸਹੀ ਗਲਤ ਪੁਸਤਕਾਂ ਦਾ ਮੁਲਾਂਕਣ, ਪੜ੍ਹ ਕੇ ਹੀ ਕੀਤਾ ਜਾ ਸਕਦਾ ਹੈ।


Life Insurance
Disability Insurance
Critical Illness Insurance
Long Term Care Insurance
Health & Dental Plans
Mortgage Insurance
Visitor Insurance
Segregated Funds
RRSP & TFSA
RESP

Harbans Singh
Insurance Advisor
416-817-7142
dharbans@hotmail.com
Fax: 416-213-9010

Punjab Insurance Inc
Your Financial Experts

10 - 7003 Steeles Avenue, West, Toronto, ON M9W 0A2

Century 21
Century 21 Green Realty Inc., Brokerage
Each office is independently owned and operated
Sohan Mann
Sales Representative
Dir. 416-564-1699
Off: 905-565-9565
Fax: 905-565-9522
Email: sohanmann@hotmail.com
151 Superior Blvd. Unit 19-21, Mississauga ON L5T 2L1
Buy Green, Build Green... Save Environment!!!





Certified General Accountant
Tax & Accounting
Attends all Audits and Prepares Appeals
Sukhdev Singh, CGA
Tel: 905.793.0909
Fax: 905.450.2165 #10-2084 Steels Ave. E.,
sukhdevss@excite.com Brampton, ON L6T 5A6

Georgetown Import Inc.
AUTO REPAIR
PARVINDER BRAR
Factory Trained Technician
MARK HANDY
Factory Trained Technician
"Open Your Hood To Experience"
48 Years Import Experience
354 Guelph Street, Georgetown, ON L7G 4B5 ▪ georgetownimport@gmail.com
905-877-6900
HONDA ▪ ACURA ▪ TOYOTA ▪ LEXUS ▪ NISSAN ▪ INFINITI ▪ MAZDA ▪ VOLKSWAGEN ▪ HYUNDAI

ਜਮਹੂਰੀ ਹੱਕਾਂ ਦਾ ਮਸਲਾ

# ਕੌਮਾਂਤਰੀ ਮਨੁੱਖੀ ਅਧਿਕਾਰ ਚਾਰਟਰ ਦਾ ਘਾਣ




ਜਮਹੂਰੀ ਅਧਿਕਾਰ ਸਭਾ (ਪੰਜਾਬ) ਵਲੋਂ ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਦੇ ਵਿਰੋਧ 'ਚ ਲੁਧਿਆਣਾ 'ਚ ਰੋਸ ਮੁਜ਼ਾਹਰਾ ਕੀਤਾ ਗਿਆ ਜਿਸ ਵਿਚ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਜਮਹੂਰੀ ਹੱਕਾਂ ਦੇ ਕਾਰਕੁੰਨ ਤੇ ਆਗੂ ਸ਼ਾਮਲ ਹੋਏ। ਸਭ ਤੋਂ ਪਹਿਲਾਂ ਭਾਈ ਬਾਲਾ ਚੌਂਕ 'ਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਕੋਲ ਰੈਲੀ ਕੀਤੀ ਗਈ ਇਸ ਉਪਰੰਤ ਇੱਥੋਂ ਲੈ ਕੇ ਭਾਰਤ ਨਗਰ ਚੌਂਕ ਹੁੰਦਿਆਂ ਡਿਪਟੀ ਕਮਿਸ਼ਨਰ ਦੇ ਦਫਤਰ ਤੱਕ ਰੋਸ ਮਾਰਚ ਕੀਤਾ ਗਿਆ। ਇੱਥੇ ਰੈਲੀ ਕਰਕੇ ਅਫ਼ਜ਼ਲ ਗੁਰੂ ਨੂੰ ਫਾਂਸੀ ਅਤੇ ਮੌਤ ਦੀ ਸਜ਼ਾ ਦੇ ਵਿਰੋਧ 'ਚ ਆਵਾਜ਼ ਬੁਲੰਦ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਅਫ਼ਜ਼ਲ ਗੁਰੂ ਨੂੰ ਇਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਸੰਸਦ ਉੱਪਰ ਹਮਲੇ ਦੇ ਕੇਸ ਵਿਚ ਫਸਾਇਆ ਗਿਆ। ਹਿਰਾਸਤ 'ਚ ਉਸ ਨੂੰ ਘੋਰ ਅਣਮਨੁੱਖੀ ਤਸੀਹੇ ਦੇ ਕੇ ਉਸ ਦਾ ਇਕਬਾਲੀਆ ਬਿਆਨ ਮੀਡੀਆ 'ਚ ਉਛਾਲਿਆ ਗਿਆ। ਅਤੇ ਇਸ ਨੂੰ ਅਧਾਰ ਬਣਾਕੇ ਉਸ ਦੀ ਜਾਨ ਲੈਣ ਦਾ ਮਨਸੂਬਾ ਰਚਿਆ ਗਿਆ। ਨਾ ਤਾਂ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਗਈ ਅਤੇ ਨਾ ਰਾਸ਼ਟਰਪਤੀ ਵਲੋਂ ਰਹਿਮ ਦੀ ਅਰਜ਼ੀ ਖਾਰਜ਼ ਕੀਤੇ ਜਾਣ 'ਤੇ ਉਸ ਨੂੰ ਮੌਤ ਦੀ ਸਜ਼ਾ ਘੱਟ ਕਰਨ ਲਈ ਜੁਡੀਸ਼ੀਅਲ ਰੀਵਿਊ ਕਰਨ ਦਾ ਹੱਕ ਦਿੱਤਾ ਗਿਆ।

ਭਾਰਤ ਦੇ ਗ੍ਰਹਿ ਮੰਤਰਾਲੇ ਦੀ ਸਰਪ੍ਰਸਤੀ ਹੇਠ ਐਸ ਟੀ ਐਫ ਦੀ ਇਸ ਮਾਮਲੇ ਵਿਚ ਭੂਮਿਕਾ ਬਾਰੇ ਅਫਜ਼ਲ ਵਲੋਂ ਜੋ ਸਵਾਲ ਉਠਾਏ ਸਨ ਉਹ ਅੱਜ ਵੀ ਹੁਕਮਰਾਨਾਂ ਤੋਂ ਜਵਾਬ ਦੀ ਮੰਗ ਕਰਦੇ ਹਨ। ਬਿਨਾ ਕੋਈ ਠੋਸ ਸਬੂਤ ਪੇਸ਼ ਕੀਤੇ ਕੌਮ ਦੀਆਂ ਸਮੂਹਿਕ ਭਾਵਨਾਵਾਂ ਨੂੰ ਸ਼ਾਂਤ ਕਰਨ ਦੀ ਸਿਰੇ ਦੀ ਤਰਕਹੀਣ ਦਲੀਲ ਦੇ ਕੇ ਸਿਰਫ਼ ਇਕ ਕਸ਼ਮੀਰੀ ਅਤੇ ਮੁਸਲਮਾਨ ਹੋਣ ਕਾਰਨ ਉਸ ਨੂੰ ਚੁੱਪਚੁਪੀਤੇ ਫਾਹੇ ਲਾ ਦਿੱਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਅਫਜ਼ਲ ਨੂੰ ਫਾਂਸੀ ਕੌਮਾਂਤਰੀ ਮਨੁਖੀ ਅਧਿਕਾਰ ਚਾਰਟਰ ਦੀ ਘੋਰ ਉਲੰਘਣਾ ਹੈ। ਪੁਲਿਸ ਹਿਰਾਸਤ ਵਿਚ ਅਫਜ਼ਲ ਦੇ ਬਿਆਨਾਂ ਨੂੰ ਉਸਨੂੰ ਫਾਂਸੀ ਦੇਣ ਲਈ ਉਸਦੇਖਿਲਾਫ ਗਵਾਹੀ ਵਜੋਂ ਵਰਤਣਾ ਨਿਆਂਇਕ ਅਸੂਲਾਂ ਦੀ ਉਲੰਘਣਾ ਅਤੇ ਨਾਵਾਜਬ ਅਮਲ ਹੈ ਅਤੇ ਐਤਵਾਰ ਨੂੰ ਰਾਸ਼ਟਰਪਤੀ ਵਲੋਂ ਰਹਿਮ ਦੀ ਅਪੀਲ ਖਾਰਜ਼ ਕਰਨ ਤੋਂ ਵੀ ਉਸ ਨੂੰ ਬੇਬੁਨਿਆਦ ਫਾਂਸੀ ਲਾਉਣ ਦੀ ਹਕੂਮਤ ਦੀ ਕਾਹਲ ਦਿਖਾਈ ਦਿੰਦੀ ਹੈ।

ਬੁਲਾਰਿਆਂ ਨੇ ਕਿਹਾ ਕਿ ਫਾਂਸੀ ਬਾਰੇ ਉਸ ਦੇ ਪਰਿਵਾਰ ਨੂੰ ਸੂਚਿਤ ਨਾ ਕਰਨਾ ਅਤੇ ਉਸ ਦੀ ਮ੍ਰਿਤਕ ਦੇਹ ਵੀ ਉਸ ਦੇ ਵਾਰਿਸਾਂ ਦੇ ਹਵਾਲੇ ਨਾ ਕਰਨਾ ਭਾਰਤੀ ਹੁਕਮਰਾਨਾਂ ਦਾ ਪੂਰੀ ਤਰ੍ਹਾਂ ਅਣਮਨੁੱਖੀ ਰਵੱਈਆ ਹੈ। ਦਰਅਸਲ ਭਾਰਤੀ ਰਾਜ ਇਕ ਜਮਹੂਰੀਅਤ ਨਾ ਹੋ ਕੇ ਆਪਣੇ ਹੀ ਨਾਗਰਿਕਾਂ ਦੀਆਂ ਜਾਨਾਂ ਲੈਣ ਵਾਲੀ ਮਸ਼ੀਨ ਦੀ ਭੂਮਿਕਾ ਨਿਭਾ ਰਿਹਾ ਹੈ। ਬੁਲਾਰਿਆਂ ਵਲੋਂ ਜਿੱਥੇ ਮੌਤ ਦੀ ਸਜ਼ਾ ਨੂੰ ਪੂਰੀ ਤਰ੍ਹਾਂ ਜਾਹਲ ਕਰਾਰ ਦਿੰਦਿਆਂ ਇਸ ਨੂੰ ਸੰਵਿਧਾਨਕ ਤੌਰ 'ਤੇ ਖ਼ਤਮ ਕੀਤੇ ਜਾਣ ਦੀ ਪੁਰਜ਼ੋਰ ਮੰਗ ਕੀਤੀ ਗਈ ਉੱਥੇ ਨਾਲ ਹੀ ਦਿੱਲੀ ਵਿਚ ਅਫਜ਼ਲ ਗੁਰੂ ਦੀ ਫਾਂਸੀ ਵਿਰੁੱਧ ਰੋਸ ਪ੍ਰਗਟਾ ਰਹੀਆਂ ਕਸ਼ਮੀਰੀ ਕੁੜੀਆਂ ਤੇ ਹੋਰ ਕਾਰਕੁੰਨਾਂ ਨਾਲ ਬਜਰੰਗ ਦਲ ਦੇ ਗੁੰਡਿਆਂ ਵਲੋਂ ਪੁਲਿਸ ਦੀ ਮਿਲੀਭੁਗਤ ਤਹਿਤ ਬਦਤਮੀਜ਼ੀ ਕਰਨ ਅਤੇ ਮਨੁੱਖੀ ਹੱਕਾਂ ਦੇ ਬਹੁਤ ਹੀ ਮਕਬੂਲ ਆਗੂ ਗੌਤਮ ਨਵਲੱਖਾ ਦੇ ਮੂੰਹ 'ਤੇ ਕਾਲਖ ਮਲਣ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਇਹ ਫਾਸ਼ੀਵਾਦੀ ਹਰਕਤ ਕਰਨ ਵਾਲੇ ਅਨਸਰਾਂ ਅਤੇ ਇਸ ਨੂੰ ਸ਼ਹਿ ਦੇਣ ਵਾਲੇ ਪੁਲਿਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਇਸ ਮੁਜ਼ਾਹਰੇ ਨੂੰ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ, ਜ਼ਿਲ੍ਹਾ ਪ੍ਰਧਾਨ ਪ੍ਰੋਫੈਸਰ ਏ.ਕੇ ਮਲੇਰੀ,ਪ੍ਰੈੱਸ ਸਕੱਤਰ ਬੂਟਾ ਸਿੰਘ, ਨਰਭਿੰਦਰ ਸਿੰਘ, ਪ੍ਰਿਤਪਾਲ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਲੇਖਕ ਅਤੇ ਸਿੰਘ, ਮਾਸਟਰ ਤਰਸੇਮ ਲਾਲ, ਨਾਮਦੇਵ ਭੁਟਾਲ, ਦਰਸ਼ਨ ਸਿੰਘ ਮੋਗਾ, ਡਾਕਟਰ ਤੇਜਪਾਲ, ਗੁਰਪ੍ਰੀਤ ਕੌਰ ਸੰਗਰੂਰ ਸਮੇਤ ਜ਼ਿਲ੍ਹਾ ਆਗੂ ਤੇ ਹੋਰ ਜਨਤਕ ਜਮਹੂਰੀ ਕਾਰਕੁਨ ਹਾਜ਼ਰ ਸਨ।







# ਜਮਹੂਰੀਅਤ ਦਾ ਜਨਾਜ਼ਾ

ਅਫ਼ਜ਼ਲ ਨੂੰ ਫ਼ਾਂਸੀ ਦੇ ਵਿਰੋਧ 'ਚ ਜਦੋਂ 9 ਫਰਵਰੀ ਨੂੰ ਕੁਝ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਵਿਦਿਆਰਥੀ ਜਥੇਬੰਦੀਆਂ ਦਿੱਲੀ ਦੇ ਜੰਤਰ ਮੰਤਰ 'ਤੇ ਰੋਸ ਪ੍ਰਦਰਸ਼ਨ ਕਰਨ ਪਹੁੰਚੀਆਂ ਤਾਂ ਏਥੇ ਬਜਰੰਗ ਦਲ ਤੇ ਕੁਝ ਹੋਰ ਫ਼ਾਸੀਵਾਦੀ ਜਥੇਬੰਦੀਆਂ ਦੇ ਕਾਰਕੁੰਨ ਪਹੁੰਚ ਕੇ ਹਿੰਸਾ ਦਾ ਨੰਗਾ ਨਾਚ ਨਚਾਉਣ ਲੱਗੇ।ਸ਼ਾਂਤਮਈ ਰੋਸ ਜਤਾ ਰਹੇ ਲੋਕਾਂ 'ਤੇ ਫ਼ਾਸੀਵਾਦੀਆਂ ਨੇ ਹਮਲਾ ਕਰ ਦਿੱਤਾ ਅਤੇ ਕੁੜੀਆਂ ਨਾਲ ਹੱਥੋਪਾਈ ਕਰਦਿਆਂ ਹੱਦ ਉਦੋਂ ਮੁਕਾ ਦਿੱਤੀ ਜਦੋਂ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ 'ਗੌਤਮ ਨਵਲੱਖਾ' ਦੇ ਮੂੰਹ 'ਤੇ ਕਾਲਖ਼ ਲਗਾ ਕੇ ਉਸ ਨੂੰ ਪਾਕਿਸਤਾਨੀ ਤੱਕ ਕਹਿ ਦਿੱਤਾ ਗਿਆ।ਪਰ ਫਿਰ ਵੀ ਅਫ਼ਜ਼ਲ ਦੀ ਫ਼ਾਂਸੀ ਦਾ ਵਿਰੋਧ ਕਰ ਰਹੇ ਲੋਕਾਂ ਨੇ ਜਮਹੂਰੀ ਹੱਕਾਂ ਦੇ ਸੰਬੰਧ ਵਿਚ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਹਿੰਦੂ ਫ਼ਾਸੀਵਾਦੀਆਂ ਵੱਲੋਂ ਮਚਾਏ ਇਸ ਤਾਂਡਵ ਨੂੰ ਦਿੱਲੀ ਪੁਲਿਸ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ ਅਤੇ ਅੰਤ ਹਿੰਸਾ ਕਰ ਰਹੇ ਹਿੰਦੂ ਫ਼ਾਸੀਵਾਦੀਆਂ ਨੂੰ ਫੜਨ ਦੀ ਬਜਾਏ, ਅਫ਼ਜ਼ਲ ਦੀ ਫ਼ਾਂਸੀ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਹੀ ਗ੍ਰਿਫ਼ਤਾਰ ਕਰ ਥਾਣੇ ਲੈ ਗਈ।



SKYDOME
GROUP OF COMPANIES
www.skydomeauto.ca

ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਪੁਰਬ ਤੇ ਸਾਰੇ ਜਗਤ ਨੂੰ ਲੱਖ ਲੱਖ ਵਧਾਈਆਂ !!
We Deal With All Insurance Companies

| BODY CENTRE | TRUCK CENTRE | EMISSION CENTRE | |
|---|---|---|---|
| 308 Rutherford Rd | 30 Stafford Dr | 210 Rutherford Rd | 7089 Torbram Road |
| Brampton, ON | Brampton, ON | Brampton, ON | Unit No 4 Mississauga, ON |
| 905.874.9878 | 905.460.0200 | 905.450.9878 | 905.362.7001 |

Ontario MINISTRY OF TRANSPORTATION Approved Repair Centre
Head Office :
905.874.9878
E: skydome_auto@hotmail.com
ONTARIO'S DRIVE CLEAN

# A very expensive proposition



During his visit to India this week, French President Francois Hollande is likely to urge the government to conclude a questionable deal to purchase six nuclear European Pressurised Reactors (EPRs) from the French company Areva for Jaitapur (Maharashtra). Though marketed as "the most advanced" reactor, the EPR is commercially immature; not a single reactor has been commissioned anywhere in the world. Moreover at the construction sites at Olkiluoto (Finland) and Flamanville (France) costs and time have escalated dramatically from the initial projected figures, suggesting that each reactor will cost about Rs 60,000 crore. So six could cost in excess of Rs 3.5 lakh crore.

To put this figure in perspective, each of the two reactors that Areva is hoping to sell in the next five years is larger than Maharashtra's annual plan for 2012 (Rs 45,000 crore). Shockingly, the government agreed to purchase the reactors from Areva without a nominal competitive bidding process. The procurement rules in any branch of the government, including the Department of Atomic Energy (DAE), mandate public tenders for any purchase above Rs 10 lakh.

Cables revealed by Wikileaks suggest that this peremptory decision was made in 2007. The government's rationale was laid out by former DAE secretary Anil Kakodkar. In an article in 2011, Kakodkar wrote: "We also have to keep in mind the commercial interests of foreign countries and of the companies there... America, Russia and France were the countries we made mediators in these efforts to lift sanctions, and hence, for the nurturing of their business interests, we made deals with them for nuclear projects." Indian officials are aware that this attitude is costly. In another cable, the general manager of the Nuclear Power Corporation (NPCIL) admitted that India had "paid a 'high' price for French reactors from Areva".

Unsurprisingly, the government has been reticent about discussing the modalities of the contract it is negotiating with Areva. It has failed to support its assertions that "the cost per unit of electricity from the Jaitapur plant will be competitive to the other power plants" with any substantive data on costs. When asked, it demurred, even in Parliament, with the excuse that "the detailed project proposals ... are under finalisation."

To check the veracity of the government's claims, we recently used the best available public data on fuel prices and capital costs, assumed a substantial markdown to account for lower costs of labour in India and estimated the expected tariff from the EPR reactors. This calculation involves some rather detailed accounting, but the basic procedure for setting the electricity tariff from nuclear plants was laid out by NPCIL in 2008.

By adapting this procedure to the EPR - and using the most recent guidelines of the Central Electricity Regulatory Commission - we estimated that if NPCIL were to follow the regulations faithfully, the first-year tariff from the EPR would be about R14 per unit. This assumes that reactor construction starts next year and is completed on the same pattern as the Kudankulam I and II reactors, which, given the untested nature of the EPRs, is generous. The calculated tariff is a far cry from current or expected future tariffs from other base-load power projects.

Since it cannot pass on such a high tariff on to consumers, the government may absorb the loss and sell electricity at a lower price. However, every rupee of under-recovery will cost the exchequer about Rs 1,000 crore per year. Just to halve the tariff from the first two reactors down to Rs 7, the government may need to spend Rs 14,000 crore per year.

This is in addition to indirect subsidies in the existing revenue model. For example, NPCIL plans to put in its equity early, and then let it lie idle with no return for the period of construction that may easily extend beyond a decade. The government may increase these handouts in various ways - for example, by putting pressure on public sector banks to provide cheap credit for the project. The issue here is not Maharashtra's need for electricity. Rather it is why the government has chosen this particular company, and its overpriced technology, to meet this need.

**MV Ramana and Suvrat Raju are physicists associated with the Coalition for Nuclear Disarmament and Peace. Ramana is the author of The power of promise: Examining nuclear energy in India**.



# ਆਇਨਸਟਾਇਨ ਦੇ ਹਵਾਲੇ ਨਾਲ ਅਮਨ, ਜੰਗ ਤੇ ਸੁਰੱਖਿਆ



**ਦਲਜੀਤ ਅਮੀ**

ਦਲਜੀਤ ਅਮੀ ਲਗਾਤਾਰ ਸਮਾਜਿਕ ਮਸਲਿਆਂ ਨੂੰ ਗਹਿਰਾਈ ਨਾਲ ਦੇਖਦਾ ਹੈ ਅਤੇ ਉਨ੍ਹਾਂ ਪ੍ਰਤੀ ਇਕ ਆਰਥਿਕ ਸਮਾਜਿਕ ਅਤੇ ਸਿਆਸੀ ਸਮਝਦਾਰੀ ਵਿਕਸਿਤ ਕਰਨ ਵਿਚ ਯੋਗਦਾਨ ਪਾਉਂਦਾ ਹੈ ਜਿਸ ਕਿਸਮ ਨਾਲ ਦੁਨੀਆ ਦੇ ਪੈਮਾਨੇ 'ਤੇ ਹਥਿਆਰਾਂ ਨੇ ਵੱਖ-ਵੱਖ ਦੇਸ਼ਾਂ ਵਿਚ ਗਰੀਬੀ ਨੂੰ ਜਨਮ ਦਿੱਤਾ ਹੈ ਉਸ ਪ੍ਰਤੀ ਇਕ ਸਹੀ ਸਮਝਦਾਰੀ ਵਿਕਸਿਤ ਕਰਨ ਦੀ ਇੱਛਾ ਨਾਲ ਇਹ ਲਿਖਤ ਪ੍ਰਤਸੁਤ ਕੀਤੀ ਜਾ ਰਹੀ ਹੈ

---

ਗੋਲੀਬੰਦੀ ਦੀ ਉਲੰਘਣਾ ਅਤੇ ਦੋ ਭਾਰਤੀ ਫ਼ੌਜੀਆਂ ਦੇ ਸਿਰ ਕਲਮ ਕਰਨ ਦੇ ਹਾਦਸੇ ਨੇ ਮੁੜ ਕੇ ਭਾਰਤ-ਪਾਕਿਸਤਾਨ ਵਿੱਚ ਬੇਵਿਸਾਹੀ ਦੇ ਮਾਹੌਲ ਨੂੰ ਗਾੜ੍ਹਾ ਕਰ ਦਿੱਤਾ ਹੈ। ਟੈਲੀਵਿਜ਼ਨ ਪੇਸ਼ਕਾਰਾਂ, ਸਾਬਕਾ ਜਰਨੈਲਾਂ-ਕਰਨੈਲਾਂ, ਮੂਲਵਾਦੀਆਂ ਤੋਂ ਲੈਕੇ ਸਰਕਾਰ ਤੱਕ ਅਮਨ ਲਈ ਕੀਤੇ ਉਪਰਾਲਿਆਂ ਦੀ ਨਾਕਾਮਯਾਬੀ ਬਾਬਤ ਬਿਆਨਬਾਜ਼ੀ ਕਰ ਰਹੇ ਹਨ। ਸਖ਼ਤ ਕਦਮਾਂ ਤੋਂ ਯੁੱਧ ਤੱਕ ਦੀ ਵਕਾਲਤ ਕਰਨ ਵਾਲੇ ਹਰ ਸਵਾਲ ਕਰਨ ਵਾਲੇ ਨੂੰ ਗੱਦਾਰ ਕਰਾਰ ਦੇਣ ਲੱਗੇ ਹਨ। ਗੱਦਾਰ ਕਰਾਰ ਦਿੱਤੇ ਜਾਣ ਦਾ ਜ਼ੋਖਮ ਲੈਂਦੇ ਹੋਏ ਇਸ ਵੇਲੇ ਇਹ ਕਹਿਣਾ ਬਹੁਤ ਜ਼ਰੂਰੀ ਹੈ ਕਿ ਦੋਵਾਂ ਮੁਲਕਾਂ ਦੇ ਤਕਰੀਬਨ 140 ਕਰੋੜ ਲੋਕਾਂ ਦੀ ਹੋਣੀ ਦਾ ਫ਼ੈਸਲਾ 'ਭਾਵਨਾ ਦੇ ਦੌਰੇ' ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਹੇਮਰਾਜ ਦੀ ਬੇਸ਼ਕਿਮਤੀ ਜਾਨ ਜਾਣ ਦਾ ਸੋਗ ਉਸ ਦੇ ਬਾਕੀ ਮੁਲਕਵਾਸੀਆਂ ਦੀ ਜਾਨ ਜ਼ੋਖ਼ਮ ਵਿੱਚ ਪਾ ਕੇ ਨਹੀਂ ਮਨਾਇਆ ਜਾ ਸਕਦਾ। ਇਸ ਵੇਲੇ ਜ਼ਰੂਰੀ ਤਾਂ ਇਹ ਹੈ ਕਿ ਦੋਵੇਂ ਮੁਲਕ ਯਕੀਨੀ ਬਣਾਉਣ ਕਿ ਇਹ ਕਤਲ ਦੀ ਜਾਂਚ ਕੀਤੀ ਜਾਏ ਤੇ ਦੋਸ਼ੀ ਉੱਤੇ ਬਣਦੀ ਕਾਰਵਾਈ ਕੀਤੀ ਜਾਏ। ਉਸ ਦੇ ਕਤਲ ਲਈ ਕਸੂਰਵਾਰ ਤਾਕਤ ਦੀ ਚਿਰਕਾਲੀ ਵਿਉਂਤ ਸਿਰੇ ਚੜ੍ਹਣ ਤੋਂ ਰੋਕਣ ਲਈ ਜੰਗ ਦੀ ਥਾਂ ਅਮਨ ਦੇ ਰਾਹ ਦੀ ਚੋਣ ਕਰਨਾ ਜ਼ਰੂਰੀ ਹੈ। ਜੋ ਪਿਛਲੀਆਂ ਜੰਗਾਂ ਵਿੱਚ ਹਾਸਲ ਨਹੀਂ ਹੋ ਸਕਿਆ, ਉਸ ਨੂੰ ਇੱਕ ਹੋਰ ਜੰਗ ਰਾਹੀਂ ਕਿਵੇਂ ਹਾਸਲ ਕੀਤਾ ਜਾ ਸਕਦਾ ਹੈ? ਇਸ ਵੇਲੇ ਦੇ ਮਾਹੌਲ ਵਿੱਚ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਭਾਰਤ-ਪਾਕਿਸਤਾਨ ਕਿਸ ਤਰ੍ਹਾਂ ਦੇ ਖ਼ਦਸ਼ਿਆਂ ਨਾਲ ਦੋ-ਚਾਰ ਹੋ ਰਹੇ ਹਨ। ਗ਼ੁਰਬਤ, ਜ਼ਹਾਲਤ, ਅਤਿਵਾਦ, ਮੂਲਵਾਦ ਅਤੇ ਬੀਮਾਰੀਆਂ ਤੋਂ ਇਲਾਵਾ ਅਸੀਂ ਜੰਗ ਦੇ ਖ਼ਤਰੇ ਨਾਲ ਦੋ-ਚਾਰ ਹੋ ਰਹੇ ਹਾਂ। ਇਸ ਲੇਖ ਦਾ ਉਦੇਸ਼ ਮੌਜੂਦਾ ਮਾਹੌਲ ਦੀਆਂ ਸਿਆਸੀ ਤੰਦਾਂ ਫਰੋਲਣ ਦੀ ਥਾਂ ਦੋਵਾਂ ਮੁਲਕਾਂ ਦੇ ਪ੍ਰਮਾਣੂ-ਜ਼ਖੀਰਿਆਂ ਤੋਂ ਲੈਕੇ ਜੰਗਾਂ ਦੇ ਅਰਥਚਾਰੇ ਦੀ ਨਜ਼ਰਸਾਨੀ ਕਰਨਾ ਹੈ।



ਗੱਲ ਵਿਗਿਆਨ ਦੇ ਨੁਕਸਾਨਾਂ ਦਾ ਜਾਇਜ਼ਾ ਲੈਣ ਲਈ ਹੋਵੇ ਜਾਂ ਨਵੀਆਂ ਸੰਭਾਵਨਾਵਾਂ ਤਲਾਸ਼ਣ ਦੀ ਹੋਵੇ, ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਹਾਦਸਿਆਂ ਦਾ ਜ਼ਿਕਰ ਅਟੱਲ ਹੈ। ਸਾਲਾਂ ਵਿੱਚ 76 ਸਾਲ ਪੁਰਾਣੇ ਹੋ ਚੁੱਕੇ ਇਹ ਹਾਦਸੇ ਮੌਜੂਦਾ ਅੰਨ੍ਹੀ ਦੇਸ਼ ਭਗਤੀ, ਫ਼ਿਰਕੂਵਾਦ ਅਤੇ 'ਅੱਤਵਾਦ ਖ਼ਿਲਾਫ਼ ਜੰਗ' ਦੇ ਦੌਰ ਵਿੱਚ ਕਦੇ ਵੀ ਕਿਸੇ ਦੂਜੀ ਥਾਂ ਵਾਪਰ ਸਕਦੇ ਹਨ। ਜਾਣਕਾਰਾਂ ਦਾ ਦਾਅਵਾ ਹੈ ਕਿ ਪ੍ਰਮਾਣੂ ਬੰਬਾਂ ਦੀ ਮੌਜੂਦਾ ਸਮਰੱਥਾ ਨਾਲ ਪੂਰੀ ਧਰਤੀ ਨੂੰ ਤੀਹ ਵਾਰ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਤਰਜ਼ ਉੱਤੇ ਤਬਾਹ ਕੀਤਾ ਜਾ ਸਕਦਾ ਹੈ। ਇਹ 'ਹਿਸਾਬੀ ਅਟੱਲਤਾ' ਹੈ। ਤਬਾਹੀ ਤੋਂ ਭਾਵ ਹਰ ਕਿਸਮ ਦਾ ਜੀਵਨ ਤਬਾਹ। ਪਸ਼ੂ, ਪੰਛੀ, ਦਰਖ਼ਤ ਅਤੇ ਮਨੁੱਖ ਆਪ। ਕੋਈ ਅੱਖੀਂ ਡਿੱਠਾ ਸੁਣਾਉਣ ਵਾਲਾ ਨਹੀਂ ਹੋਵੇਗਾ। ਨਾ ਬੰਬ ਬਣਾਉਣ ਵਾਲਾ ਨਾ ਚਲਾਉਣ ਵਾਲਾ। ਜੇ ਇੱਕੋ ਵਾਰ ਇਹ ਕੀਤਾ ਜਾ ਸਕਦਾ ਹੈ ਤਾਂ ਤੀਹ ਵਾਰ ਹੋਵੇ ਜਾਂ ਅਨੰਤ ਵਾਰ ਹੋਵੇ। ਦੂਜੀ ਵਾਰ ਦੀ ਸੰਭਾਵਨਾ ਨੂੰ ਵਿਗਿਆਨੀ ਤਾਂ ਪ੍ਰਾਪਤੀ ਵਜੋਂ ਗਿਣ ਸਕਦੇ ਹਨ ਪਰ ਇਸ ਦੀ ਅਹਿਮੀਅਤ ਕਾਗ਼ਜ਼ੀ ਕਸਰਤ ਤੋਂ ਵੱਧ ਕੁਝ ਨਹੀਂ।

ਵਿਗਿਆਨੀ ਆਇਨਸਟਾਇਨ ਦਾ ਮੱਹਤਵਪੂਰਨ ਕਥਨ ਹੈ, "3 ਸਾਡਾ ਵਿਸ਼ਵਾਸ ਹੈ ਕਿ ਜਾਗਰੂਕ ਲੋਕ ਮੌਤ ਦੀ ਥਾਂ ਜੀਵਨ ਲਈ ਕੰਮ ਕਰਨਗੇ। ਸੋ ਵਿਗਿਆਨੀ ਭਾਈਚਾਰੇ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਲੋਕਾਂ ਨੂੰ ਪ੍ਰਮਾਣੂ ਊਰਜਾ ਅਤੇ ਇਸ ਦੇ ਸਮਾਜ ਉੱਤੇ ਪੈਣ ਵਾਲੇ ਅਸਰਾਂ ਤੋਂ ਜਾਣੂ ਕਰਵਾਈਏ। ਇਸ ਵਿੱਚ ਹੀ ਸਾਡੀ ਸੁਰੱਖਿਆ ਅਤੇ ਉਮੀਦ ਕਾਇਮ ਹੈ ੩।" ਮੌਜੂਦਾ ਮਾਹੌਲ ਵਿੱਚ ਭਾਰਤ-ਪਾਕਿਸਤਾਨ ਦੇ ਹਵਾਲੇ ਨਾਲ ਆਇਨਸਟਾਇਨ ਦੇ ਇਸ ਕਥਨ ਵਿਚਲੇ ਅਰਥਾਂ ਨੂੰ ਸਮਝਣਾ ਜ਼ਰੂਰੀ ਹੈ। ਹੀਰੋਸ਼ੀਮਾ-ਨਾਗਾਸਾਕੀ ਦੇ ਹਾਦਸਿਆਂ ਦੇ ਵੇਰਵੇ, ਅਸਰ ਅਤੇ ਮੌਜੂਦਾ ਹਾਲਤ ਨੂੰ ਆਹਮਣੇ ਸਾਹਮਣੇ ਰੱਖ ਕੇ ਸਚਾਈ ਆਪਣੇ ਆਪ ਉਗੜਦੀ ਹੈ।

ਛੇ ਅਗਸਤ 1945; ਜਪਾਨ ਦਾ ਸ਼ਹਿਰ, ਹੀਰੋਸ਼ੀਮਾ। ਸਵੇਰੇ ਸਵਾ ਅੱਠ ਵਜੇ। ਜ਼ਿਆਦਾਤਰ ਲੋਕ ਆਪਣੇ ਕੰਮਾਂ ਨੂੰ ਜਾਣ ਲਈ ਸੜਕਾਂ ਉੱਤੇ ਸਨ। ਅਚਾਨਕ 580 ਮੀਟਰ ਦੀ ਉਚਾਈ ਤੋਂ ਦੁਨੀਆ ਵਿੱਚ ਪਹਿਲਾ ਪ੍ਰਮਾਣੂ ਬੰਬ ਸੁੱਟਿਆ ਗਿਆ। ਇਸ ਬੰਬ ਦੀ ਸਮਰੱਥਾ 15,000 ਟੀ. ਐਨ. ਟੀ. ਸੀ। ਬੇਕਾਬੂ ਵਿਸਫੋਟ ਕਾਰਨ ਸਕਿੰਟ ਤੋਂ ਵੀ ਘੱਟ ਸਮੇਂ ਵਿੱਚ ਤਕਰੀਬਨ 10,00,000 ਡਿਗਰੀ ਤਾਪਮਾਨ ਹੋ ਗਿਆ। ਅੰਨ੍ਹਾ ਕਰ ਦੇਣ ਵਾਲੀ ਰੋਸ਼ਨੀ ਹੋਈ। ਬੰਬ ਸੁੱਟਣ ਵਾਲੇ ਜਹਾਜ਼ ਦੇ ਪਾਈਲਟ ਨੇ ਸਾਥੀ ਪਾਈਲਟ ਨੂੰ ਕਿਹਾ, "ਓਹ ਰੱਬਾ! ਅਸੀਂ ਇਹ ਕੀ ਕਰ ਦਿੱਤਾ?" ਧਮਾਕੇ ਨਾਲ ਇੱਕ ਕਿਲੋਮੀਟਰ ਅਰਧ-ਵਿਆਸ ਵਾਲੇ ਘੇਰੇ ਵਿੱਚ ਸੁੰਗੜੀ ਹਵਾ ਜਦੋਂ ਲੋਹੇ ਦੇ ਭਾਰੇ ਦੁਰਮਟ ਦੇ ਰੂਪ ਵਿੱਚ ਧਰਤੀ ਉੱਤੇ ਵੱਜੀ ਤਾਂ ਇਸ ਦਾ ਤਾਪਮਾਨ 8000 ਡਿਗਰੀ ਸੀ। ਇਸ ਖੇਤਰ ਵਿੱਚ ਸਭ ਕੁਝ ਪਿਘਲ ਗਿਆ। ਕੁਝ ਪਲਾਂ ਵਿੱਚ 1,40,000 ਲੋਕ ਮਰ (ਮਾਰ ਦਿੱਤੇ) ਗਏ। ਇਸ ਖੇਤਰ ਨੂੰ ਗਰਾਊਡ ਜ਼ੀਰੋ ਕਿਹਾ ਜਾਂਦਾ ਹੈ। ਗਰਾਊਡ ਜ਼ੀਰੋ ਤੋਂ ਤੁਰੰਤ ਬਾਅਦ ਦੇ ਖੇਤਰ ਨੂੰ 'ਭਿਆਨਕ ਤਬਾਹੀ ਜ਼ੋਨ' ਕਿਹਾ ਜਾਂਦਾ ਹੈ। ਇਸ ਖੇਤਰ ਵਿੱਚ ਲੋਕਾਂ ਨੂੰ ਕੁਝ ਪਲਾਂ ਦੀ ਅਸਹਿ ਪੀੜ ਨਾਲ ਘੁੱਲਣਾ ਪਿਆ। ਇਨ੍ਹਾਂ ਲੋਕਾਂ ਨੇ ਪਹਿਲਾਂ ਆਪਣੇ ਕੱਪੜੇ ਅਤੇ ਫਿਰ ਚਮੜੀ ਜਲ ਕੇ ਪਿਘਲਦੀ ਹੋਈ ਦੇਖੀ। ਰੇਡੀਓ ਐਕਟਿਵ ਕਿਰਨਾਂ ਨਾਲ ਹਰ ਕਿਸਮ ਦੇ ਬਿਜਲਈ ਯੰਤਰ ਬੇਕਾਰ ਹੋ ਗਏ। ਆਵਾਜਾਈ ਦੀ ਹਰ ਸਹੂਲਤ ਤਬਾਹ ਹੋ ਗਈ।

ਇਹ ਸਭ ਕੁਝ 8 ਅਗਸਤ ਨੂੰ ਨਾਗਾਸਾਕੀ ਵਿੱਚ 70,000 ਲੋਕਾਂ ਨੂੰ ਮਾਰ ਕੇ ਦੁਹਰਾਇਆ ਗਿਆ। ਦੋਵਾਂ ਸ਼ਹਿਰਾਂ ਦੇ 45 ਹਸਪਤਾਲਾਂ ਵਿੱਚੋ 42 ਤਬਾਹ ਹੋ ਗਏ। ਤਿੰਨ ਸੌ ਡਾਕਟਰਾਂ ਵਿੱਚੋਂ ਸਿਰਫ਼ 28 ਡਾਕਟਰ ਜਿਉਂਦੇ ਸਨ। ਸਤਾਰਾ ਸੌ ਅੱਸੀ ਨਰਸਾਂ ਵਿੱਚੋਂ ਸੋਲਾਂ ਸੌ ਚੌਰਾਸੀ ਮਰ ਗਈਆਂ। ਇਸ ਹਾਦਸੇ ਦੇ ਹਰ 1500 ਗੰਭੀਰ ਜਖ਼ਮੀਆਂ ਦੀ ਦੇਖਭਾਲ ਲਈ ਮਸਾਂ ਇੱਕ ਡਾਕਟਰ ਬਚਿਆ। ਉਹ ਵੀ ਦਵਾਈਆਂ ਅਤੇ ਸਾਜ਼ੋ-ਸਮਾਨ ਤੋਂ ਨਿਹੱਥਾ। ਰੇਡੀਓ ਐਕਟਿਵ ਕਿਰਨਾਂ ਦੇ ਅਸਰ ਕਾਰਨ ਉਸ ਜਗ੍ਹਾ ਹੁਣ ਵੀ ਜਮਾਦਰੂ ਅਪੰਗ ਪੈਦਾ ਹੁੰਦੇ ਹਨ। ਬੰਬਾਂ ਤੋਂ ਤੁਰੰਤ ਬਾਅਦ ਖ਼ੂਨ ਦੇ ਕੈਂਸਰ ਅਤੇ ਚਮੜੀ ਦੇ ਰੋਗਾਂ ਤੋਂ ਪੀੜਤ ਲੋਕ ਕਿਵੇਂ-ਕਿਵੇਂ ਮਰੇ? ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ; ਬੰਬ ਸੁੱਟਣ ਵਾਲੇ ਜਹਾਜ਼ ਦਾ ਚਾਲਕ ਵੀ ਰੇਡੀਓ ਐਕਟਿਵ ਕਿਰਨਾਂ ਦੇ ਅਸਰ ਤੋਂ ਨਹੀਂ ਬਚਿਆ ਅਤੇ ਖ਼ੂਨ ਦੇ ਕੈਂਸਰ ਨਾਲ ਮਰਿਆ। ਇਨ੍ਹਾਂ ਰੇਡੀਓ ਐਕਟਿਵ ਕਿਰਨਾਂ ਦੇ ਅਸਰ ਕਾਰਨ ਬੰਬ ਪੀੜਤਾਂ ਨੂੰ ਬਾਹਰੋਂ ਕੋਈ ਸਿਹਤ ਸਹੂਲਤ ਨਹੀਂ ਪਹੁੰਚੀ। ਇਸ ਖੇਤਰ ਦੇ ਉਪਰੋਂ ਲੰਘੇ ਬੱਦਲ ਰੇਡੀਓ ਐਕਟਿਵ ਕਿਰਨਾਂ ਕਾਰਨ ਜਿਸ ਜਗ੍ਹਾਂ ਵੀ ਬਰਸਦੇ ਹਨ, ਚਮੜੀ ਦੇ ਰੋਗ ਫੈਲਾਉਂਦੇ ਹਨ।

ਪ੍ਰਮਾਣੂ ਬੰਬਾਂ ਨੂੰ ਜਦੋਂ ਹਮਲਾਵਰ ਹਥਿਆਰਾਂ ਵਜੋਂ ਪ੍ਰਚਾਰਦੇ ਹਨ ਤਾਂ ਇਨ੍ਹਾਂ ਦੇ ਆਤਮਘਾਤੀ ਪੱਖ ਲੁਕਾ ਲਏ ਜਾਂਦੇ ਹਨ। ਪਾਕਿਸਤਾਨ ਅਤੇ ਭਾਰਤ ਦੇ ਪ੍ਰਮਾਣੂ ਬੰਬ ਜ਼ਖੀਰਿਆਂ ਬਾਬਤ ਇੱਕ ਅਧਿਐਨ ਧਿਆਨ ਗੋਚਰਾ ਹੈ। ਚਾਰ ਵਿਗਿਆਨੀਆਂ (ਨੈਚੂਰਲ ਰੀਸੋਰਸਜ਼ ਡੀਫੈਂਸ ਕੌਂਸਲ, ਵਾਸ਼ਿੰਗਟਨ ਦੇ ਮੈਥਿਓ ਮੈਕੀਨਜੀ, ਪਰਿੰਸਟੌਨ ਯੂਨੀਵਰਸਿਟੀ ਦੇ ਜ਼ਿਆ ਮੀਆ ਤੇ ਐਮ. ਵੀ. ਰਾਮੰਨਾ ਅਤੇ ਕਾਅਦੇ ਆਜ਼ਮ ਯੂਨੀਵਰਸਿਟੀ ਇਸਲਾਮਾਵਾਦ ਦੇ ਏ. ਐਚ. ਨਈਅਰ) ਨੇ 'ਦੱਖਣੀ ਏਸ਼ੀਆ ਵਿੱਚ ਪ੍ਰਮਾਣੂ ਜੰਗ' ਨਾਂ ਦਾ ਪਰਚਾ ਲਿਖਿਆ ਹੈ। ਇਸ ਪਰਚੇ ਵਿੱਚ ਪਾਕਿਸਤਾਨ ਅਤੇ ਭਾਰਤ ਦੇ ਦਸ ਸ਼ਹਿਰਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਪਰਚੇ ਮੁਤਾਬਕ ਬੰਬ ਸੁੱਟੇ ਜਾਣ ਦੀ ਹਾਲਤ ਵਿੱਚ ਬੰਗਲੌਰ ਵਿੱਚ 8,00,000 ਮੁੰਬਈ ਵਿੱਚ 11,83,000 ਕੌਲਕਾਤਾ ਵਿੱਚ 10,21,000 ਚੇਨਈ ਵਿੱਚ 10,09,000 ਦਿੱਲੀ ਵਿੱਚ 4,88,000 ਫੈਸਲਾਵਾਦ ਵਿੱਚ 8,84,000 ਇਸਲਾਮਾਵਾਦ ਵਿੱਚ 3,51,000 ਕਰਾਚੀ ਵਿੱਚ 6,50,000 ਲਾਹੌਰ ਵਿੱਚ 7,62,000 ਅਤੇ ਰਾਵਲਪਿੰਡੀ ਵਿੱਚ 5,02,000 ਮੌਤਾਂ ਫੌਰੀ ਹੋ ਜਾਣਗੀਆਂ। ਇਸ ਤੱਥ ਦੀ ਭਿਆਨਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਚੰਡੀਗੜ੍ਹ ਵਰਗਾ ਸ਼ਹਿਰ ਬੰਬ ਡਿਗਣ ਦੀ ਸੁਰਤ ਵਿੱਚ ਬਿਲਕੁਲ ਖ਼ਤਮ ਹੋ ਜਾਵੇਗਾ। ਉਪਰੋਕਤ ਤੱਥਾਂ ਨੂੰ ਇੱਕ ਰੂਸੀ ਵਿਗਿਆਨੀ ਨੇ ਇਸ ਅਧਾਰ ਉੱਤੇ ਚਣੌਤੀ ਦਿੱਤੀ ਹੈ ਕਿ ਵਸੋਂ ਸੰਘਣੀ ਹੋਣ ਕਾਰਨ ਮੌਤਾਂ ਦੀ ਗਿਣਤੀ ਵਧੇਰੇ ਹੋਵੇਗੀ। ਪਨਾਹਗੀਰਾਂ ਦਾ ਹੜ੍ਹ, ਖੰਡਰ ਸ਼ਹਿਰ, ਪ੍ਰਦੂਸ਼ਿਤ ਪਾਣੀ ਸਰੋਤ, ਖ਼ੂਨ ਦਾ ਕੈਂਸਰ ਅਤੇ ਹੋਰ ਢੇਰਾਂ ਅਲਾਮਤਾਂ ਪਲਾਂ ਵਿੱਚ ਸਾਡੇ ਸਾਹਮਣੇ ਆ ਖੜ੍ਹਨਗੇ। ਇਹ ਅਧਿਐਨ ਦਸ ਸਾਲ ਪੁਰਾਣਾ ਹੈ, ਇਸ ਤੋਂ ਬਾਅਦ ਵਸੋਂ ਸੰਘਣੀ ਹੋਈ ਹੈ ਸੋ ਪ੍ਰਮਾਣੂ ਬੰਬਾਂ ਦੀ ਮਾਰ ਇਸ ਅੰਦਾਜ਼ੇ ਤੋਂ ਕਿਤੇ ਵੱਧ ਹੋਵੇਗੀ।

ਦੱਖਣੀ ਏਸ਼ੀਆ ਵਿੱਚ ਹਵਾਵਾਂ ਦੇ ਸਾਲਾਨਾ ਰੁਝਾਨ ਦਾ ਅਧਿਐਨ ਕਰਕੇ ਇਹ



ਜਾਨਣ ਦਾ ਉਪਰਾਲਾ ਹੋ ਰਿਹਾ ਹੈ ਕਿ ਭਾਰਤ ਦਾ ਸੁੱਟਿਆ ਬੰਬ ਭਾਰਤ ਲਈ ਕੀ ਕੀ ਅਤੇ ਪਾਕਿਸਤਾਨ ਦਾ ਸੁੱਟਿਆ ਬੰਬ ਪਾਕਿਸਤਾਨ ਲਈ ਕੀ ਕੀ ਅਲਾਮਤਾਂ ਲਿਆਵੇਗਾ? ਪੂਰਾ ਅੰਦਾਜ਼ਾ ਨਾ ਲੱਗਣ ਦੇ ਬਾਵਜੂਦ ਇਹ ਤੱਥ ਸਭ ਨੂੰ ਪ੍ਰਵਾਨਤ ਹੈ ਕਿ ਬੰਬ ਸੁੱਟਣ ਵਾਲਾ ਦੇਸ਼ ਆਪਣੇ ਸੁੱਟੇ ਬੰਬ ਦੀ ਮਾਰ ਤੋਂ ਨਹੀਂ ਬਚੇਗਾ। ਭਾਰਤ-ਪਾਕਿਸਤਾਨ ਦੇ ਸੰਬੰਧਾਂ ਬਾਰੇ ਕਸੂਰ ਤੋਂ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਸਾਬਕਾ ਨੁਮਾਇੰਦੇ ਚੌਧਰੀ ਮਨਜ਼ੂਰ ਅਹਿਮਦ ਨੇ 2003 ਵਿੱਚ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਬਾਬਤ ਕਿਹਾ ਸੀ, "ਸਾਡਾ ਮੌਜੂਦਾ ਅਮਨ ਜੰਗ ਤੋਂ ਸਿਰਫ਼ ਇੱਕ ਸ਼ਰਾਰਤ/ਸਾਜ਼ਿਸ/ਬੰਦੂਕ ਦੀ ਗੋਲੀ ਦੀ ਵਿੱਥ ਉੱਤੇ ਹੈ। ਪ੍ਰਮਾਣੂ ਬੰਬਾਂ ਵਾਲੇ ਦੋਵੇਂ ਗਵਾਂਢੀ ਮੁਲਕ ਬਰੂਦ ਦੇ ਢੇਰ ਉੱਤੇ ਬੈਠੇ ਹਨ।" ਸਾਡੇ ਦੇਸ਼ਾਂ ਦੇ ਹੁਕਮਰਾਨਾਂ ਦਾ ਫ਼ਾਸ਼ੀਵਾਦੀ ਵਿਵਹਾਰ ਸਾਨੂੰ ਪ੍ਰਮਾਣੂ ਬੰਬ ਦੇ ਖ਼ਤਰੇ ਤੋਂ ਸਿਰਫ਼ ਪਲਾਂ ਦੇ ਫ਼ਾਸਲੇ ਉੱਤੇ ਲਈ ਖੜ੍ਹਾ ਹੈ। ਜ਼ਿਆਦਾਤਰ ਅਨਪੜ੍ਹ ਲੋਕਾਈ ਉੱਤੇ ਫ਼ਾਸ਼ੀਵਾਦੀ ਅਤੇ ਜਾਤਵਾਦੀ ਜਮਾਤ ਦਾ ਗ਼ਲਬਾ ਹਾਲਤ ਨੂੰ ਬਦ ਤੋਂ ਬਦਤਰ ਬਣਾਉਂਦਾ ਹੈ।

ਜੇ ਕੋਈ ਇਲਾਹੀ ਤਾਕਤ ਸਾਡੇ ਹੁਕਮਰਾਨਾ ਨੂੰ ਸੁਮੱਤ ਬਖ਼ਸ਼ੇ ਤਾਂ ਵੀ ਸਾਡੇ ਸਿਰ ਤੋਂ ਪ੍ਰਮਾਣੂ ਬੰਬ ਦਾ ਖ਼ਤਰਾ ਘਟ ਨਹੀਂ ਜਾਂਦਾ। ਪਾਕਿਸਤਾਨ ਅਤੇ ਭਾਰਤ ਦੀ ਭਗੌਲਿਕ ਨੇੜਤਾ, ਦੋਵਾਂ ਦੇਸ਼ਾਂ ਦਾ ਸੀਮਤ ਵਿਗਿਆਨ, ਨਾ ਭਰੋਸੇਯੋਗ ਸੂਚਨਾ ਸਾਧਨ ਅਤੇ ਸ਼ੱਕੀ ਖ਼ੁਫ਼ੀਆ ਏਜੰਸੀਆਂ ਕਦੇ ਵੀ ਕਿਸੇ ਪ੍ਰਮਾਣੂ ਹਾਦਸੇ ਦਾ ਕਾਰਨ ਬਣ ਸਕਦੀਆਂ ਹਨ। ਦੋ ਪ੍ਰਮਾਣੂ ਸ਼ਕਤੀਆਂ ਅਮਰੀਕਾ ਅਤੇ ਸਾਬਕਾ ਸੋਵੀਅਤ ਯੂਨੀਅਨ ਦਾ ਤਜਰਬਾ ਬਹੁਤ ਕੁਝ ਸਿਖਾਉਂਦਾ ਹੈ। ਦੋਵਾਂ ਦੇਸ਼ਾਂ ਦੇ ਵਿਕਸਿਤ ਸੂਚਨਾ ਯੰਤਰ ਅਤੇ 'ਭਰੋਸੇਯੋਗ' ਖ਼ੁਫ਼ੀਆ ਏਜੰਸੀਆਂ ਦੇ ਬਾਵਜੂਦ ਕਈ ਵਾਰ ਪ੍ਰਮਾਣੂ ਬੰਬ ਹਾਦਸੇ ਵਜੋਂ (ਸਿਰਫ਼ ਤਕਨੀਕੀ ਗ਼ਲਤੀਆਂ ਕਾਰਨ) ਚਲਦੇ-ਚਲਦੇ ਭੂਗੋਲਿਕ ਦੂਰੀ ਕਾਰਨ ਮਿਲੇ ਸਮੇਂ ਕਰਕੇ ਰੁਕ ਗਏ। ਇਨ੍ਹਾਂ ਦੋਵਾਂ ਦੇਸ਼ਾਂ ਦੀ ਭੂਗੋਲਿਕ ਦੂਰੀ ਤੈਅ ਕਰਨ ਲਈ ਪ੍ਰਮਾਣੂ ਅਸਤਰਾਂ ਨੂੰ ਕਰੀਬ 25 ਮਿੰਟ ਲੱਗ ਸਕਦੇ ਸਨ। ਇਨ੍ਹਾਂ 25 ਮਿੰਟਾਂ ਵਿੱਚੋਂ ਪਹਿਲੇ ਇੱਕ-ਡੇਢ ਮਿੰਟ ਵਿੱਚ ਹਮਲੇ ਦੀ ਸੂਚਨਾ ਦੂਜੇ ਮੁਲਕ ਨੂੰ ਮਿਲਦੀ ਸੀ। ਇਸ ਸੂਚਨਾ ਦੇ ਆਧਾਰ ਉੱਤੇ ਹਮਲੇ ਦੀ ਦਿਸ਼ਾ, ਨਿਸ਼ਾਨੇ ਅਤੇ ਹੋਰ ਤਕਨੀਕੀ ਜਾਣਕਾਰੀ ਅਗਲੇ ਦੋ ਤੋਂ ਢਾਈ ਮਿੰਟ ਵਿੱਚ ਮਿਲ ਸਕਦੀ ਸੀ। ਸਲਾਹਕਾਰਾਂ ਨਾਲ ਸਲਾਹ ਕਰਕੇ ਛੇ-ਸੱਤ ਮਿੰਟ ਵਿੱਚ ਤੈਅ ਹੋ ਸਕਦਾ ਹੈ ਕਿ ਕੀ ਪ੍ਰਮਾਣੂ ਹਮਲਾ ਸ਼ੁਰੂ ਹੋ ਚੁੱਕਿਆ ਹੈ? ਮੁੱਢਲੀ ਜਾਣਕਾਰੀ ਦੀ ਤਫ਼ਤੀਸ਼ ਤੇ ਤਸਦੀਕ ਲਈ ਸਮ੍ਹਾਂ ਹਾਲੇ ਵੀ ਬਚਦਾ ਹੈ। ਦੋਵਾਂ ਦੇਸ਼ਾਂ ਨੇ ਵੱਡੇ ਪੱਧਰ ਉੱਤੇ ਤਕਨੀਕੀ ਅਤੇ ਵਿੱਤੀ ਸੋਮੇ ਅਗੇਤੀ ਚੇਤਾਵਨੀ ਦੇਣ ਵਾਲੇ ਪ੍ਰੰਬਧ ਨੂੰ ਉਸਾਰਨ ਵਿੱਚ ਲੱਗੇ ਸਨ। ਇਹ ਵੀ ਕਿੰਨਾ ਭਰੋਸੇਯੋਗ ਸੀ? ਅਮਰੀਕਾ ਵਿੱਚ 1979 ਤੋਂ 1984 ਵਿਚਕਾਰ 20,000 ਵਾਰ ਮਿਜ਼ਾਇਲ ਹਮਲੇ ਦੀ ਸੂਚਨਾ ਮਿਲੀ। ਇੱਕ ਹਜ਼ਾਰ ਤੋਂ ਵੱਧ ਵਾਰ ਇਸ ਚੇਤਾਵਨੀ ਨੂੰ ਗੰਭੀਰਤਾ ਨਾਲ ਲੈਂਦਿਆ ਮੋੜਵੇਂ ਹਮਲੇ ਲਈ ਬੰਬ ਸੁੱਟਣ ਵਾਲੇ ਜਹਾਜ਼ਾਂ ਅਤੇ ਮਿਜ਼ਾਇਲਾਂ ਨੂੰ ਚੌਕੰਨਾ ਕਰ ਦਿੱਤਾ ਗਿਆ। ਭੂਗੋਲਿਕ ਦੂਰੀ ਕਾਰਨ ਮਿਲੇ ਸਮੇਂ ਦੇ ਨਤੀਜੇ ਵਜੋਂ ਦੂਜੇ ਦੇਸ਼ ਨੂੰ ਸੋਚਣ ਦਾ ਸਮ੍ਹਾਂ ਕਿਆਸੇ ਹਮਲੇ ਦੇ ਮੋੜਵੇਂ ਹਮਲੇ ਤੋਂ ਬਚਾਅ ਵਿੱਚ ਸਹਾਈ ਹੋਇਆ।

ਪਾਕਿਸਤਾਨ ਅਤੇ ਭਾਰਤ ਵਿੱਚ ਅਜਿਹਾ ਮੌਕਾ ਨਹੀਂ ਹੈ। ਭਾਰਤ ਦੀ 'ਪ੍ਰਿਥਵੀ' ਮਿਜ਼ਾਇਲ ਤਿੰਨ ਤੋਂ ਪੰਜ ਮਿੰਟ ਵਿੱਚ ਪਾਕਿਸਤਾਨ ਦੇ ਕਿਸੇ ਵੀ ਖੂੰਜੇ ਵਿੱਚ ਮਾਰ ਕਰ ਸਕਦੀ ਹੈ। ਪਾਕਿਸਤਾਨ ਦੀ 'ਗੌਰੀ' ਮਿਜ਼ਾਇਲ ਪੰਜ ਮਿੰਟ ਦੇ ਅੰਦਰ ਦਿੱਲੀ ਧਮਾਕਾ ਕਰ ਸਕਦੀ ਹੈ। ਹੁਣ ਤਾਂ ਇਸ ਤੋਂ ਵੀ ਘਾਤਕ ਮਿਜ਼ਾਇਲਾਂ ਦੋਵਾਂ ਮੁਲਕਾਂ ਕੋਲ ਹਨ। ਜੇ ਕਿਤੇ ਪਾਕਿਸਤਾਨ ਅਤੇ ਭਾਰਤ ਵਿਚਕਾਰ ਪ੍ਰਮਾਣੂ ਹਮਲੇ ਦਾ ਸਾਈਰਨ ਗ਼ਲਤੀ ਨਾਲ ਵੱਜ ਜਾਵੇ ਤਾਂ ਤਸਦੀਕ ਕਰਨ ਦਾ ਮੌਕਾ ਨਹੀਂ ਹੈ। ਕਿਸੇ ਕਿਆਸੇ ਪ੍ਰਮਾਣੂ ਹਮਲੇ ਦੀ ਸ਼ੰਕਾ ਪ੍ਰਮਾਣੂ ਹਮਲੇ ਦਾ ਕਾਰਨ ਬਣ ਸਕਦੀ ਹੈ। ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਅਸੀਂ ਕਿੰਨੇ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੇ ਹਾਂ।

ਪ੍ਰਮਾਣੂ ਬੰਬ ਦੀ ਹੋਂਦ ਦਾ ਸਮਾਜਿਕ ਪੱਖ ਵੀ ਹੈ। ਸਾਡੇ ਦੋਵਾਂ ਦੇਸ਼ਾਂ ਵਿੱਚ ਗ਼ੁਰਬਤ ਅਤੇ ਜ਼ਹਾਲਤ ਲਗਾਤਾਰ ਵਧ ਰਹੀ ਹੈ। ਗ਼ਰੀਬੀ ਅਤੇ ਸਾਖ਼ਰਤਾ ਹਟਾਉਣ ਲਈ ਕੀਤੇ ਵਾਅਦੇ ਲਗਾਤਾਰ ਭਵਿੱਖ ਉੱਤੇ ਟਾਲੇ ਗਏ। ਹੁਣ ਗ਼ਰੀਬੀ ਅਤੇ ਸਾਖ਼ਰਤਾ ਬਾਬਤ ਕੀਤੀ ਕੋਈ ਵੀ ਗੱਲ ਚੁਟਕਲਾ ਸਮਝ ਕੇ ਗੰਭੀਰਤਾ ਨਾਲ ਨਹੀਂ ਜਾਂਦੀ। ਇਨ੍ਹਾਂ ਬੰਬਾਂ ਲਈ ਸੋਮੇ ਕਿੱਥੋਂ ਆਏ ਹਨ?

ਕੁਝ ਵਿਗਿਆਨੀਆਂ ਨੇ ਪ੍ਰਮਾਣੂ ਬੰਬ ਬਣਾਉਣ ਦੇ ਨਕਸ਼ੇ ਕਿਤਾਬ ਵਿੱਚ ਛਾਪ ਦਿੱਤੇ। ਚਿੰਤਕਾਂ ਨੂੰ ਚਿੰਤਾ ਹੋਈ ਕਿ ਇਸ ਨਾਲ ਆਲਮੀ ਅਸੁਰੱਖਿਆ ਵਧ ਗਈ ਹੈ। ਹੁਣ ਹਰ ਕੋਈ ਬੰਬ ਬਣਾ ਲਵੇਗਾ। ਵਿਗਿਆਨੀਆਂ ਦਾ ਵਿਸ਼ਵਾਸ਼ ਭਰਿਆ ਜੁਆਬ ਸੀ। 'ਇਸ ਬੰਬ ਨੂੰ ਕੋਈ ਆਪਣੇ ਨਾਗਰਿਕਾਂ ਦੇ ਸਰੋਤ ਲੁੱਟ ਕੇ ਹੀ ਬਣਾ ਸਕਦਾ ਹੈ। ਕੋਈ ਕੰਪਨੀ ਜਾਂ ਅਤਿਵਾਦੀ ਧੜਾ ਇਹ ਬੰਬ ਬਣਾਉਣ ਲਈ ਸਾਧਨ ਨਹੀਂ ਜੁਟਾ ਸਕਦਾ।' ਸਰਕਾਰਾਂ ਹੀ ਆਪਣੇ ਨਾਗਰਿਕਾਂ ਉੱਤੇ ਵਜ਼ਨ ਪਾ ਕੇ ਇਹ ਬੰਬ ਬਣਾ ਸਕਦੀਆਂ ਹਨ। ਇਸ ਕਾਰਨ ਹੀ ਸਰਕਾਰਾਂ ਬਹੁਤ ਸਾਰੇ ਤੱਥ ਲਕੋਦੀਆਂ ਹਨ। ਪਾਕਿਸਤਾਨ ਦੇ ਸਾਬਕਾ ਪ੍ਰਧਾਨਮੰਤਰੀ ਜ਼ੁਲਫ਼ੀਕਾਰ ਅਲੀ ਭੁਟੋ ਦਾ ਭਾਰਤ ਦੇ ਪਹਿਲੇ ਪ੍ਰਮਾਣੂ ਪਰੀਖਣ ਤੋਂ ਬਾਅਦ ਦਿੱਤਾ ਬਿਆਨ ਧਿਆਨ ਗੋਚਰਾ ਹੈ, "ਬੇਸ਼ੱਕ ਸਾਨੂੰ ਘਾਹ ਖਾਣਾ ਜਾਂ ਭੁੱਖਾ ਮਰਨਾ ਪਵੇ ਪਰ ਪ੍ਰਮਾਣੂ ਬੰਬ ਜ਼ਰੂਰ ਬਣਾਉਣਾ ਚਾਹੀਦਾ ਹੈ।" ਜੇ ਮੁਲਕ ਵਾਸੀਆਂ ਨੇ ਘਾਹ ਖਾਣਾ ਜਾਂ ਭੁੱਖਾ ਮਰਨਾ ਤਾਂ ਬੰਬ ਬਣਾਉਣ ਤੋਂ ਵੱਡੀ ਅਸੁਰੱਖਿਆ ਕੀ ਹੈ?

ਇਹ ਬੰਬ ਚਲਣ ਤੋਂ ਪਹਿਲਾਂ ਹੀ ਸਾਡੇ ਗੁਰਬਤ ਅਤੇ ਜ਼ਹਾਲਤ ਵਿੱਚ ਜੀਅ ਰਹੇ ਲੋਕਾਂ ਦੇ ਸਿਰ ਫ਼ਟ ਚੁੱਕੇ ਹਨ। ਭਾਰਤ ਅਤੇ ਪਾਕਿਸਤਾਨ ਆਪਣੇ ਬਜਟ ਦਾ ਕਰੀਬ 40 ਫ਼ੀਸਦੀ ਹਥਿਆਰਾਂ ਉੱਤੇ ਖ਼ਰਚ ਕਰਦੇ ਹਨ। ਭਾਰਤ ਆਪਣੇ ਬਜਟ ਦਾ ਤਿੰਨ ਫ਼ੀਸਦੀ ਅਤੇ ਪਾਕਿਸਤਾਨ ਆਪਣੇ ਬਜਟ ਦਾ ਚਾਰ ਫ਼ੀਸਦੀ ਸਿਹਤ ਅਤੇ ਸਿੱਖਿਆ ਉੱਤੇ ਖ਼ਰਚ ਕਰਦਾ ਹੈ। ਦੱਖਣੀ ਏਸ਼ੀਆ ਵਿੱਚ ਅੱਧੀ ਤੋਂ ਵਧੇਰੇ ਵਸੋਂ ਗ਼ਰੀਬੀ ਰੇਖਾ ਤੋਂ ਥੱਲੇ ਹੈ। ਇੱਕ ਤਿਹਾਈ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਅੱਧੀ ਵਸੋਂ ਦੀ ਜ਼ਰੂਰੀ ਦਵਾਈਆਂ ਤੱਕ ਪਹੁੰਚ ਨਹੀਂ। ਇਨ੍ਹਾਂ ਦੇਸ਼ਾਂ ਵਿੱਚ ਹਾਲੇ ਵੀ ਛੂਤ ਦੀਆਂ ਬੀਮਾਰੀਆਂ ਦੇ ਰੋਗੀ ਵੱਡੀ ਗਿਣਤੀ ਵਿੱਚ ਹਨ। ਇਨ੍ਹਾਂ ਅੰਕੜਿਆਂ ਦਾ ਦੂਜਾ ਪਾਸਾ ਵੀ ਹੈ; ਦੁਨੀਆ ਵਿੱਚ ਹੁੰਦੇ ਹਥਿਆਰਾਂ ਉਪਰ ਜਿਨ੍ਹਾਂ ਖ਼ਰਚ ਇੱਕ ਘੰਟੇ ਵਿੱਚ ਹੁੰਦਾ ਹੈ ਉਸ ਨਾਲ ਛੋਟੀ ਮਾਤਾ ਦੇ ਖ਼ਾਤਮੇ ਦਾ ਪ੍ਰੋਗਰਾਮ ਵੀਹ ਸਾਲ ਚਲ ਸਕਦਾ ਹੈ। ਅੱਧੇ ਦਿਨ ਦੇ ਖ਼ਰਚ ਨਾਲ ਪੂਰੀ ਦੁਨੀਆ ਦੇ ਬੱਚਿਆਂ ਦਾ ਟੀਕਾਕਰਨ ਹੋ ਸਕਦਾ ਹੈ। ਇੱਕ ਦਿਨ ਦੇ ਖ਼ਰਚ ਨਾਲ ਮਲੇਰੀਆ ਦਾ ਖ਼ਾਤਮਾ ਹੋ ਸਕਦਾ ਹੈ। ਤਿੰਨ ਹਫ਼ਤਿਆਂ ਦੇ ਖ਼ਰਚ ਨਾਲ ਸਾਰੇ ਸੰਸਾਰ ਦੇ ਬੱਚਿਆਂ ਲਈ ਮੁੱਢਲੀ ਸਿਹਤ ਸਹੂਲਤ ਅਤੇ ਇੱਕ ਹੋਰ ਹਫ਼ਤੇ ਦੇ ਖਰਚੇ ਨਾਲ ਇਨ੍ਹਾਂ ਦੀ ਮੁਢਲੀ ਖ਼ੁਰਾਕ ਦਾ ਬੰਦੋਬਸਤ ਹੋ ਸਕਦਾ ਹੈ। ਤਿੰਨ ਘੰਟਿਆਂ ਦੇ ਖ਼ਰਚ ਨਾਲ ਯੂ. ਐਨ. ਓ. ਦਾ ਸਾਲਾਨਾ ਬਜਟ ਨਿਕਲ ਆਉਂਦਾ ਹੈ।

'ਅਤਿਵਾਦ ਖ਼ਿਲਾਫ਼ ਜੰਗ' ਨੇ ਦੁਨਿਆ ਵਿੱਚ ਸ਼ੱਕ ਦਾ ਮਾਹੌਲ ਬਣਾ ਦਿੱਤਾ ਹੈ। ਅਫ਼ਗ਼ਾਨਿਸਤਾਨ ਅਤੇ ਇਰਾਕ ਦੀ ਤਬਾਹੀ ਤੋਂ ਬਾਅਦ ਇਰਾਨ ਉੱਤੇ ਵੱਧ ਰਿਹਾ ਦਵਾਅ ਸਾਨੂੰ ਵੱਡੇ ਖ਼ਤਰੇ ਦੇ ਮੂੰਹ ਉੱਤੇ ਲਈ ਖੜ੍ਹਾ ਹੈ। ਦੁਨੀਆਂ ਦਾ ਅਮਰੀਕਾ ਅਧੀਨ ਚੱਲ ਰਿਹਾ ਇਕਪਾਸੜ ਨਿਜ਼ਾਮ ਸਾਡੇ ਸੰਸਿਆਂ ਵਿੱਚ ਭਾਰੀ ਵਾਧਾ ਕਰ ਰਿਹਾ ਹੈ। ਇਨ੍ਹਾਂ ਤੱਥਾਂ ਨਾਲ ਆਇਨਸਟਾਇਨ ਦੇ ਕਥਨ ਦੀ ਅਹਿਮੀਅਤ ਸਮਝ ਪੈਂਦੀ ਹੈ। ਮੌਜੂਦਾ ਦੌਰ ਵਿੱਚ ਇਹ ਕਥਨ ਹੋਰ ਵੀ ਅਹਿਮ ਹੋ ਗਿਆ ਹੈ। ਮੌਜੂਦਾ ਅੰਨ੍ਹੀ ਦੇਸ਼ਭਗਤੀ ਦੇ ਦੌਰ ਵਿੱਚ ਇਨ੍ਹਾਂ ਤੱਥਾਂ ਨੂੰ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾ ਸਕਣਾ ਸ਼ਾਇਦ ਸਾਡੇ ਲਈ ਕੋਈ ਉਮੀਦ ਜਾਂ ਸੁਰੱਖਿਆ ਬਣ ਸਕੇਗਾ।

ਇਤਿਹਾਸ ਦੇ ਝਰੋਖੇ 'ਚੋਂ

# ਬੇਚੈਨ ਕਰਨ ਵਾਲੇ ਆਜ਼ਾਦੀ ਦੇ ਪ੍ਰਵਾਨੇ

**ਅਮੋਲਕ ਸਿੰਘ**

15 ਫਰਵਰੀ 1915 ਦਾ ਦਿਹਾੜਾ ਸਾਡੇ ਮੁਲਕ ਦੇ ਆਜ਼ਾਦੀ ਸੰਗਰਾਮ ਦੇ ਸ਼ਾਨਾਮੱਤੇ ਇਤਿਹਾਸ ਦਾ ਗੌਰਵਮਈ ਦਿਹਾੜਾ ਹੈ। ਇਸ ਦਿਨ ਮੁਸਲਮਾਨ ਭਾਈਚਾਰੇ ਨਾਲ ਸਬੰਧਤ 'ਪੰਜਵੀਂ ਲਾਈਟ ਪਲਟਨ' ਅਤੇ 'ਮਲਾਇਆ ਰਿਆਸਤੀ ਗਾਈਡ' ਵੱਲੋਂ ਸਿੰਘਾਪੁਰ ਅਤੇ ਰੰਗੂਨ ਵਿਚ ਫ਼ੌਜਾਂ ਅੰਦਰ ਲਾ-ਮਿਸਾਲ ਬਗ਼ਾਵਤ ਕਰਕੇ ਆਜ਼ਾਦੀ ਦਾ ਪਰਚਮ ਬੁਲੰਦ ਕੀਤਾ ਗਿਆ। ਸਾਮਰਾਜਵਾਦ ਦੀ ਗ਼ੁਲਾਮੀ ਤੋਂ ਆਪਣੇ ਪਿਆਰੇ ਵਤਨ ਨੂੰ ਆਜ਼ਾਦ ਕਰਾਉਣ ਦਾ ਬੀੜਾ ਚੁੱਕਣ ਵਾਲੇ ਪਠਾਣ ਰਜਮੈਂਟ ਦੇ ਇਹਨਾਂ ਸੂਰਮੇ ਬਾਗ਼ੀ ਫ਼ੌਜੀਆਂ ਨੂੰ ਪਲਾਂ ਛਿਨਾਂ 'ਚ ਜੁੜੀ ਹੋਰ ਫ਼ੌਜ ਨੇ ਕਾਬੂ ਕਰ ਲਿਆ। ਉਸੇ ਵੇਲੇ ਅਣਮਨੁੱਖੀ ਅਤੇ ਵਹਿਸ਼ਿਆਨਾ ਢੰਗ ਨਾਲ 41 ਬਾਗ਼ੀ ਫ਼ੌਜੀਆਂ ਨੂੰ ਆਮ ਲੋਕਾਂ ਦੇ ਸਾਹਮਣੇ ਇਕ ਕਤਾਰ 'ਚ ਖੜ੍ਹ ਕਰਕੇ ਗੋਲੀਆਂ ਨਾਲ ਉਡਾ ਦਿੱਤਾ। ਤਿੰਨ ਨੂੰ ਫ਼ਾਂਸੀ ਦੇ ਫੰਦੇ ਤੇ ਲਟਕਾ ਦਿੱਤਾ। ਕੋਰਟ ਮਾਰਸ਼ਲ ਕਰਕੇ ਦੋ ਸੌ ਤੋਂ ਵੱਧ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਅਤੇ 69 ਨੂੰ ਉਮਰ ਕੈਦ ਕਰ ਦਿੱਤੀ।

ਫਾਈਲ ਨੰ: ਹੋਮ 1916 ਕਨਫੀਡੈਂਸ਼ੀਅਲ ਨੰ: 18/1916 ਹੋਮ 1917 ਪੋਲੀਟੀਕਲ ਏ. ਨਵੰਬਰ 75 ਪੀ.ਏ. ਸੈਕਸ਼ਨ, ਨੈਸ਼ਨਲ ਆਰਕਾਈਵ ਆਫ ਇੰਡੀਆ ਨਵੀਂ ਦਿੱਲੀ ਫਾਈਲ ਨੰ: 76 ਮੈਨੂਸਕਰਿਪਟ ਹਿੰਦੀ ਪੀ.ਪੀ. 12-14 ਸ੍ਰੋਤ ਫੂਲ ਚੰਦ ਜੈਨ ਅਤੇ ਸਵਤੰਤਰਤਾ ਸੈਨਿਕ ਗ੍ਰੰਥ ਮਾਲਾ (ਹਿੰਦੀ) 19.3.2011 ਮੁਤਾਬਕ ਸਾਹਮਣੇ ਆਇਆ ਇਹ ਘਿਨੌਣਾ ਕਾਂਡ ਸਾਬਤ ਕਰਦਾ ਹੈ ਕਿ ਪਠਾਨ ਭਾਈਚਾਰੇ ਨਾਲ ਸਬੰਧਤ ਕਿੰਨੇ ਹੀ ਗੁੰਮਨਾਮ ਸ਼ਹੀਦਾਂ ਨੇ ਕਿਵੇਂ ਆਪਣੇ ਲਹੂ ਨਾਲ ਆਜ਼ਾਦੀ ਦੀ ਤਵਾਰੀਖ਼ ਦੇ ਮਾਣ-ਮੱਤੇ ਪੰਨੇ ਲਿਖੇ ਹਨ।



ਸੌ ਸਾਲ ਦਾ ਅਰਸਾ ਬੀਤ ਗਿਆ। ਗ਼ਦਰ ਪਾਰਟੀ ਸਥਾਪਨਾ ਸ਼ਤਾਬਦੀ (1913-2013) ਸਾਡੀਆਂ ਬਰੂਹਾਂ ਤੇ ਹੈ। ਜਿਨ੍ਹਾ ਅਮਰ ਸ਼ਹੀਦਾਂ ਨੇ ਆਪਣੇ ਲਹੂ ਸੰਗ ਇਹ ਪੰਨੇ ਉਕਰੇ, ਇਹ ਪੰਨੇ ਕਿੱਥੇ ਹਨ? ਇਹਨਾਂ ਦੀ ਕਦੇ 15 ਅਗਸਤ ਜਾਂ 26 ਜਨਵਰੀ ਨੂੰ ਕੋਈ ਝਾਕੀ ਵੀ ਦਿਖਾਈ ਨਹੀਂ ਦਿੰਦੀ। ਸਾਡਾ ਇਤਿਹਾਸ ਇਨ੍ਹਾਂ ਦੀ ਲਹੂ ਰੱਤੀ ਇਬਾਰਤ ਬਾਰੇ ਖ਼ਾਮੋਸ਼ ਹੈ। ਮੁਲਕ ਦੀਆਂ ਯੂਨੀਵਰਸਿਟੀਆਂ, ਖੋਜ ਕੇਂਦਰਾਂ, ਲਾਇਬਰੇਰੀਆਂ, ਵਿਦਿਅਕ ਅਦਾਰਿਆਂ, ਇਤਿਹਾਸਕਾਰਾਂ, ਪੁਰਾਤਤਵ ਵਿਭਾਗ ਆਦਿ ਦੀਆਂ ਨਜ਼ਰਾਂ ਵਿਚ ਕੀ ਇਹ ਕੌਮ ਦਾ ਅਨਮੋਲ ਸਰਮਾਇਆ ਨਹੀਂ? ਇਨ੍ਹਾਂ ਦਾ ਚਿੱਤ ਚੇਤਾ ਹੀ ਭੁਲਾ ਦਿੱਤਾ। ਇਸਦੇ ਉਲਟ ਸਾਡੇ ਉਪਰ ਲੰਮਾ ਸਮਾਂ ਰਾਜ ਕਰਨ ਵਾਲਿਆਂ ਦਾ ਇਤਿਹਾਸ ਬਾਖ਼ੂਬੀ ਸੰਭਾਲਿਆ ਅਤੇ ਪੜ੍ਹਾਇਆ ਜਾ ਰਿਹਾ ਹੈ। ਉਹਨਾਂ ਦੀਆਂ ਸਿਫ਼ਤਾਂ ਦੀ ਰਾਗਣੀ ਵੀ ਛੇੜੀ ਜਾਂਦੀ ਹੈ। ਇਹਨਾਂ ਕੌਮੀ ਹੀਰਿਆਂ ਨਾਲ ਜੋ ਵੀ ਵਿਹਾਰ ਕੀਤਾ ਜਾਵੇ ਇਹਨਾਂ ਦੀ ਅਦੁਤੀ ਕੁਰਬਾਨੀ ਦੀ ਲੋਅ ਸਦਾ ਹੀ ਰੌਸ਼ਨੀ ਵੰਡਦੀ ਰਹੇਗੀ। ਅਜਿਹੇ ਰੌਸ਼ਨ ਚਿਰਾਗਾਂ ਬਾਰੇ ਸ਼ਹੀਦ ਭਗਤ ਸਿੰਘ ਨੇ ਸ਼ਹੀਦ ਮਦਨ ਲਾਲ ਢੀਂਗਰਾ ਬਾਰੇ ਲਿਖੇ ਇਕ ਲੇਖ 'ਚ ਬਹੁਤ ਹੀ ਸਾਰਥਕ ਅੰਦਾਜ਼ 'ਚ ਇਉਂ ਮੁਖ਼ਾਤਬ ਕੀਤਾ ਸੀ:

**ਚਮਨ ਜਾਰੇ ਮੁਹੱਬਤ ਮੇਂ**
**ਉਸੀ ਨੇ ਕੀ ਬਾਗਬਾਨੀ**
**ਜਿਸਨੇ ਮਿਹਨਤ ਕੋ ਹੀ**
**ਮਿਹਨਤ ਕਾ ਸਮਰ ਜਾਨਾ**
**ਨਹੀਂ ਫੈਜ-ਏ-ਨੁਮਾਇਸ਼ ਸ਼ਬਨਮ ਕਾ**
**ਚੁਪਕੇ ਸੇ ਆਤੀ ਹੈ**
**ਮੋਤੀ ਲੁਟਾ ਜਾਤੀ ਹੈ**

ਇਤਿਹਾਸ ਦੀਆਂ ਗੁੰਮਨਾਮ ਪੈੜਾਂ ਬੋਲਦੀਆਂ ਹਨ ਕਿ ਸਿੰਘਾਪੁਰ ਅਤੇ ਰੰਗੂਨ ਵਿਚ ਮੁਸਲਮਾਨ ਭਰਾਵਾਂ ਦੀਆਂ ਪਲਟਣਾਂ ਨੇ ਅੰਗਰੇਜ਼ ਸਾਮਰਾਜੀਆਂ ਦੀ ਧੌਂਸ ਵਗਾਹ ਮਾਰੀ। ਦੋਵੇਂ ਪਲਟਣਾਂ ਅੰਦਰ ਆਜ਼ਾਦੀ ਦੀ ਚਿੰਗਾੜੀ 'ਗ਼ਦਰ' ਅਖ਼ਬਾਰ ਨੇ ਲਾਈ। ਅਮਰੀਕਾ, ਕੈਨੇਡਾ, ਸ਼ੰਘਈ, ਮਨੀਲਾ ਅਤੇ ਹਾਂਗਕਾਂਗ ਤੋਂ 1914 ਦੇ ਸਤੰਬਰ-ਅਕਤੂਬਰ ਵਿਚ ਲੰਘਣ ਵਾਲੇ ਗ਼ਦਰੀ ਸਿੰਘਾਪੁਰ ਵਿਚ ਜਹਾਜ਼ਾਂ ਤੋਂ ਉਤਰਦੇ ਅਤੇ ਗੁਰਦੁਆਰੇ ਤੇ ਪਲਟਣਾਂ ਵਿਚ ਜਾ ਕੇ ਫ਼ੌਜੀਆਂ ਅਤੇ ਲੋਕਾਂ ਨੂੰ ਇਨਕਲਾਬ ਲਈ ਉੱਠਣ ਲਈ ਪ੍ਰੇਰਦੇ। ਛੱਤੀਵੀਂ ਸਿੱਖ ਪਲਟਨ ਤੋਂ ਇਹਤਿਆਤ ਵਜੋਂ ਅੰਗਰੇਜ਼ ਅਫ਼ਸਰਾਂ ਨੇ ਹਥਿਆਰ ਜਮ੍ਹਾਂ ਕਰਵਾ ਲਏ ਕਿਉਂਕਿ ਇਨ੍ਹਾਂ ਬਾਰੇ ਗ਼ਦਰੀਆਂ ਨਾਲ ਮਿਲ ਤੁਰਨ ਦਾ ਖਦਸ਼ਾ ਸੀ। ਪਠਾਨ ਪਲਟਣ ਵੀ ਬਾਗ਼ੀ ਹੋ ਜਾਏਗੀ ਇਸਦਾ ਬਰਤਾਨਵੀ ਹਾਕਮਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ।

ਜਦੋਂ ਪਠਾਨ ਫ਼ੌਜੀਆਂ ਨੂੰ ਹਥਿਆਰ ਜਮਾਂ ਕਰਾਏ ਜਾਣ ਦਾ ਪਤਾ ਲੱਗਾ ਤਾਂ ਮਿਥੇ ਸਮੇਂ ਤੋਂ ਵੀ ਪਹਿਲਾਂ ਹੀ ਗ਼ਦਰ ਦੀ ਗੂੰਜ ਪੈ ਗਈ। ਹਥਿਆਰ ਜਮਾਂ ਕਰਨ ਤੋਂ ਪਠਾਨ ਫ਼ੌਜੀ ਠੋਕ ਕੇ ਜਵਾਬ ਦੇਣ ਲੱਗੇ। ਜਬਰੀ ਅਸਲਾ ਇਕੱਠਾ ਕਰਨ ਵਾਲੇ ਅੰਗਰੇਜ਼ ਅਫ਼ਸਰ ਨੂੰ ਮਾਰ ਮੁਕਾਇਆ। ਜਿਹੜਾ ਵੀ ਗੋਰਾ ਅਫ਼ਸਰ ਜਾਂ ਫ਼ੌਜੀ ਸਾਹਮਣੇ ਆਇਆ ਉਸਨੂੰ ਮਾਰ ਮੁਕਾਇਆ। ਗ਼ਦਰੀ ਸਭ ਕੁਝ ਜਿੱਤਣ ਦੇ ਰੌਅ 'ਚ ਐਧਰ ਓਧਰ ਟੁਕੜੀਆਂ 'ਚ ਖਿੰਡ ਗਏ। ਉਧਰ ਅੰਗਰੇਜ਼ ਹਾਕਮਾਂ ਨੇ ਵਿਆਪਕ ਹੱਲਾ ਬੋਲ ਦਿੱਤਾ। ਇਸ ਹੱਲੇ 'ਚ ਹੀ ਗ੍ਰਿਫ਼ਤਾਰ ਕੀਤੇ ਮੁਸਲਮਾਨ ਬਾਗ਼ੀ ਫ਼ੌਜੀਆਂ ਨੂੰ ਦੀਵਾਰ ਨਾਲ ਖੜੇ ਕਰਕੇ ਹੱਥ ਬੰਨਕੇ ਗੋਲੀਆਂ ਨਾਲ ਭੁੰਨਿਆ ਗਿਆ। ਸਿੰਘਾਪੁਰ ਬਗ਼ਾਵਤ ਵਾਂਗ ਹੀ 150ਵੀਂ ਬਲੋਚ ਰਜਮੈਂਟ ਨੇ ਗ਼ਦਰ ਪਾਰਟੀ ਦੇ ਪ੍ਰਭਾਵ ਵਿਚ ਆ ਕੇ ਰੰਗੂਨ ਵਿਚ ਗ਼ਦਰ ਕਰ ਦਿੱਤਾ। ਇਸ ਪਲਟਨ ਵਿਚ ਵੀ ਵਧੇਰੇ ਗਿਣਤੀ ਮੁਸਲਮਾਨ ਪਠਾਨਾਂ ਦੀ ਹੀ ਸੀ। ਇਨ੍ਹਾਂ ਨੇ ਅੰਗਰੇਜ਼ੀ ਹਾਕਮਾਂ ਵੱਲੋਂ ਮੜੀ ਨਹੱਕੀ ਜੰਗ ਵਿਚ ਜਾਣ ਤੋਂ ਕੋਰਾ ਜਵਾਬ ਦੇ ਦਿੱਤਾ। ਫੇਰ ਇਕ ਗੋਰਾ ਅਫ਼ਸਰ ਮਾਰ ਦਿੱਤਾ। ਥਾਂ-ਥਾਂ 'ਗ਼ਦਰ' ਅਖ਼ਬਾਰ ਵੰਡਿਆ। ਇਨ੍ਹਾਂ ਨੂੰ ਘੇਰ ਕੇ ਫੜਿਆ ਅਤੇ ਕੋਰਟ ਮਾਰਸ਼ਲ ਕਰਕੇ ਦੋ ਸੌ ਨੂੰ ਸਖ਼ਤ ਸਜ਼ਾਵਾਂ, ਫ਼ਾਂਸੀ ਅਤੇ ਉਮਰ ਕੈਦ ਕਰਨ ਦਾ ਚੱਕਰ ਤੇਜ਼ ਕੀਤਾ।

ਅੱਜ ਇਨ੍ਹਾਂ ਕੁਰਬਾਨੀਆਂ ਨੂੰ ਘੱਟੇ ਰੋਲ ਕੇ ਮੁਲਕ ਅੰਦਰ ਅੰਨ੍ਹੇ ਕੌਮਵਾਦ, ਫਿਰਕਾਪ੍ਰਸਤੀ, ਦਹਿਸ਼ਤਗਰਦੀ, ਜਮਹੂਰੀ ਹੱਕਾਂ ਦਾ ਘਾਣ ਅਤੇ ਜਬਰ ਜੁਲਮ ਦਾ ਸਿਲਸਲਾ ਬੇਰੋਕ ਅੱਗੇ ਵਧਾਇਆ ਜਾ ਰਿਹਾ ਹੈ। ਵੱਖ-ਵੱਖ ਧਰਮਾਂ, ਫਿਰਕਿਆਂ ਦੇ ਲੋਕਾਂ ਦੇ ਧਾਰਮਕ ਜਜਬਾਤਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਮੁਲਕ ਉਪਰ ਕਿਸੇ ਸਮੇਂ ਬਰਤਾਨਵੀ ਸਾਮਰਾਜ ਦਾ ਸਿੱਧਾ ਗ਼ਲਬਾ ਸੀ ਹੁਣ ਕਿੰਨੇ ਹੀ ਸਾਮਰਾਜੀਆਂ ਅਤੇ ਉਹਨਾਂ ਦੇ ਹਿੱਤ-ਪੂਰਤੀ ਦੇਸੀ ਸ਼ਾਹੂਕਾਰਾਂ ਦਾ ਲੋਕਾਂ ਦੇ ਸਵੈਮਾਨ, ਜਮਹੂਰੀ ਖ਼ਿਆਲਾਂ ਉਪਰ ਹੱਲਾ ਬੋਲਣ ਦਾ ਦੌਰ ਤਿੱਖਾ ਕੀਤਾ ਜਾ ਰਿਹਾ ਹੈ। ਅਜਿਹੇ ਸਮੇਂ 15-16 ਫਰਵਰੀ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ, ਉਹਨਾਂ ਨੂੰ ਭੁਲਾ ਰਹੀ ਸਥਾਪਤੀ ਦੇ ਇਰਾਦਿਆਂ ਨੂੰ ਬੁੱਝਦਿਆਂ ਸ਼ਹੀਦ ਭਗਤ ਸਿੰਘ ਬਾਰੇ ਲਿਖਿਆ ਫ਼ੈਜ ਅਹਿਮਦ ਫ਼ੈਜ ਦਾ ਸ਼ੇਅਰ ਦਾ ਜ਼ਿਕਰ ਕਰਨਾ ਬਾਗ਼ੀ ਫ਼ੌਜੀਆਂ ਲਈ ਵਧੇਰੇ ਪਰਸੰਗਕ ਹੈ:

**'ਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ**
**ਲਗਾ ਦੋ ਜੋ ਮਨ ਚਾਹੇ।**
**ਜੀਤ ਗਏ ਤੋ ਕਿਆ ਕਹਿਨੇ**
**ਹਾਰੇ ਭੀ ਤੋ ਬਾਜ਼ੀ ਮਾਤ ਨਹੀਂ।'**

ਤੱਥਾਂ ਦੀ ਜ਼ੁਬਾਨੀ

# ਮਨੁੱਖੀ ਅਧਿਕਾਰਾਂ ਦਾ ਮਸਲਾ : ਤੱਥਾਂ ਦੀ ਜ਼ਬਾਨੀ

ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਕਸ਼ਮੀਰ ਵਿਚ ਫੌਜੀਆਂ ਵਲੋਂ, ਜੋ ਤਸ਼ੱਦਦ ਹੋ ਰਹੇ ਹਨ, ਉਹ ਕਿਸੇ ਫੌਜੀ ਦਾ ਨਿੱਜੀ ਰਵੱਈਆ ਨਹੀਂ ਹੈ, ਸਗੋਂ ਉਹ ਸੰਸਥਾਗਤ ਯੋਜਨਾ ਹੈ। ....ਅਲਜੀਰੀਆ ਜਦੋਂ ਫਰਾਂਸ ਦੀ ਬਸਤੀ ਸੀ ਤਾਂ ਉਸ ਸਮੇਂ ਇਕ ਫਰਾਂਸੀਸੀ ਫੌਜੀ ਨੇ ਕਿਹਾ ਕਿ, "ਇਹ ਮੇਰਾ ਕੰਮ ਹੈ ਕਿ ਮੈਂ ਅਲਜੀਰੀਆ ਵਿਚ ਮਨੁੱਖੀ ਅਧਿਕਾਰ ਨੂੰ ਤੋੜਾਂ, ਇੱਥੋਂ ਦੇ ਲੋਕਾਂ ਨੂੰ ਡਰਾ ਕੇ ਰੱਖਾਂ, ਲੋਕਾਂ ਨੂੰ ਤਸੀਹੇ ਦੇਵਾਂ। ਮੈਨੂੰ ਅਜਿਹਾ ਹੀ ਪਾਠ ਪੜ੍ਹਾਇਆ ਗਿਆ ਹੈ!" ਇਸ ਲਈ ਮਨੁੱਖੀ ਅਧਿਕਾਰ ਦੀ ਉਲੰਘਣਾ ਦਾ ਮਸਲਾ ਕਿਸੇ ਦਾ ਨਿੱਜੀ ਮਾਮਲਾ ਨਹੀਂ ਹੈ, ਇਹ ਸੰਸਥਾਗਤ ਹੈ ਅਤੇ ਅਜਿਹੀ ਸਥਿਤੀ ਵਿਚ ਇਸ ਤੱਥ 'ਤੇ ਨਜ਼ਰ ਦੌੜਾਓ ਕਿ ਕਿਵੇਂ ਭਾਰਤੀ ਫੌਜ ਇਹ ਕਹਿੰਦੀ ਹੈ ਕਿ ਕਸ਼ਮੀਰ ਵਿਚ ਉਹ ਫੌਜ ਵਲੋਂ ਹੋਏ ਮਨੁੱਖੀ ਅਧਿਕਾਰ ਉਲੰਘਣ ਦੀ ਜਾਂਚ ਖੁਦ ਆਪਣੀ ਸੰਸਥਾ ਦੇ ਮਾਰਫ਼ਤ ਕਰਵਾਏਗੀ! ਇਸ ਨੂੰ ਕਿਸੇ ਰੂਪ ਵਿਚ ਲਿਆ ਜਾਣਾ ਚਾਹੀਦਾ?

.... ਕਸ਼ਮੀਰ ਦੀ ਹਾਲਤ ਬੇਹੱਦ ਖ਼ਸਤਾ ਹੈ ਅਤੇ ਇਸ ਲਿਹਾਜ਼ ਨਾਲ ਪੀ.ਯੂ.ਡੀ.ਆਰ ਨੇ ਜਿਹੜਾ ਕੰਮ ਕੀਤਾ ਹੈ, ਉਸ ਦੀ ਸਾਨੂੰ ਲੋੜ ਹੈ। ਕਸ਼ਮੀਰ ਸਬੰਧ ਲੋਕਾਂ ਕੋਲ ਹੁਣ ਸੂਚਨਾਵਾਂ ਆਉਣ ਲੱਗੀਆਂ ਹਨ। ਇਸ ਲਈ ਕਈ ਦਫ਼ਾ ਕਈ ਸੱਜਣ ਇਹ ਕਹਿਣ ਲੱਗ ਜਾਂਦੇ ਹਨ, ਓ ਯਾਰ, "ਕੀ ਹੋਵੇਗਾ ਇਨ੍ਹਾਂ ਅੰਕੜਿਆਂ ਅਤੇ ਗੱਲਾਂ ਦਾ, ਕੀ ਫ਼ਾਇਦਾ ਹੋਣ ਜਾ ਰਿਹਾ?" ਪਰ ਅਜਿਹੇ ਮੁਸ਼ਕਲ ਹਾਲਾਤ ਵਿਚ ਕੰਮ ਕਰਨ ਵਾਲਿਆਂ ਨੂੰ ਲਗਾਤਾਰ ਕੰਮ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਕੰਮ ਦੇ ਪੁਲੰਦਿਆਂ ਵਿਚ ਅਸਰ ਛੁਪਿਆ ਹੁੰਦਾ ਹੈ।

ਮੈਨੂੰ ਨਰਮਦਾ ਘਾਟੀ ਦੀ ਇਕ ਗੱਲ ਯਾਦ ਆ ਰਹੀ ਹੈ: ਇਕ ਪਿੰਡ ਵਿਚ ਆਦਿਵਾਸੀ ਲੋਕ ਆਪਣੇ ਖੇਤ ਵਿਚ ਗੁਡਾਈ ਕਰ ਰਹੇ ਸਨ। ਉਹ ਪਿੰਡ ਨਿਆਂਈ (ਨੀਵੀਂ ਥਾਂ) ਵਿਚ ਆਉਣ ਵਾਲਾ ਸੀ, ਤਾਂ ਮੈ ਪੁੱਛਿਆ ਕਿ ਜਦੋਂ ਫ਼ਸਲ ਡੁੱਬਣੀ ਹੀ ਹੈ ਤਾਂ ਉਹ ਗੁਡਾਈ ਕਿਉਂ ਕਰ ਰਹੇ ਹਨ? ਪਿੰਡ ਵਾਲਿਆਂ ਨੇ ਜਵਾਬ ਦਿੱਤਾ ਕਿ ਉਹ ਜਾਣਦੇ ਹਨ ਕਿ ਫ਼ਸਲ ਡੁੱਬ ਜਾਵੇਗੀ, ਪਰ ਉਹ ਹੋਰ ਕੀ ਕਰ ਸਕਦੇ ਹਨ। ਫ਼ਸਲ ਬੀਜਣਾ ਉਨ੍ਹਾਂ ਦਾ ਕੰਮ ਹੈ ਅਤੇ ਉਹ ਅਜਿਹਾ ਕਰਨਗੇ। ਇਸ ਲਈ ਡੁਬੋਣ ਵਾਲਿਆਂ ਨੂੰ ਆਪਣਾ ਕੰਮ ਕਰਨ ਦਿਓ, ਤੁਸੀਂ ਆਪਣਾ ਕੰਮ ਕਰਦੇ ਰਹੋ।

ਹਾਲਾਂਕਿ, ਇਹ ਰਿਪੋਰਟ ਮਹਿਜ ਇਨ੍ਹਾਂ ਅੰਕੜਿਆਂ ਦੀ ਸੂਚੀ ਅਤੇ ਘਟਨਾਵਾਂ ਦਾ ਸੰਗ੍ਰਹਿ ਨਹੀਂ ਹੈ ਕਿ ਕਿੰਨੇ ਲੋਕ ਕਸ਼ਮੀਰ ਵਿਚ ਮਾਰੇ ਗਏ ਅਤੇ ਕਿੰਨਿਆਂ ਨੂੰ ਤਸੀਹੇ ਮਿਲੇ, ਸਗੋਂ ਇਹ ਸਾਡੇ ਸਾਹਮਣੇ ਕਿਤੇ ਜ਼ਿਆਦਾ ਗੰਭੀਰ ਸਵਾਲ ਉਠਾਉਂਦੀ ਹੈ। ਇਹ ਸਾਨੂੰ ਦੱਸਦੀ ਹੈ ਕਿ ਅਸਲ ਵਿਚ ਫੌਜ ਦਬਦਬੇ ਦਾ ਨਤੀਜਾ ਕਿਸ ਰੂਪ ਵਿਚ ਸਾਹਮਣੇ ਆ ਰਿਹਾ ਹੈ। ਫੌਜ ਅੱਤਿਆਚਾਰ ਦੀਆਂ ਇਨ੍ਹਾਂ ਘਟਨਾਵਾਂ ਨੂੰ ਵੱਖ-ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਅਜਿਹਾ ਨਹੀਂ ਹੈ ਕਿ ਇਕ ਫੌਜ ਦਾ ਜਵਾਨ ਆਇਆ ਅਤੇ ਤਸੀਹੇ ਦੇ ਗਿਆ, ਇਕ ਫੌਜ ਦਾ ਜਵਾਨ ਆਇਆ ਅਤੇ ਖ਼ੂਨ ਵਹਾ ਗਿਆ, ਅਸਲ ਵਿਚ ਇਹ ਸੰਸਥਾਗਤ ਮਸਲਾ ਹੈ। ਇਹ ਘਟਨਾਵਾਂ ਭਟਕਾਉਣ ਜਾਂ ਅਪਵਾਦ ਨੂੰ ਚਿੰਨਤ ਨਹੀਂ ਕਰਦੀਆਂ। ਉਨ੍ਹਾਂ ਨੂੰ ਉਨ੍ਹਾਂ ਦੇ ਹੀ ਖ਼ਾਤਰ ਤਿਆਰ ਕੀਤਾ ਗਿਆ ਹੈ ਅਤੇ ਉਹ ਜਿਹੜੇ ਉੱਥੇ ਕਰ ਰਹੇ ਹਨ, ਉਹ ਉਨ੍ਹਾਂ ਦਾ ਫ਼ਰਜ਼ ਹੈ!

ਮੈਂ ਕਈ ਵਾਰ ਕਸ਼ਮੀਰ ਗਈ ਹਾਂ ਅਤੇ ਮੈਂ ਦੇਖਿਆ ਹੈ, ਉੱਥੇ ਲੋਕਾਂ ਦੀਆਂ ਅੱਖਾਂ ਵਿਚ ਕੀ ਹੈ? ਅਫ਼ਸਪਾ ਵਰਗੇ ਕਾਨੂੰਨ ਦੇ ਛਾਏ ਵਿਚ ਜੀਅ ਰਹੇ ਕਸ਼ਮੀਰ ਵਿਚ ਅੱਤਿਆਚਾਰ ਦੀਆਂ ਕਿਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਇਹ ਸਭ ਇੱਧਰ ਦੇ ਲੋਕਾਂ ਦੀ ਕਲਪਨਾ ਤੋਂ ਪਰ੍ਹੇ ਦੀ ਗੱਲ ਹੈ। ਕਸ਼ਮੀਰ ਦੇ (ਤਕਰੀਬਨ) ਕਿਸੇ ਵੀ ਘਰ ਵਿਚ ਚਲੇ ਜਾਓ, ਉੱਥੇ ਦਸਤਾਵੇਜ਼ਾਂ ਨਾਲ ਭਰਿਆ ਪਲਾਸਟਕ ਦਾ ਥੈਲਾ ਤੁਹਾਨੂੰ ਮਿਲ ਜਾਵੇਗਾ। ਲੋਕ ਤੁਹਾਨੂੰ ਦੱਸਣਗੇ,- ਮੈਂ ਇੱਥੇ ਐਫ.ਆਈ.ਆਰ ਕੀਤੀ, ਉੱਥੇ ਅਰਜ਼ੀ ਪਾਈ, ਫਿਰ ਉਪਰ ਗਿਆ, ਅਦਾਲਤਾਂ ਦੇ ਚੱਕਰ ਕੱਟੇ, ਪਰ ਕੁੱਝ ਨਹੀਂ ਬਣਿਆ। ਅਜਿਹੀ ਨਿਰਾਸ਼ਾਂ ਹਰ ਘਰ ਵਿਚ ਪਸਰੀ ਮਿਲੇਗੀ। ਦਸਤਾਵੇਜ਼ਾਂ ਦੇ ਪੁਲੰਦਿਆਂ ਦੇ ਬਾਵਜੂਦ ਕੁੱਝ ਨਹੀਂ ਹੋ ਰਿਹਾ! ਪੂਰੀ ਜਨਤਾ ਨਾਲ ਇਹ ਕਿਸ ਤਰ੍ਹਾਂ ਦਾ ਰਵੱਈਆ ਹੈ?

... ਸਵਾਲ ਇਹ ਹੈ ਕਿ ਅਸੀਂ ਇਸ ਰਿਪੋਰਟ ਦਾ ਕੀ ਕਰੀਏ? ਸਾਨੂੰ ਕਸ਼ਮੀਰ ਬਾਰੇ ਕੀ ਕਰਨਾ ਚਾਹੀਦਾ ਹੈ? ਚਲੋ ਇਕ ਆਮ ਸਰੀਫ਼ ਭਾਰਤੀ ਲਈ ਇਸ ਦੇ ਮਾਅਨੇ ਲੱਭਦੇ ਹਾਂ। ਤੁਸੀਂ ਦੇਖੋ ਨਾ, ਅੰਨਾ ਹਜ਼ਾਰੇ ਦੇ ਨਾਲ ਅਤੇ ਦਿੱਲੀ ਬਲਾਤਕਾਰ ਕਾਂਡ ਦੇ ਵਿਰੋਧ ਵਿਚ ਹੋਏ ਅੰਦੋਲਨ ਵਿਚ ਗੋਤੇ ਖਾਂਦੇ ਲੋਕ ਕਿੱਥੇ ਖੜ੍ਹੇ ਹਨ? ਕੌਣ ਬੋਲ ਰਿਹਾ ਹੈ ਕਸ਼ਮੀਰ ਦੀ ਆਜ਼ਾਦੀ 'ਤੇ? ਉਨ੍ਹਾਂ ਦੀ ਪੁਜੀਸ਼ਨ ਅਤੇ ਮੁੱਦੇ ਸਾਫ਼ ਹਨ। ਕਸ਼ਮੀਰ ਨਾਲ ਉਨ੍ਹਾਂ ਦਾ ਕੀ ਲੈਣਾ-ਦੇਣਾ ਹੈ? ਪਰ ਇਕ ਉਦਾਰ ਰਾਜਨੀਤੀ ਦੇ ਵਿਅਕਤੀ ਨੂੰ ਵੀ ਇਸ ਮੁੱਦੇ 'ਤੇ ਸੋਚਣਾ ਚਾਹੀਦਾ ਹੈ। ਮੈਂ ਤਾਂ ਕਹਾਂਗੀ ਕਿ ਰਾਸ਼ਟਰਵਾਦੀਆਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਮੁੱਦੇ ਉਨ੍ਹਾਂ ਲਈ ਕਿਉਂ ਮਹੱਤਵਪੂਰਨ ਹਨ! ਮੈਂ ਕਾਰਨ ਦੱਸਦੀ ਹਾਂ। ਆਜ਼ਾਦੀ ਦੇ 60 ਸਾਲ ਬਾਅਦ ਤੱਕ ਪੁਲੀਸ, ਭਾਰਤੀ ਫੌਜ, ਸੀ.ਆਰ.ਪੀ.ਐਫ ਅਤੇ ਬੀ.ਐਸ.ਐਫ ਨੇ ਨਾਗਾਲੈਂਡ, ਮਣੀਪੁਰ ਅਤੇ ਕਸ਼ਮੀਰ ਵਿਚ ਕਬਜ਼ੇ ਦੀ ਬਦੌਲਤ, ਜਿਸ ਤਰ੍ਹਾਂ ਆਪਣੀ ਹਾਜ਼ਰੀ ਦਰਜ ਕਰਵਾਈ ਹੈ ਅਤੇ ਇਸ ਦੌਰਾਨ ਉਨ੍ਹਾਂ ਨੇ ਜਿਹੜੀ ਭੂਮਿਕਾ ਨਿਭਾਈ ਹੈ, ਉਸ ਨੇ ਸੰਸਥਾਗਤ ਰੂਪ ਲੈ ਲਿਆ ਹੈ। ਰਾਸ਼ਟਰਵਾਦੀਆਂ ਨੂੰ ਬੱਸ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਰੱਖਿਆ ਬਲਾਂ ਨੇ ਜਿਹੜੀ ਕਸਰਤ ਉਨ੍ਹਾਂ ਇਲਾਕਿਆਂ ਵਿਚ ਕੀਤੀ ਹੈ। ਉਹ ਹੁਣ ਭਾਰਤ ਦੀ 'ਮੁੱਖ ਭੂਮੀ' ਵਿਚ ਉਨ੍ਹਾਂ ਦੀ ਵਰਤੋਂ ਕਰਨ ਲੱਗ ਗਈ ਹੈ। ਛੱਤੀਸਗੜ੍ਹ ਵਿਚ ਏਹੀ ਕਾਰਵਾਈ ਹੋ ਰਹੀ ਹੈ ਅਤੇ ਹੌਲੀ-ਹੌਲੀ ਇਸ ਦੇ ਘੇਰਾ ਵਧਦਾ ਜਾ ਰਿਹਾ ਹੈ...

...ਰੱਖਿਆ ਬਲਾਂ ਵਲੋਂ ਦਿੱਤੇ ਜਾਣ ਵਾਲੇ ਤਸੀਹਿਆਂ 'ਤੇ ਤਾਂ ਸਵਾਲ ਵੀ ਨਹੀਂ ਉੱਠਦੇ। ਵੱਡੀ ਆਬਾਦੀ ਤਸੀਹੇ ਦੇਣ ਵਾਲਿਆਂ ਦੇ ਚੱਕਰਵਿਊ ਵਿਚ ਖੁਦ ਨੂੰ ਨੱਥੀ ਹੋਈ ਦੇਖਦੀ ਹੈ। ਮੈਨੂੰ ਸੰਸਦ ਭਵਨ 'ਤੇ ਹੋਏ ਹਮਲੇ ਦੇ ਤੁਰੰਤ ਬਾਅਦ ਹੋਏ ਇਕ ਟੀ.ਵੀ. ਸ਼ੋਅ ਦੀ ਯਾਦ ਆ ਰਹੀ ਹੈ, ਜਿਹੜੀ ਸ਼ਾਇਦ ਸੀ.ਐਨ.ਐਨ-ਆਈ.ਬੀ.ਐਨ 'ਤੇ ਪ੍ਰਸਾਰਤ ਹੋਈ ਸੀ, ਉਸ ਵਿਚ ਇਕ ਸੀਨੀਅਰ ਪੁਲੀਸ ਅਧਿਕਾਰੀ ਕਹਿ ਰਿਹਾ ਸੀ, "ਹਾਂ, ਇਹ ਸੱਚ ਹੈ ਕਿ ਅਫ਼ਜ਼ਲ ਗੁਰੂ ਨੂੰ ਮੈਂ ਤਸੀਹੇ ਦਿੱਤੇ, ਮੈਂ ਉਸ ਦੀ ਗੁਦਾ ਵਿਚ ਪੈਟਰੋਲ ਪਾਇਆ, ਮੈਂ ਉਸ ਨੂੰ ਬੇਤਹਾਸ ਕੁੱਟਿਆ ਹੈ, ਪਰ ਅਫ਼ਸੋਸ ਉਸ ਨੇ ਕੁੱਝ ਨਹੀਂ ਕਬੂਲਿਆ!" ਉਸ ਚਰਚਾ ਵਿਚ ਕਈ ਸਿਆਸੀ ਵਿਸ਼ਲੇਸ਼ਕ, ਟਿੱਪਣੀਕਾਰ ਅਤੇ ਪੱਤਰਕਾਰ ਵੀ ਸਨ, ਸ਼ਾਇਦ ਰਾਜਦੀਪ ਸਰਦੇਸਾਈ ਸ਼ੋਅ ਨੂੰ ਐਂਕਰ ਕਰ ਰਹੇ ਸਨ, ਪਰ ਕਿਸੇ ਨੇ ਪੁਲੀਸ ਅਧਿਕਾਰੀ ਦੇ ਕਬੂਲਨਾਮੇ 'ਤੇ ਇਕ ਸ਼ਬਦ ਨਹੀਂ ਕਿਹਾ। ਪੁਲੀਸ ਅਧਿਕਾਰੀ ਨੇ ਦਾਅਵਾ ਕੀਤਾ ਕਿ ਉਸ ਨੇ ਰਾਸ਼ਟਰਹਿਤ ਵਿਚ ਅਜਿਹਾ ਕੀਤਾ ਹੈ। ... . ਇਸ ਲਈ ਮੇਰਾ ਇਹ ਮੰਨਣਾ ਹੈ ਕਿ ਇਹ ਰਿਪੋਰਟ ਨਾ ਤਾਂ ਕਾਰਪੋਰੇਟ ਮੀਡੀਆ ਲਈ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਲੋਕਾਂ ਲਈ ਹੈ, ਜਿਨ੍ਹਾਂ ਨੂੰ ਅਜਿਹੇ ਤਸੀਹਿਆਂ ਨੂੰ ਦੇਖਣ-ਸੁਣਨ ਵਿਚ ਖੁਸ਼ੀ ਮਿਲਦੀ ਹੈ।

ਇਹ ਉਨ੍ਹਾਂ ਲੋਕਾਂ ਲਈ ਹੈ, ਜਿਹੜੇ ਸੱਚੀਓਂ ਇਨ੍ਹਾਂ ਤਸੀਹਿਆਂ ਨੂੰ ਸੰਦਰਭ ਸਮੇਤ ਸਮਝਣਾ ਚਾਹੁੰਦੇ ਹਨ ਕਿ ਲੰਘੇ ਛੇ ਦਹਾਕਿਆਂ ਵਿਚ ਕਸ਼ਮੀਰ ਵਿਚ ਅਸਲ ਵਿਚ ਹੋਇਆ ਕੀ ਹੈ? ਵੱਡੀ ਆਬਾਦੀ ਦੀ ਰਾਜਨੀਤੀ ਨੂੰ ਰੱਦ ਕਰਨ ਨਾਲ ਉਪਜੇ ਸਵਾਲ ਨੂੰ ਲੈ ਕੇ ਕਈ ਲੋਕ ਅਸਹਿਜ ਅਤੇ ਪ੍ਰੇਸ਼ਾਨ ਹੋ ਜਾਂਦੇ ਹਨ। ਪਰ ਇਹ ਢੌਂਗ ਨਹੀਂ ਹੈ, ਰਾਜਨੀਤੀ ਹੈ। ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਕਿ ਅੱਜ ਜੇਕਰ ਇਕ ਕਸ਼ਮੀਰੀ ਪੰਡਿਤ 200 ਲੋਕਾਂ ਦਾ ਸੰਦਰਭ ਦੇ ਕੇ ਇਕ ਕਿਤਾਬ ਲਿਖਦਾ ਹੈ ਤਾਂ ਲੋਕ ਉਸ ਨੂੰ ਹੱਥੋ-ਹੱਥ ਲੈ ਲੈਂਦੇ ਹਨ, ਕਸ਼ਮੀਰ ਦਾ ਇਕ ਭੈੜਾ ਚਿਹਰਾ ਲੋਕਾਂ ਸਾਹਮਣੇ ਨਿਮੋਝੂਣਾ ਹੋਣ ਲੱਗਦਾ ਹੈ। ਪਰ ਅੱਜ ਹੀ ਜੇਕਰ ਤੁਸੀਂ ਹਜ਼ਾਰਾਂ ਪੇਜ ਦੇ ਦਸਤਾਵੇਜ਼ ਨਾਲ ਉਸ ਕਸ਼ਮੀਰ 'ਤੇ ਸੈਂਕੜਿਆਂ ਪੇਜ ਦੀ ਕਿਤਾਬ ਲਿਖੋਗੇ ਤਾਂ ਲੋਕ ਤਵੱਜੋ ਤੱਕ ਨਹੀਂ ਦੇਣਗੇ। ਇਹ ਰਾਜਨੀਤੀ ਹੈ। ਰਾਜਨੀਤੀ ਏਹੀ ਹੈ ਕਿ ਬਹੁਗਿਣਤੀ ਆਬਾਦੀ ਨੂੰ ਕੀ ਰਾਸ ਆ ਰਿਹਾ ਹੈ ਅਤੇ ਲੋਕ ਕਿਸ ਮੁੱਦੇ ਦੇ ਨਾਲ ਤਾਮਾਸ਼ਮਈ ਬਣ ਰਹੇ ਹਨ। ਪਰ ਅਜਿਹੇ ਕੰਮ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ, ਕਸ਼ਮੀਰ 'ਤੇ ਇਹ ਵਧੀਆ ਰਿਪੋਰਟ ਹੈ, ਜਿਸ ਨੂੰ ਜ਼ਰੂਰ ਪੜ੍ਹਿਆ ਜਾਣਾ ਚਾਹੀਦਾ ਹੈ।



ਕਸ਼ਮੀਰ ਦੀ ਸਿਆਸੀ ਸਥਿਤੀਆਂ 'ਤੇ ਅਰੁੰਧਤੀ ਲੰਮੇ ਸਮੇਂ ਤੋਂ ਲਿਖਦੀ ਰਹੀ ਹੈ, ਪੀ.ਯੂ.ਡੀ.ਆਰ ਦੀ ਇਸ ਰਿਪੋਰਟ ਦੇ ਮੌਕੇ ਉਨ੍ਹਾਂ ਨੇ ਗਾਂਧੀ ਸ਼ਾਂਤੀ ਫਾਊਂਡੇਸ਼ਨ ਵਿਚ ਵਿਚਾਰ ਪ੍ਰਦਾਨ ਕਰਦੇ ਹੋਏ।




## ਕਵਿਤਾ/ -ਰਵੀ ਰਵਿੰਦਰ

ਤੇਰੇ ਬੋਲਾਂ ਤੇ ਫੁੱਲ ਚੜ੍ਹਾਉਣ ਦੀ ਕੋਸ਼ਿਸ਼ ਕਰ ਰਹੇ ਹਾਂ
ਤੇਰੇ ਕਦਮਾਂ ਤੇ ਕਦਮ ਟਕਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਲੋਕਾਂ ਦੀ ਪੀੜ ਕਰ ਉਜਾਗਰ ਆਪਣੇ ਤੇ ਭੀੜ ਪਾ ਲਈ
ਸਹੀਆਂ ਜਿਲ ?ਤਾਂ ਲੋਕਾਂ ਨੂੰ ਵਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ
... ਭੁੱਲ ਗੇ ਜੋ ਤੈਨੂੰ ਤੇ ਤੇਰੀ ਕੋਇਲ ਜਿਹੀ ਅਵਾਜ਼ ਨੂੰ
ਉਨ੍ਹਾ ਦੀ ਸੋਚ ਤੋਂ ਗਰਦਾ ਲਾਹੁਣ ਦੀ ਕੋਸ਼ਿਸ਼ ਕਰ ਰਹੇ ਹਾਂ

ਆਈ ਨਾ ਹਯਾ ਜਿਨ੍ਹਾ ਲਈ ਤੂੰ ਜੋਤੀ ਗੁਆ ਦਿੱਤੀ
ਤੇਰੀ ਦਿੱਤੀ ਸਿਖਿਆ ਖਾਨੇ ਪਾਉਣ ਦੀ ਕੋਸ਼ਸ਼ ਕਰ ਰਹੇ ਹਾਂ
ਕੋਈ ਨਾ ਅੱਗੇ ਲੱਗੇ ਬੜਕਾਂ ਬਥੇਰੇ ਮਾਰਦੇ
ਲੱਗ ਅੱਗੇ ਤੇਰੀਆਂ ਸੋਚਾਂ ਅਪਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ

ਟੋਏ ਤਾਂ ਹੁਣ ਵੀ ਪੁੱਟਣੇ ਨੇ ਫਫੇ ਤਾਂ ਹੁਣ ਵੀ ਕੁੱਟਣੇ ਨੇ ਜਾਲਮਾ
ਇਨ੍ਹਾ ਜਾਲਮਾਂ ਨੂੰ ਗੁਠੇ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ
ਰਸਤਾ ਸੁਖਾਲਾ ਨਹੀ ਜਿਸ ਰਸਤੇ ਚਲਿਆ,ਫੜੀ ਉਂਗਲ
ਅਸੀਂ ਵੀ ਸਿਦਕ ਅਜਮਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।



Renu Singh

# Why Natives must have their own justice system-III



What does justice mean?

In the human vocabulary, the word 'Justice' is made up of two words - Just + Ice

Just (adjective) - Latin - justus - righteous - Guided by truth ice - (a suffix of nouns) Latin - Itius - Itia - Itium - Indicating state of quality Justice - A state of quality that is guided by truth Justice system - A system with a state of quality that is guided by truth. The interpretation of facts must be true to guide the system so it stays truthful in its state of quality when deciding the fate of an individual. The current law of Canada although claims to be guiding the individual rights of a person, is in fact in direct conflict of the individual rights of a Native person for the very same reason it is in conflict with the Laws of Nature.

Out of 'jus gentium' - the law which is found among most of the known nations of the earth and 'jus naturale' the law which is founded on the general nature of the mankind, 'jus naturale' must be the key to 'jus gentium' if justice is sought for a Native person in today's world, because Native way of life is based on the Laws of Nature. Colonial justice system was a forcible imposition upon them, a legal sanction, which must be lifted now that time has come for it to be removed. It is about time that Natives be given their land and their legal system back with a right to govern their own confederacy as they did before the foreigners invaded their land.

On the voyage of invading other nations, the British empire assumed that the vast lands of Canada were vacant and labeled the people living there as savages-uncivilized vagabonds who could be thrown anywhere the empire wished to throw them. The natural way of life of Natives, their mobility based on the cycle of Nature was mistaken for their instability and lack of interest for the lands they lived in. The Europeans failed to understand the Native way of life, so they tried to replace it with their own. But what they didn't know and to this date, fail to acknowledge that there was, in fact, was a perfect system in place. Just because it was too progressive for the primitive European culture to understand and follow, it was rejected for their lack of ability to follow it. Before the Europeans arrived, the Natives were self-sufficient people, strong communities with a healthy lifestyle, which they enjoyed with healthy mind and bodies.

Not only is the Canadian Law in direct conflict with the Native beliefs, but the general terms of the Canadian law are nothing more than legal jargon to the Natives, and it fits nowhere in their vocabulary. The specific details of the Canadian Law are not easily understandable by even non-Natives. All its meaning and merit is totally lost when translated into a Native language.

A perfect example has been put forth in 1992 by Timothy T. Daley, the Family and Youth Court Justice in the Province of Nova Scotia in 'Where cultures clash' - Native Peoples and A Fair Trial.

"So an Indian person who's not as knowledgeable let's say in the English language, if he were asked if he were guilty or not, he would take that to mean, are you being blamed or not, and that's one of the reasons I found that native people were pleading guilty because they suspect that the question was, "Is it true that you're being blamed?", and the Native person, of course, would say, "Yes".

Not only do the Natives have difficulty understanding the legal terms put to them in their language, but also their culture, which is their 'Way of Life' plays a major role in deciding how to answer the legal questions put to them. A thought coming out of the mind passes through many doors of body and soul before it emerges out in the form of words in response to a legal question put to a Native person. The language, culture, way of life and spiritual beliefs are those doors. Among all of these, 'Way of Life' is the most important one. To understand it, the reader will have to go back a few centuries to grasp what I mean when I say, 'Way of Life'. To read through my words, one must put away his/her westernized intelligence and walk empty to a time when the First peoples of this land were living in perfect harmony with Nature.

The North American Natives were the First Peoples to live on this land. Not just the North American Natives but the Natives all over the world were the long term residents and the First Peoples of their lands. But since we are focusing on the issue of Native lands of the American Continent, especially Canada, I'll try to keep my words within the man made boundaries of Canada. I say man made because the lands of North America were not divided and had no borders until the white man set his foot onto this beautiful land that was inhabited by these nature loving people. He divided the land into sections and distributed it the way he wished - 'like the pemmican' as the great Poundmaker has put it - 'Our land is not a piece of pemmican that you would cut in small pieces and hand it back to us.'

The First Peoples of Canada viewed the Earth as a living being and they called it Mother Earth. The notion of owning a piece of it was unknown to them. Their lifestyle fit perfectly in the cycle of life - the cycle of Nature. They were wealthy people - rich in values, resources, beliefs, spirituality, and culture. Theirs' was a perfect society that lived in complete harmony with Nature. Their use of natural resources was done with great care and appreciation. They made sure they only used what they needed and they did so with gratitude and prayers. They lived according to their needs, not the greed.

Their moral standards were high and they operated in a society based on natural laws - the laws that reflected respect, care and equality - not only among the humans but with all forms of creation - the animals, the birds, the landscape, the water, the air, the wind, the sky, the trees, the earth, and all that originated from it. In the First Nations, to become a political leader, a person is required to be a spiritual leader, and to become a spiritual leader, a person must be extraordinarily generous in terms of material goods. In Native cultures, the leaders are the poorest of them all, whereas in the western culture, the leaders are the richest. Natives' was the purest form of socialism in which all living beings, including all other forms of life shared the resources of nature equally. The material wealth was distributed equally among all people so no one was richer than the other. Interference of western laws has corrupted an otherwise perfectly structured political structure put in place by the great souls like the Great Peacemaker.

I don't know from where but a story is coming to my mind. I'll share it with you. I see all living beings - all forms of creation together - all talking in an understandable language - the language of Nature. Everyone could understand each other - the humans, the birds, the animals, the trees, the mountains, the wind, the sun, the moon, the sky, and even the tiny blades of grass. Everyone except the humans had vast spiritual powers. Humans relied on these other forms of creation for knowledge, and spiritual guidance. All forms of life were in harmony with each other until the humans began to get greedy. They began to abuse the spiritual powers of other life forms to look into the deep mysteries of life - the powers of the Great Creator. The judgment day came for the Great Creator to decide whether to forever take away the ability of humans to communicate with other forms of life or to take away the spiritual powers from the creation. The animals, plants, and all other form of life that were able to talk then made a great sacrifice. To save the human ability to communicate

with Nature and its other life forms, the non-human form of life gave up their ability to talk like humans and left themselves at their mercy. "Spare the spiritual powers as bestowed upon us by you, the Great Creator, and only when the humans live in harmony with your laws, and come to us for guidance, we will guide them and protect them with our spiritual powers. We pray that you let us keep this gift of yours because the humans will need our guidance and protection to survive under your laws." From that day on, the other forms of life held the greatest and deepest secrets of life in them and the humans looked up to them for guidance.

As time went by and the man evolved into today's human, he carried in him the lessons and the teachings of the past. The First Peoples lived by this principle and they understood what a great sacrifice all other forms of life have made for the human survival. They knew how to live in perfect harmony with all forms of creation. Their entire world revolved around their spiritual beliefs and their love and mutual respect for Nature. So did their education and justice system. They lived in a balanced relationship with the universe and the Earth. They treated all forms of life in the Natural World with great respect and care. The Europeans can't claim that they brought law into this land. It is completely false that the Natives lived lawlessly. They lived by the law of Nature, which seemed to be no law to the Europeans. That was fine. The Natives didn't impose their law on their guests and the European guests had no right to impose their law on the Natives. They came only to trade with the Natives and they were to return to their countries after the trading was done. They were not to stay and impose their lifestyle, their law and justice system on the First Peoples of this land.

But the Europeans not only stayed in the Native lands but after creating the conditions for starvation, being the agents for the Queen, they made them sign the legal documents that meant nothing to them. Like Big Bear said, "Huh! It was hard enough to know what writing meant even if you knew English!" They had no understanding of what was written on the pieces of paper presented to them and read out to them. Even a scholar would need days to grasp the fine print of those land documents, but the Natives were made to sign them in starving conditions because their natural resources were wiped out by the Europeans. Not only was their land taken over, but their way of life, their resources, and their homes were destroyed. An unknown and no-sense legal system was imposed on a starving population of Natives. And to this date, they are being victimized by it. They are forced to call their land 'Canada' when it should be 'Kanata' (kanata in Cree means the place which is clean).

Natives didn't and don't need the forcibly imposed European legal system, when they have the perfect justice system set forth by their elders. The Great Peacemaker of the Haudenosaunee of the ancient North America set forth the most advanced and perfect political system in which all nations were equal, regardless of size. There was the coordinated body of Grand Council, which in turn regulated the national Councils of Chiefs, who did not govern the people, but they acted as representatives of their clans in a system that worked with the wishes of the people. These national Councils of Chiefs also acted as judiciary in serious disputes that people could not resolve among themselves. This entire political system was set up in harmony with the Natural World and in the roots of an ancient tradition of the spirituality of their peoples. The Peacemaker was centuries ahead of his time. He set forth a system of government organization that was a marvelously complex enactment of the concept of participatory (as opposed to representative) democracy. The society was founded on the concepts of moral justice, not statute law. Women not only had rights but power as community of people composing half of the population while in US and Canada, only about a century ago, women got voting rights and that was also after a tough long battle.

The Native society is founded on the laws of moral justice, not the statute law. So, when the rules of statute law are read out to the Natives, their interpretation of the statute law is according to the standards of moral justice. Their answers are then misinterpreted by the western courts and the unlawful punishments are imposed on the Native Peoples based on their answers. As a result, a large number of Native population end up in the Canadian jails.

History has proven that the peaceful request of the Natives to let them have their own confederacy has fallen on deaf ears. Their carefully prepared documents that have been presented to the United Nations have been deemed pieces of scrap by the Canadian government. The great Chief of the Younger Bear Clan of the Cayuga Nation, Deskaheh who was born in Grand River Land (a reservation of the Six Nations People) has fought all his life asking for a separate confederacy and nation for his people, but he died fighting for the cause. The Canadian government agent had taken possession of the Six Nations Council House with the assistance of the police force, broke open the safe holding the records of the Six Nations and took from there the wampum belts that were revered as sacred by the Iroquois. The Six Nations government was abolished and a Canadian government was set over the Six Nations People. Devastated, tired, and heartbroken, Deskaheh gave his last speech on March 10, 1925 and died on June 22, 1925.

Talk, talk and more talk - that's all there is. There is no justice for the Natives in the current justice system. They must have their own legal system so the justice in its real means could be served. For centuries, their lives have been exploited in the name of western and civilized justice. Civilization doesn't mean to be westernized, but civilization in its true sense means to be able to live civil with all forms of life. And to be civil, you must have an understanding of the Natural World and the circle of life, which the western society has no concept of. To have the Natives live under a western legal system is almost like putting a Masters student in a kindergarten class, and then declaring their Masters degree null and void. It is a system that will never be fair to the Natives. They must have their own legal and educational institutions where their beliefs, their intellect, their vast knowledge and their wealth of spirituality is acknowledged, appreciated, and shared with the rest of the world.

Letting the Natives have their own justice system will not only benefit them but also rest of the nations. It would be a perfect model to adapt to bring peace to the world, and to learn to live in harmony with Nature and its resources. Let them lead the world. Maybe, the world will stand a chance in their capable hands. As the message of the Haudenosaunee People to the world says, 'In our ways, spiritual consciousness is the highest form of politics.' The Canadian legal system is based on 'book law', and there is no place for spiritual consciousness. In the western society, a spiritually conscious person is labeled as 'crazy' and 'not quite there'. This is the system which is running the lives of people who believe that even a tiny blade of grass has a spirit and is a form of creation. There is no chance of fairness in it for the Natives. Even if the current legal system of the European laws is modified to its purest form, it will only become the most sophisticated version of its colonial and feudal form. It will never be able to become a political system that could even come close to the Natural Law. As Americh de Vattel has stated in his work, 'The Law of Nations', 'a nation has a right to everything necessary for its preservation.' But, this very right to preserve itself, which is the fundamental right under the Law of Nature, has been taken away from the Natives of North America and Canada. To be able to preserve them from any further loss of culture and languages, the Natives must have their own justice system in a self-governed society guided by their true way of life.

REFERENCES:

Journeying Forward dreaming First Nations' independence - by Patricia Monture-Angus

A Century of Dishonour - The Classic Expose of the Plight of the Native Americans The Law of Nations - by Americh de Vattel Basic Call to Consciousness - by Chief Oren Lyons, John Mohawk, Jose Barreiro - Edited by Akwesasne Notes The Cypress Hills - by Walter Hildebrandt and Brian Hubner Extraordinary Canadians - Big Bear - by Rudy Wiebe

Avon Accounting & Tax Services

Personal Tax Returns (T1)
Self Employed
Taxi Business

Corporate Tax Returns (T2)
GST / Payrolls / ROE
WCB Returns

Tax Planning & Advisory Services
Weekends/Evenings Services also available.

Tel: 403-561-9011
Tel: 403-479-4220
Pandher_2004@yahoo.com or singhh73@gmail.com

ਕਾਨੂੰਨ ਤੇ ਹੱਕ

# ਕਾਨੂੰਨੀ ਵਿਵਸਥਾ ਦੇ ਨਾਂ 'ਤੇ ਜਮਹੂਰੀ ਹੱਕਾਂ ਦਾ ਘਾਣ

ਪ੍ਰੋ. ਜਤਿੰਦਰ

1947 ਵਿਚ ਸੰਵਿਧਾਨ ਸਭਾ ਅੰਦਰ ਬਹਿਸ ਦੇ ਸ਼ੁਰੂਆਤੀ ਦਿਨਾਂ ਵਿਚ ਉਦੇਸ਼ਾਂ ਨਾਲ ਸਬੰਧਤ ਪ੍ਰਸਤਾਵ ਪਾਸ ਹੋਣ ਤੋਂ ਬਾਅਦ ਭਾਰਤੀ ਰਾਜਨੀਤੀ ਦੀ ਸਨਮਾਨਯੋਗ ਸ਼ਖ਼ਸੀਅਤ ਡਾ. ਰਾਧਾਕ੍ਰਿਸ਼ਨਨ ਨੇ ਸਭਾ ਦੇ ਮੈਂਬਰਾਂ ਸਾਹਮਣੇ ਇਕ ਭਾਸ਼ਣ ਦਿੱਤਾ ਸੀ। ਅਸਲ ਵਿਚ ਇਹ ਭਾਸ਼ਣ ਉਨ੍ਹਾਂ ਲੋਕਾਂ ਵਲੋਂ ਖੜ੍ਹੀਆਂ ਕੀਤੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਕ ਸੱਦਾ ਸੀ, ਜਿਨ੍ਹਾਂ ਨੇ ਸੰਵਿਧਾਨ ਸਭਾ ਦੀ ਸਮਰੱਥਾ 'ਤੇ ਗੰਭੀਰ ਸਵਾਲ ਉਠਾਏ ਸਨ, ਕਿਉਂਕਿ ਸੰਵਿਧਾਨ ਸਭਾ ਬਸਤੀਵਾਦੀ ਤਾਕਤਾਂ ਵਲੋਂ ਭਾਰਤ ਨੂੰ ਇਕ ਗ਼ੁਲਾਮ ਹਾਲਤ ਵਿਚ ਆਜ਼ਾਦੀ ਵੱਲ ਲਿਜਾਣ ਲਈ ਬਣਾਏ ਗਏ ਕੈਬਨਿਟ ਮਿਸ਼ਨ ਦੇ ਦਿਮਾਗ਼ ਦੀ ਉਪਜ ਸੀ। ਡਾ. ਰਾਧਾਕ੍ਰਿਸ਼ਨਨ ਲਈ ਸੰਵਿਧਾਨ ਸਭਾ ਦਾ ਮੌਜੂਦਾ ਕੰਮ ਉਨ੍ਹਾਂ ਲੋਕਾਂ ਨੂੰ ਢੁਕਵਾਂ ਜਵਾਬ ਦੇਣਾ ਸੀ, 'ਜਿਨ੍ਹਾਂ ਨੂੰ ਸੰਵਿਧਾਨ ਸਭਾ ਦੀ ਸਮਰੱਥਾ' ਦੇ ਸ਼ੱਕ ਸੀ, ਜਿਹੜੇ 'ਡਾਵਾਂਡੋਲ' ਸਨ, ਜਿਹੜੇ ਇਸ ਦੇ ਖ਼ਿਲਾਫ਼ ਸਨ ਅਤੇ ਜਿਹੜੇ ਸੰਵਿਧਾਨ ਸਭਾ ਦੇ ਕੰਮ ਨੂੰ ਲੈ ਕੇ 'ਗਲਤਫ਼ਹਿਮੀ' ਦਾ ਸ਼ਿਕਾਰ ਸਨ।'

ਆਪਣੇ ਭਾਸ਼ਣ ਵਿਚ ਉਹ ਜਨਤਾ ਨੂੰ ਦੋ ਮਹੱਤਵਪੂਰਨ ਹਿੱਸਿਆਂ ਵਿਚ ਵੰਡ ਰਹੇ ਸਨ। ਪਹਿਲੇ ਉਹ ਜਿਨ੍ਹਾਂ ਨੂੰ ਸੰਵਿਧਾਨ ਸਭਾ ਵਿਚ ਭਰੋਸਾ ਸੀ ਅਤੇ ਦੂਜੇ ਉਹ ਜਿਹੜੇ ਇਸ ਦੀ ਸਮਰੱਥਾ ਅਤੇ ਆਜ਼ਾਦ ਭਾਰਤ ਦੀ ਰਾਜ-ਸੱਤਾ ਅਤੇ ਇਸ ਦੇ ਨਜ਼ਰੀਏ 'ਤੇ ਸਵਾਲ ਉਠਾ ਰਹੇ ਸਨ। ਕਈ ਤਰ੍ਹਾਂ ਦੀ ਰਾਇ, ਨਜ਼ਰੀਏ ਅਤੇ ਵਿਚਾਰਾਂ 'ਤੇ ਆਤਮਚਿੰਤਨ ਕਰਕੇ ਉਨ੍ਹਾਂ ਨੂੰ ਪ੍ਰਭੂਸੱਤਾ ਪੱਖੀ ਦ੍ਰਿਸ਼ਟੀਕੋਣ ਵਿਚ ਸ਼ਾਮਲ ਕਰਨ ਦੀ ਬਜਾਏ, ਉਨ੍ਹਾਂ ਨੇ ਇਨ੍ਹਾਂ ਪ੍ਰਤੀ ਬੇਹੱਦ ਨਫ਼ਰਤ ਵਾਲਾ ਰਵੱਈਆ ਅਪਨਾਇਆ। ਸੰਵਿਧਾਨ ਸਭਾ ਨੂੰ ਭਾਰਤ ਨਿਰਮਾਣ ਦੀ ਨੀਂਹ ਵਜੋਂ ਦੇਖਿਆ ਗਿਆ ਅਤੇ ਇਸ ਨੂੰ ਹੀ ਅੱਗੇ ਵਧਣ ਦਾ ਇੱਕੋ-ਇੱਕ ਰਸਤਾ ਮੰਨਿਆ ਗਿਆ। ਵੱਖ-ਵੱਖ ਕਾਰਨਾਂ ਕਰਕੇ ਸਭਾ ਤੋਂ ਬਾਹਰ ਰਹਿ ਗਏ ਲੋਕਾਂ ਨੂੰ ਨਾ ਸਿਰਫ਼ ਸੰਵਿਧਾਨ ਸਭਾ ਪ੍ਰਤੀ ਹੀ, ਸਗੋਂ ਭਾਰਤ ਨੂੰ ਇਕ 'ਆਜ਼ਾਦ', 'ਪ੍ਰਭੂਸੱਤਾ', ਅਤੇ 'ਗਣਰਾਜ' ਬਣਾਉਣ ਦੇ ਸੁਪਨੇ ਪ੍ਰਤੀ 'ਦੁਸ਼ਮਣੀ', 'ਡਾਵਾਂਡੋਲ' ਅਤੇ 'ਬੇਭਰੋਸਯੋਗ' ਤੱਤਾਂ ਵਜੋਂ ਦੇਖਿਆ ਗਿਆ। ਇਸ ਪ੍ਰਕਾਰ ਇਕਦਮ ਸ਼ੁਰੂਆਤ ਤੋਂ ਹੀ ਸੀਮਾ ਰੇਖਾ ਅਤੇ ਯੁੱਧ ਰੇਖਾ ਵੰਡ ਦਿੱਤਾ ਗਿਆ। ਭਾਰਤੀ ਰਾਜ-ਸੱਤਾ ਨੇ ਆਪਣੀ ਯਾਤਰਾ ਇਕ ਅਜਿਹੇ ਮਜ਼ਬੂਤ ਮਾਹੌਲ ਤੋਂ ਸ਼ੁਰੂ ਕੀਤੀ, ਜਿਸ ਅਨੁਸਾਰ 'ਜੋ ਕੋਈ ਵੀ ਸ਼ਾਸਕ ਵਰਗਾਂ ਵਲੋਂ ਪ੍ਰਚਾਰੇ ਜਾਂਦੇ ਆਜ਼ਾਦ ਭਾਰਤ ਬਾਰੇ ਬਣੇ ਭਾਰੂ ਵਿਚਾਰਾਂ ਦਾ ਵਿਰੋਧ ਕਰੇਗਾ ਜਾਂ ਉਨ੍ਹਾਂ ਪ੍ਰਤੀ ਸ਼ੱਕ ਪ੍ਰਗਟ ਕਰੇਗਾ, ਉਸ ਨੂੰ 'ਦੁਸ਼ਮਣਾਂ' ਨਜ਼ਰੀਏ ਨਾਲ ਦੇਖਿਆ ਜਾਵੇਗਾ, ਉਸ ਨੂੰ ਰਾਸ਼ਟਰ ਵਿਰੋਧੀ ਸਮਝਿਆ ਜਾਵੇਗਾ ਅਤੇ ਉਸ ਨੂੰ ਰਾਸ਼ਟਰ ਨਿਰਮਾਣ ਦੇ ਵਿਚਾਰ ਅਤੇ ਪ੍ਰਕਿਰਿਆ ਲਈ ਖ਼ਤਰਾ ਸਮਝਿਆ ਜਾਵੇਗਾ।' ਇਹ ਸੋਚ ਅੱਜ ਤੱਕ ਜਾਰੀ ਹੈ।

ਇਹ ਕੌੜੀ ਸਚਾਈ ਹੈ ਕਿ ਇਕ ਪਾਸੇ ਭਾਰਤੀ ਰਾਜ-ਸੱਤਾ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ 'ਤੇ ਬਹਿਸ ਕਰਦੇ ਹੋਏ ਉਨ੍ਹਾਂ ਨੂੰ ਸੰਵਿਧਾਨ ਵਿਚ ਲਿਖ ਰਹੀ ਸੀ, ਦੂਜੇ ਪਾਸੇ ਉਸ ਦੇ ਸੁਰੱਖਿਆ ਬਲ ਤੇਲੰਗਾਨਾ ਦੀਆਂ ਗ਼ਲੀਆਂ ਵਿਚ, ਗੈਰਇੱਛਕ ਰਿਆਸਤਾਂ ਵਿਚ, ਉੱਤਰ-ਪੂਰਬੀ ਇਲਾਕਿਆਂ ਵਿਚ ਅਤੇ ਕਸ਼ਮੀਰ ਵਿਚ ਉੱਥੋਂ ਦੀ ਜਨਤਾ ਨੂੰ ਕੁਚਲਦੇ ਹੋਏ, ਕਤਲ ਕਰਦੇ ਹੋਏ ਅਤੇ ਬਲਾਤਕਾਰ ਕਰਦੇ ਹੋਏ ਉਨ੍ਹਾਂ ਨੂੰ ਆਧੁਨਿਕ ਭਾਰਤੀ ਰਾਜ-ਸੱਤਾ ਦਾ ਹਿੱਸਾ ਬਣਨ ਲਈ ਮਜਬੂਰ ਕਰਦਿਆਂ, ਉਨ੍ਹਾਂ ਦੇ ਮੁੱਢਲੇ ਅਧਿਕਾਰਾਂ ਦਾ ਉਲੰਘਣਾ ਕਰ ਰਹੇ ਸਨ। ਇਸੇ ਤਰ੍ਹਾਂ ਤੇਲੰਗਾਨਾ ਦੇ ਕਿਸਾਨਾਂ ਨੂੰ, ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਨੂੰ 'ਦੁਸ਼ਮਣ' ਅਤੇ ਰਾਸ਼ਟਰ ਵਿਰੋਧੀ ਸਮਝ ਗਿਆ। ਦੁੱਖ ਦੀ ਗੱਲ ਇਹ ਹੈ ਕਿ ਸੰਵਿਧਾਨ ਸਭਾ ਨੂੰ ਇਸ ਤਰ੍ਹਾਂ ਦੇ ਜ਼ਬਰ ਅਤੇ ਅਧਿਕਾਰਾਂ ਦੇ ਉਲੰਘਣ ਦੀ ਕੋਈ ਚਿੰਤਾ ਨਹੀਂ ਸੀ। ਇਨ੍ਹਾਂ ਦੋਵਾਂ ਪ੍ਰਕਿਰਿਆਵਾਂ ਦੀ ਸਮਕਾਲੀਨਤਾ ਸਪਸ਼ਟ ਤੌਰ 'ਤੇ ਦਿਖਾਉਂਦੀ ਕਿ ਕੈਬਨਿਟ ਮਿਸ਼ਨ ਯੋਜਨਾ ਦੇ ਤਹਿਤ ਗਠਿਤ 'ਮੌਲਿਕ ਅਧਿਕਾਰਾਂ ਬਾਰੇ ਬਣੀ ਉਪ ਕਮੇਟੀ' ਅਸਲ ਵਿਚ ਸਿਰਫ਼ ਉਨ੍ਹਾਂ ਲੋਕਾਂ ਦੇ ਮੌਲਿਕ ਅਧਿਕਾਰਾਂ ਬਾਰੇ ਸੋਚ ਰਹੀ ਸੀ, ਜਿਹੜੇ ਸ਼ਾਸਕ ਪੱਖੀ ਵਿਚਾਰਾਂ ਅਤੇ ਦ੍ਰਿਸ਼ਟੀਕੋਣ ਨਾਲ ਸਹਿਮਤ ਸਨ। ਮੌਲਿਕ ਅਧਿਕਾਰਾਂ ਦੇ ਉਨ੍ਹਾਂ ਮਹਾਨ ਚੈਂਪੀਅਨਾਂ ਨੇ ਮਨੁੱਖੀ ਅਧਿਕਾਰਾਂ ਦੀਆਂ ਇਨ੍ਹਾਂ ਉਲੰਘਣਾਵਾਂ ਬਾਰੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ।

ਆਪਣੇ ਸੁਰੱਖਿਆ ਬਲਾਂ ਵਲੋਂ ਬਿਨਾਂ ਕਿਸੇ ਕਾਨੂੰਨੀ ਡਰ ਦੇ ਇਨ੍ਹਾਂ ਅਧਿਕਾਰਾਂ ਦਾ ਹੋਰ ਵੀ ਵੱਧ ਉਲੰਘਣ ਕਰਨ ਦੀਆਂ ਕਾਰਵਾਈਆਂ ਨੂੰ ਕਾਨੂੰਨੀ ਜਾਮਾ ਪਹਿਨਾਉਣ ਲਈ ਭਾਰਤੀ ਰਾਜ-ਸੱਤਾ ਨੇ ਚੌਤਰਫ਼ਾ ਰਣਨੀਤੀ 'ਤੇ ਕੰਮ ਕੀਤਾ। ਪਹਿਲਾ, ਆਪਣੇ 'ਨਾਗਰਿਕਾਂ' ਵਲੋਂ ਮੌਲਿਕ ਅਧਿਕਾਰਾਂ ਦੀ ਵਰਤੋਂ ਕਰਨ 'ਤੇ ਇਸ ਨੇ ਕਈ ਸਾਰੀਆਂ ਰੋਕਾਂ ਲਾ ਦਿੱਤੀਆਂ ਹਨ ਅਤੇ ਸੰਵਿਧਾਨ ਵਿਚ ਅਨੁਛੇਦ 22(7) ਪਾ ਦਿੱਤਾ ਹੈ, ਜਿਹੜਾ ਸੰਸਦ ਨੂੰ ਨਿਵਾਰਕ ਨਜ਼ਰਬੰਦੀ ਕਾਨੂੰਨ ਲਾਗੂ ਕਰਨ ਦੀ ਇਜਾਜ਼ਤ ਦੇ ਦਿੰਦਾ ਹੈ। ਦੂਜਾ, ਇਸ ਨੇ ਆਈ.ਪੀ.ਸੀ ਅਤੇ ਸੀ.ਆਰ.ਪੀ.ਸੀ ਦੀਆਂ ਕਈ ਦਮਨਕਾਰੀ ਧਾਰਾਵਾਂ ਨੂੰ ਬਣਾਈ ਰੱਖਿਆ ਹੈ, ਜਿਵੇਂ ਆਈ.ਪੀ.ਸੀ. ਦੀ ਧਾਰਾ 144, ਜਿਹੜੀ ਕਿਸੇ ਵੀ ਸਭਾ ਨੂੰ 'ਗੈਰਕਾਨੂੰਨੀ' ਐਲਾਨ ਸਕਦੀ ਹੈ, ਆਈ.ਪੀ.ਸੀ ਦੀ ਧਾਰਾ 124 (ਏ), ਜਿਹੜੀ 'ਦੇਸ਼-ਧ੍ਰੋਹ' ਦੇ ਮਾਮਲਿਆਂ ਨੂੰ ਦੇਖਦੀ ਹੈ, ਆਈ.ਪੀ.ਸੀ ਦੀ ਧਾਰਾ 121, ਜਿਹੜੀ 'ਸਰਕਾਰ ਖ਼ਿਲਾਫ਼ ਯੁੱਧ ਛੇੜਨ' ਆਦਿ ਮਾਮਲਿਆਂ ਨਾਲ ਸਬੰਧਤ ਹੈ। ਇਸ ਤਰ੍ਹਾਂ ਬਸਤੀਵਾਦੀ ਸਮੇਂ ਦੌਰਾਨ ਬਣੇ ਦਮਨਕਾਰੀ ਕਾਨੂੰਨ, ਜਿਵੇਂ ਅਪਰਾਧਕ ਕਾਨੂੰਨ ਸੋਧ ਪ੍ਰਸਤਾਵ, 1908 ਅਤੇ ਭਾਰਤ ਸੁਰੱਖਿਆ ਕਾਨੂੰਨ ਵੀ ਜਿਉਂ ਦੇ ਤਿਉਂ ਬਣੇ ਰਹੇ। ਤੀਜਾ, ਇਸ ਨੇ ਸਮੇਂ-ਸਮੇਂ 'ਤੇ ਆਈ. ਪੀ. ਸੀ ਅਤੇ ਸੀ. ਆਰ. ਪੀ. ਸੀ ਦੀਆਂ ਵੱਖ-ਵੱਖ ਧਾਰਾਵਾਂ ਵਿਚ ਅਤੇ ਇੰਡੀਅਨ ਐਵੀਡੈਂਸ ਐਕਟ, 1872 ਵਰਗੇ ਸਥਾਈ ਕਾਨੂੰਨਾਂ ਵਿਚ ਸੋਧਾਂ ਕੀਤੀਆਂ ਹਨ, ਤਾਂ ਕਿ ਮੁਲਜ਼ਮਾਂ ਨੂੰ ਬਚਾਅ ਦੇ ਘੱਟ ਤੋਂ ਘੱਟ ਰਸਤੇ ਮਿਲ ਸਕਣ। ਚੌਥਾ, ਇਸ ਨੇ ਕੁੱਝ ਨਵੇਂ ਦਮਨਕਾਰੀ ਕਾਨੂੰਨ ਪਾਸ ਕੀਤੇ ਅਤੇ ਉਨ੍ਹਾਂ ਵਿਚ ਅਨੇਕਾਂ ਸੋਧਾਂ ਇਹ ਕਹਿੰਦਿਆਂ ਕੀਤੀਆਂ ਕਿ ਕਿਉਂਕਿ ਹਾਲਤਾਂ ਆਮ ਵਰਗੀਆਂ ਨਹੀਂ ਹਨ ਅਤੇ ਇਨ੍ਹਾਂ ਸੰਕਟਮਈ ਹਾਲਤਾਂ ਨਾਲ ਨਜਿੱਠਣ ਲਈ ਆਈ.ਪੀ.ਸੀ ਅਤੇ ਸੀ.ਆਰ.ਪੀ.ਸੀ ਵਰਗੇ ਸਾਧਾਰਨ ਕਾਨੂੰਨ ਕਾਫ਼ੀ ਨਹੀਂ ਹਨ ਅਤੇ ਹਾਲਤ ਨੂੰ ਮੁੜ 'ਆਮ' ਅਤੇ ਸ਼ਾਂਤੀਪੂਰਨ' ਬਣਾਉਣ ਲਈ ਸੁਰੱਖਿਆ ਬਲਾਂ ਨੂੰ ਅਸਾਧਾਰਨ ਕਾਨੂੰਨਾਂ ਦੀ ਢਾਲ ਦੀ ਲੋੜ ਹੈ।

ਅਸਾਧਾਰਨ ਕਾਨੂੰਨਾਂ ਜਿਵੇਂ ਕਿ ਟਾਡਾ, ਪੋਟਾ ਵਿਚ ਤਾਂ ਸੰਸਦ ਵਲੋਂ ਇਨ੍ਹਾਂ ਕਾਨੂੰਨਾਂ ਦੀ ਸਮੀਖਿਆ ਦਾ ਵਿਧਾਨ ਵੀ ਸੀ, ਜਿਸ ਨਾਲ ਉਨ੍ਹਾਂ ਦੇ ਰੱਦ ਕੀਤੇ ਜਾਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਸਨ। ਪਰ ਗ਼ੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ, 1967 ਵਿਚ ਤਾਂ ਅਜਿਹਾ ਪ੍ਰਸਤਾਵ ਵੀ ਨਹੀਂ ਹੈ ਅਤੇ ਇਹ ਵਿਧਾਨਿਕ ਕਿਤਾਬਾਂ ਵਿਚ ਇਕ ਆਮ ਕਾਨੂੰਨ ਦੀ ਤਰ੍ਹਾਂ ਹੀ ਦਰਜ ਹੈ। ਹਾਲਾਂਕਿ ਜ਼ਿਆਦਾਤਰ ਮਾਮਲਿਆਂ ਵਿਚ ਰੱਦ ਕੀਤੇ ਜਾਣ ਦਾ ਪ੍ਰਸਤਾਵ ਵੀ ਜ਼ਿਆਦਾ ਮਦਦਗਾਰ ਸਾਬਤ ਨਹੀਂ ਹੋ ਪਾਉਂਦਾ, ਜਿਵੇਂ ਕਿ ਸਭ ਤੋਂ ਵੱਧ ਖ਼ਤਰਨਾਕ ਕਾਲਾ ਕਾਨੂੰਨ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਕਾਨੂੰਨ 1958 (ਅਫ਼ਸਪਾ) ਦੇ ਮਾਮਲੇ ਵਿਚ ਦੇਖਣ ਨੂੰ ਮਿਲਦਾ ਹੈ, ਜਿਸ ਨੂੰ ਰੱਦ ਕਰਨ ਦੀ ਜ਼ਬਰਦਸਤ ਮੰਗ ਕਰਨ ਦੇ ਬਾਵਜੂਦ ਸੰਸਦ ਅਤੇ ਕੇਂਦਰ ਸਰਕਾਰ ਨੇ ਹਾਲੇ ਵੀ ਇਸ ਕਾਨੂੰਨ ਨੂੰ ਉੱਤਰ-ਪੂਰਬੀ ਸੂਬਿਆਂ ਅਤੇ ਕਸ਼ਮੀਰ ਵਿਚ ਲਾਗੂ ਕੀਤਾ ਹੋਇਆ ਹੈ। ਇਹ ਵਿਸ਼ੇਸ਼ ਕਾਨੂੰਨ ਇਨ੍ਹਾਂ ਖੇਤਰਾਂ ਦਾ ਇਕ ਸਥਾਈ ਚਰਿੱਤਰ ਬਣ ਗਿਆ ਹੈ। ਇਸ ਸਾਰੇ ਤੌਰ-ਤਰੀਕੇ ਨੂੰ 'ਕਾਨੂੰਨ ਅਤੇ ਪ੍ਰਬੰਧ ਬਣਾਈ ਰੱਖਣ' ਅਤੇ 'ਰਾਸ਼ਟਰੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ' ਦੀ ਰੱਖਿਆ ਕਰਨ ਦੇ ਨਾਮ 'ਤੇ ਸਹੀ ਠਹਿਰਾਇਆ ਜਾਂਦਾ ਰਿਹਾ ਹੈ। ਇਸ ਸੰਦਰਭ ਵਿਚ, ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੋਵੇਂ ਹੀ ਇਸ ਰਣਨੀਤੀ ਦਾ ਹਿੱਸਾ ਰਹੀਆਂ ਹਨ। ਇਸ ਤਰ੍ਹਾਂ, ਭਾਰਤੀ ਕਾਨੂੰਨ ਪ੍ਰਬੰਧ ਇਨ੍ਹਾਂ ਸਾਰੇ ਤਰ੍ਹਾਂ ਦੇ ਹੱਥਕੰਡੇ ਦਾ ਮਿਸ਼ਰਨ ਬਣਿਆ ਹੋਇਆ ਹੈ। ਇਸ ਤਰ੍ਹਾਂ, ਸਾਰੇ ਦਮਨਕਾਰੀ ਕਾਨੂੰਨ ਅਤੇ ਪ੍ਰਸਤਾਵ ਅਤੇ ਧਾਰਾਵਾਂ ਭਾਰਤੀ ਰਾਜ-ਸੱਤਾ ਦੀ ਬੁਨਿਆਦ ਵਿਚ ਹੀ ਮੌਜੂਦ ਹਨ। ਇਨ੍ਹਾਂ ਦਮਨਕਾਰੀ ਕਾਨੂੰਨਾਂ ਬਿਨਾਂ ਭਾਰਤੀ ਰਾਜ-ਸੱਤਾ ਦਾ ਢਾਂਚਾ ਬਰਕਰਾਰ ਨਹੀਂ ਰਹਿ ਸਕੇਗਾ।

ਫਰਵਰੀ, 1950 ਨੂੰ, ਜਦੋਂ ਭਾਰਤ ਨੂੰ 'ਗਣਰਾਜ' ਬਣਿਆਂ ਕੁੱਝ ਮਹੀਨੇ ਹੀ ਹੋਏ ਸਨ, ਸ਼ਾਸਕ ਵਰਗ ਨੇ ਆਜ਼ਾਦ ਭਾਰਤ ਦਾ ਪਹਿਲਾ 'ਨਿਵਾਰਕ ਬੰਦੀ ਕਾਨੂੰਨ' ਪਾਸ ਕਰ ਦਿੱਤਾ। ਸ਼ੁਰੂਆਤ ਵਿਚ ਇਸ ਨੂੰ ਦੋ ਸਾਲਾਂ ਲਈ ਪਾਸ ਕੀਤਾ ਗਿਆ ਸੀ, ਪਰ ਇਸ ਨੂੰ ਸਮੇਂ-ਸਮੇਂ 'ਤੇ ਛੇ ਵਾਰ ਵਧਾਇਆ ਜਾਂਦਾ ਰਿਹਾ ਅਤੇ ਭਾਰਤ ਦੀ ਵਿਧਾਨਿਕ ਪੁਸਤਕਾਂ ਵਿਚ ਇਹ ਕਾਨੂੰਨ 11 ਸਾਲ ਤੱਕ ਮੌਜੂਦ ਰਿਹਾ। ਮਾਰਚ, 1950 ਵਿਚ ਮਦਰਾਸ ਸੂਬੇ ਨੇ ਪੀਪਲਜ਼ ਐਜੂਕੇਸ਼ਨ ਸੁਸਾਇਟੀ, ਮਦਰਾਸ ਨੂੰ ਅਪਰਾਧਕ ਕਾਨੂੰਨ ਸੋਧ ਪ੍ਰਸਤਾਵ, 1908 ਦੇ ਤਹਿਤ ਗ਼ੈਰਕਾਨੂੰਨੀ ਸੰਸਥਾ ਐਲਾਨ ਦਿੱਤਾ। ਸੰਵਿਧਾਨ ਦੇ ਲਾਗੂ ਹੋਣ ਤੋਂ ਮਹਿਜ਼ 15 ਮਹੀਨੇ ਬਾਅਦ ਇਸ ਵਿਚ ਸੋਧ ਕਰਨ ਦੀ ਜ਼ਰੂਰਤ ਪੈ ਗਈ। ਪਹਿਲੇ ਸੋਧ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਸੀ ਕਿ ਇਸ ਵਿਚ ਅਨੁਛੇਦ 19 ਤਹਿਤ ਦਿੱਤੇ ਗਏ ਮੌਲਿਕ ਅਧਿਕਾਰਾਂ ਦੇ ਅਭਿਆਸ 'ਤੇ ਪਾਬੰਦੀ ਲਾਉਣ ਦੇ ਇਕ ਕਾਰਨ ਵਜੋਂ 'ਪਬਲਿਕ ਵਿਵਸਥਾ ਕਾਇਮ ਕਰਨ' ਨੂੰ ਜੋੜ ਦਿੱਤਾ ਅਤੇ ਪਾਬੰਦੀਆਂ ਤੋਂ ਪਹਿਲਾਂ




'ਵਾਜਬ' ਸ਼ਬਦ ਜੋੜ ਦਿੱਤਾ। ਇਹ ਸਾਰਾ ਕੰਮ ਇਕ ਅਜਿਹੀ ਸਰਕਾਰ ਵਲੋਂ ਕੀਤਾ ਗਿਆ, ਜਿਸ ਨੂੰ ਹਾਲੇ ਤੱਕ ਭਾਰਤ ਦੀ ਜਨਤਾ ਨੇ ਚੁਣਿਆ ਵੀ ਨਹੀਂ ਸੀ, ਕਿਉਂਕਿ ਭਾਰਤ ਵਿਚ ਪਹਿਲੀਆਂ ਆਮ ਚੋਣਾਂ, 1952 ਵਿਚ ਹੋਈਆਂ ਸਨ।

ਦੂਜੀ ਲੋਕ-ਸਭਾ ਨੇ ਸਾਲ 1958 ਵਿਚ ਉੱਤਰ-ਪੂਰਬੀ ਖੇਤਰ ਦੇ ਕੌਮੀਅਤਾਂ ਦੇ ਸੰਘਰਸ਼ਾਂ ਨੂੰ ਕੁਚਲਣ ਦੇ ਮਕਸਦ ਨਾਲ ਸਭ ਤੋਂ ਖ਼ਤਰਨਾਕ ਅਤੇ ਦਮਨਕਾਰੀ ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਪ੍ਰਾਪਤ ਕਾਨੂੰਨ(ਅਫ਼ਸਪਾ) ਪਾਸ ਕੀਤਾ। ਤੀਜੀ ਲੋਕ ਸਭਾ ਨੇ ਸੰਵਿਧਾਨ ਸੋਧ (ਸੋਲ੍ਹਵਾਂ) ਕਾਨੂੰਨ 1963 ਪਾਸ ਕੀਤਾ, ਜਿਸ ਨੇ 'ਵਾਜਬ ਪਾਬੰਦੀਆਂ' ਦੀ ਸੂਚੀ ਵਿਚ 'ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਹਿਤ ਵਿਚ' ਸ਼ਬਦਾਂ ਨੂੰ ਜੋੜ ਕੇ ਬੋਲਣ ਦੀ ਆਜ਼ਾਦੀ ਨੂੰ ਹੋਰ ਸੀਮਤ ਕਰ ਦਿੱਤਾ। ਅਜਿਹਾ ਕੌਮੀ ਏਕੀਕਰਨ ਕੌਂਸਲ ਵਲੋਂ ਬਣਾਈ ਰਾਸ਼ਟਰੀ ਏਕੀਕਰਨ ਅਤੇ ਖੇਤਰਵਾਦ 'ਤੇ ਕਮੇਟੀ ਦੀਆਂ ਸਿਫ਼ਾਰਿਸ਼ਾਂ 'ਤੇ ਆਧਾਰਤ ਕੀਤਾ ਗਿਆ ਸੀ। ਇਸ ਨੇ ਸਿਫ਼ਾਰਿਸ਼ ਕੀਤੀ ਸੀ ਕਿ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਲੋੜੀਂਦੀਆਂ ਸ਼ਕਤੀਆਂ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਸ ਨੇ ਗ਼ੈਰਕਾਨੂੰਨੀ ਗਤੀਵਿਧੀਆਂ (ਰੋਕੂ) ਕਾਨੂੰਨ 1967 (ਯੂ.ਏ.ਪੀ.ਏ, 1967) ਨੂੰ ਪਾਸ ਕਰਨ ਲਈ ਰਸਤਾ ਸਾਫ਼ ਕਰ ਦਿੱਤਾ। ਉਸ ਤੋਂ ਬਾਅਦ ਅੰਦਰੂਨੀ ਸੁਰੱਖਿਆ ਕਾਨੂੰਨ ਮੀਸਾ, ਜ਼ਰੂਰੀ ਸੇਵਾ ਕਾਨੂੰਨ(ਐਨ.ਐਸ.ਏ), ਐਸਮਾ, ਟਾਡਾ, ਪੋਟਾ ਅਤੇ ਵੱਡੀ ਗਿਣਤੀ ਵਿਚ ਹੋਰ ਕਾਲੇ ਕਾਨੂੰਨ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਵਿਧਾਨਿਕ ਪੁਸਤਕਾਂ ਦਾ ਹਿੱਸਾ ਬਣਨ ਲੱਗੇ। ਸਾਲ 1950 ਤੋਂ ਲੈ ਕੇ ਅੱਜ ਤੱਕ ਇਸ ਤਰ੍ਹਾਂ ਲਾਗੂ ਕੀਤੇ ਕਾਨੂੰਨਾਂ ਦੀ ਗਿਣਤੀ ਅਤੇ ਸੰਵਿਧਾਨ ਤੇ ਆਈ.ਪੀ.ਸੀ ਅਤੇ ਸੀ.ਆਰ.ਪੀ.ਸੀ ਦੀਆਂ ਧਾਰਾਵਾਂ ਵਿਚ ਕੀਤੇ ਗਏ ਸੋਧਾਂ ਦੀ ਗਿਣਤੀ ਅੰਤਹੀਣ ਹੋ ਗਈ।

ਹਰ ਬੀਤਦੇ ਸਾਲ ਦੇ ਨਾਲ ਕਾਨੂੰਨ ਵੱਧ ਤੋਂ ਵੱਧ ਸਖ਼ਤ ਹੁੰਦੇ ਜਾ ਰਹੇ ਹਨ ਅਤੇ ਉਨ੍ਹਾਂ ਦੇ ਰੱਦ ਹੋਣ ਨਾਲ ਵੀ ਭਾਰਤ ਦੀ ਜਨਤਾ ਨੂੰ ਕੋਈ ਰਾਹਤ ਨਹੀਂ ਮਿਲੀ ਹੈ। ਉਨ੍ਹਾਂ ਦੀਆਂ ਵੱਖ-ਵੱਖ ਧਾਰਾਵਾਂ ਜਾਂ ਤਾਂ ਨਵੇਂ ਕਾਨੂੰਨਾਂ ਵਿਚ ਸ਼ਾਮਲ ਕਰ ਲਈਆਂ ਗਈਆਂ ਜਾਂ ਫਿਰ ਮੌਜੂਦਾ ਕਾਨੂੰਨਾਂ ਵਿਚ ਸੋਧ ਕਰ ਕੇ ਉਨ੍ਹਾਂ ਵਿਚ ਸ਼ਾਮਲ ਕੀਤੀਆਂ ਗਈਆਂ। ਸਾਲ 2004 ਤੋਂ ਬਾਅਦ ਯੂ.ਪੀ.ਏ, 1967 ਵਿਚ ਸੋਧ ਇਸ ਦਾ ਇਕ ਤਾਜ਼ਾ ਉਦਾਹਰਨ ਹੈ, ਕਿਉਂਕਿ ਇਹ ਕਿਤੇ ਜ਼ਿਆਦਾ ਸਖ਼ਤ ਧਾਰਾਵਾਂ ਨਾਲ ਪੁਰਾਣੇ ਕਾਨੂੰਨ ਜਿਵੇਂ, ਮੀਸਾ, ਟਾਡਾ ਅਤੇ ਪੋਟਾ ਦਾ ਹੀ ਇਕ ਨਵਾਂ ਰੂਪ ਹੈ। ਇਨ੍ਹਾਂ ਨੂੰ ਅਸਾਧਰਨ ਹਾਲਤਾਂ ਨਾਲ ਨਜਿੱਠਣ ਦੇ ਮਕਸਦ ਨਾਲ ਪਾਸ ਕੀਤਾ ਗਿਆ, ਜਿਵੇਂ ਕਿ ਕੌਮੀ ਸੁਰੱਖਿਆ ਲਈ 'ਖ਼ਤਰੇ' ਦੇ ਸੰਕਟ ਨਾਲ ਨਜਿੱਠਣ ਲਈ। ਇਸ ਕਾਨੂੰਨ ਨੂੰ ਸਾਲ 1967 ਵਿਚ ਪਾਸ ਕੀਤਾ ਗਿਆ ਸੀ ਅਤੇ ਇਸ ਅਨੁਸਾਰ ਕੁੱਝ ਖ਼ਾਸ ਗਤੀਵਿਧੀਆਂ ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ ਗਿਆ। ਇਹ ਪਹਿਲਾ ਕੇਂਦਰੀ ਕਾਨੂੰਨ ਸੀ, ਜਿਸ ਨੇ ਕੇਂਦਰ ਸਰਕਾਰ ਨੂੰ ਇਹ ਸ਼ਕਤੀਆਂ ਦੇ ਦਿੱਤੀਆਂ, ਜਿਸ ਅਨੁਸਾਰ ਉਹ ਕਿਸੇ ਵੀ ਸੰਸਥਾ ਨੂੰ, ਜਿਹੜੀ 'ਗ਼ੈਰ-ਕਾਨੂੰਨੀ ਗਤੀਵਿਧੀਆਂ' ਵਿਚ ਸ਼ਾਮਲ ਪਾਈਆਂ ਗਈਆਂ ਹੋਣ, ਪਾਬੰਦੀਸ਼ੁਦਾ ਐਲਾਨ ਕਰ ਸਕਦੀ ਸੀ।

ਇਹ ਜਾਨਣਾ ਦਿਲਚਸਪ ਹੋਵੇਗਾ ਕਿ ਸਤੰਬਰ 2004 ਵਿਚ ਭਾਰਤ ਦੇ ਰਾਸ਼ਟਰਪਤੀ ਨੇ ਦੋ ਆਰਡੀਨੈਂਸਾਂ ਦਾ ਰਸਮੀ ਐਲਾਨ ਕੀਤਾ ਸੀ। ਪਹਿਲਾ ਅਤਿਵਾਦੀ ਗਤੀਵਿਧੀਆਂ ਰੋਕੂ ਕਾਨੂੰਨ 2002 (ਪੋਟਾ 2002) ਨੂੰ ਅਧਿਕਾਰਤ ਤੌਰ 'ਤੇ ਰੱਦ ਕਰਨ ਲਈ ਅਤੇ ਦੂਜਾ ਯੂ.ਏ.ਪੀ.ਏ 1967 ਵਿਚ ਸੋਧ ਦੇ ਲਈ। ਸਰਦ ਰੁੱਤ ਸੈਸ਼ਨ ਵਿਚ ਸੰਸਦ ਦੇ ਦੋਵਾਂ ਸਦਨਾਂ ਨੇ ਇਨ੍ਹਾਂ ਆਰਡੀਨੈਂਸਾਂ ਨੂੰ ਮਨਜ਼ੂਰੀ ਦੇ ਦਿੱਤੀ। ਪੋਟਾ ਨੂੰ ਅਧਿਕਾਰਤ ਤੌਰ 'ਤੇ ਰੱਦ ਕੀਤਾ ਗਿਆ, ਪਰ ਇਸ ਦੀਆਂ ਜ਼ਿਆਦਾਤਰ ਧਾਰਾਵਾਂ ਨੂੰ ਸੋਧ ਕੇ ਯੂ.ਏ.ਪੀ.ਏ 1967 ਵਿਚ ਸ਼ਾਮਲ ਕਰ ਦਿੱਤਾ ਗਿਆ। ਪੋਟਾ ਨੂੰ ਰੱਦ ਕਰਦੇ ਹੋਏ ਭਾਰਤੀ ਰਾਸ਼ਟਰੀ ਕਾਂਗਰਸ ਦੀ ਅਗਵਾਈ ਵਿਚ ਯੂ.ਪੀ.ਏ ਸਰਕਾਰ ਨੇ, ਜਿਸ ਵਿਚ ਖੱਬੇਪੱਖੀ ਪਾਰਟੀਆਂ ਇਕ ਮਹੱਤਵਪੂਰਨ ਸਹਿਯੋਗੀ ਵਜੋਂ ਮੌਜੂਦ ਸਨ, ਖ਼ੁਦ ਨੂੰ ਮਨੁੱਖੀ ਅਧਿਕਾਰਾਂ ਦੇ ਮਹਾਨ ਰੱਖਿਅਕ ਵਜੋਂ ਪੇਸ਼ ਕੀਤਾ। ਇਸ ਨੇ ਵਾਅਦਾ ਕੀਤਾ ਕਿ ਯੂ.ਏ.ਪੀ.ਏ ਵਿਚ ਲੋੜੀਂਦੀ ਸੁਰੱਖਿਆ ਦੇ ਉਪਾਅ ਕੀਤੇ ਜਾਣਗੇ ਤਾਂ ਕਿ ਅਤਿਵਾਦ ਨਾਲ ਨਜਿੱਠਦੇ ਹੋਏ ਇਸ ਦੀ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ।

ਇਸ ਦੇ ਰੱਦ ਹੋਣ 'ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਮੁੱਖ ਵਿਰੋਧੀ ਪਾਰਟੀ ਭਾਰਤੀ ਜਨਤਾ ਪਾਰਟੀ ਨੇ ਯੂ.ਪੀ.ਏ ਸਰਕਾਰ 'ਤੇ ਦੋਸ਼ ਲਾਇਆ ਸੀ ਕਿ 'ਉਹ ਕੌਮੀ ਸੁਰੱਖਿਆ ਦੇ ਨਾਲ ਸਮਝੌਤਾ ਕਰ ਰਹੀ ਹੈ ਅਤੇ ਇਹ ਮੁਸਲਮਾਨਾਂ ਦੇ ਤੁਸ਼ਟੀਕਰਨ ਦੀ ਕਾਂਗਰਸ ਦੀ ਵੱਡੀ ਯੋਜਨਾ ਦਾ ਇਕ ਹਿੱਸਾ ਹੈ।' ਇਸ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਕਿਹਾ ਸੀ ਕਿ 'ਦੇਸ਼ ਵਿਚ ਕਾਲਾ

ਬਾਜ਼ਾਰੀਆਂ ਅਤੇ ਨਸ਼ੀਲੀਆਂ ਦਵਾਈਆਂ ਦੇ ਤਸਕਰਾਂ ਖ਼ਿਲਾਫ਼ ਸਖ਼ਤ ਕਾਨੂੰਨ ਹੈ, ਪਰ ਅਤਿਵਾਦੀਆਂ ਅਤੇ ਅਤਿਵਾਦੀ ਸੰਗਠਨਾਂ ਖ਼ਿਲਾਫ਼ ਕਾਨੂੰਨ ਨਰਮ ਹੈ।' ਬਹੁਜਨ ਸਮਾਜ ਪਾਰਟੀ ਨੇ ਕਾਂਗਰਸ ਪਾਰਟੀ 'ਤੇ ਦੋਸ਼ ਲਾਇਆ ਸੀ ਕਿ ਅਜਿਹਾ ਫ਼ੈਸਲਾ 'ਮਨੂਵਾਦੀ ਪਾਰਟੀਆਂ ਦੇ ਦਬਾਅ ਵਿਚ' ਲਿਆ ਗਿਆ ਹੈ।

ਤਤਕਾਲੀ ਤਾਮਿਲਨਾਡੂ ਮੁੱਖ ਮੰਤਰੀ ਜੇ. ਜੈਲਲਿਤਾ ਨੇ ਕਿਹਾ ਕਿ 'ਇਸ ਕਾਨੂੰਨ ਦੇ ਰੱਦ ਹੋਣ ਨਾਲ ਅਤਿਵਾਦ ਖ਼ਿਲਾਫ਼ ਦੇਸ਼ ਦੀ ਸੁਰੱਖਿਆ ਵਿਚ ਇਕ ਪਲਾਅ ਪੈਦਾ ਹੋ ਗਿਆ ਹੈ।' ਇਸ ਵਿਚ 2008 ਵਿਚ ਮੁੜ ਸੋਧ ਕੀਤੀ ਗਈ ਅਤੇ ਦਸੰਬਰ 2012 ਦੇ ਸੰਸਦ ਦੇ ਸਰਦ ਰੁੱਤ ਸੈਸ਼ਨ ਵਿਚ ਇਕ ਵਾਰ ਫਿਰ ਕੁੱਝ ਸੋਧਾਂ ਕੀਤੀਆਂ ਗਈਆਂ, ਉਹ ਵੀ ਪਹਿਲਾਂ ਦੀ ਤਰ੍ਹਾਂ ਬਿਨਾਂ ਕਿਸੇ ਖ਼ਾਸ ਬਹਿਸ ਦੇ। ਸਿਆਸੀ ਪਾਰਟੀਆਂ ਨੇ ਲੋੜ ਮੁਤਾਬਕ ਹੀ ਪ੍ਰਤੀਕਿਰਿਆ ਦਿੱਤੀ। ਸੱਤਾ ਪੱਖ ਵੱਲ ਬੈਠਦਿਆਂ ਉਹ ਅਤਿਵਾਦ ਵਿਰੋਧੀ ਕਾਨੂੰਨ ਸੰਸਦ 'ਚ ਲੈ ਕੇ ਆਏ ਅਤੇ ਵਿਰੋਧੀ ਖ਼ੇਮੇ ਵਿਚ ਬੈਠ ਕੇ ਉਨ੍ਹਾਂ ਨੇ ਸੱਤਾ ਪੱਖ ਦੇ ਕਦਮਾਂ ਦੀ ਆਲੋਚਨਾ ਕੀਤੀ। ਸੰਸਦ ਵਿਚ ਉਨ੍ਹਾਂ ਦੀਆਂ ਹਾਜ਼ਰੀ ਮੁਤਾਬਕ ਦਲੀਲਾਂ ਬਦਲਦੀਆਂ ਰਹੀਆਂ।

ਇਸ ਸਿਆਸੀ ਹਿਲਜੁਲ ਦੇ ਚੱਲਦਿਆਂ ਕਾਲੇ ਕਾਨੂੰਨਾਂ ਅਤੇ ਧਾਰਾਵਾਂ ਦਾ ਦਾਇਰਾ ਵਧ ਰਿਹਾ ਹੈ ਅਤੇ ਨਵੀਂਆਂ-ਨਵੀਂਆਂ ਗਤੀਵਿਧੀਆਂ 'ਗ਼ੈਰ-ਕਾਨੂੰਨੀ' ਅਤੇ 'ਰਾਸ਼ਟਰ ਵਿਰੋਧੀ' ਵਜੋਂ ਐਲਾਨੀਆਂ ਜਾ ਰਹੀਆਂ ਹਨ। ਯੂ.ਏ.ਪੀ.ਏ 1967 ਸਿਰਫ਼ 'ਗ਼ੈਰਕਾਨੂੰਨੀ ਗਤੀਵਿਧੀਆਂ' ਨਾਲ ਨਜਿੱਠਣ ਲਈ ਬਣਾਇਆ ਗਿਆ ਸੀ, ਪਰ ਸਾਲ 2004 ਵਿਚ ਸੋਧਾਂ ਕਰ ਕੇ ਅਤਿਵਾਦ ਨਾਲ ਸਬੰਧਤ ਧਾਰਾ ਵੀ ਇਸ ਕਾਨੂੰਨ ਵਿਚ ਜੋੜ ਦਿੱਤੀ ਅਤੇ ਇਹ ਅਤਿਵਾਦ ਰੋਕੂ ਕਾਨੂੰਨ ਬਣ ਗਿਆ।

ਸਾਲ 2008 ਵਿਚ ਯੂ.ਏ.ਪੀ.ਏ 1967 ਵਿਚ ਭੂਮਿਕਾ ਪਾ ਕੇ ਇਸ ਦੇ ਕੌਮਾਂਤਰੀ ਪਹਿਲੂ ਨੂੰ ਹੋਰ ਫੈਲਾ ਦਿੱਤਾ ਗਿਆ। ਅਜਿਹਾ ਕਰਦਿਆਂ ਸੁਰੱਖਿਆ ਪ੍ਰੀਸ਼ਦ (ਸੰਯੁਕਤ ਰਾਸ਼ਟਰ ਸੰਘ) ਦੇ ਪ੍ਰਸਤਾਵ ਪ੍ਰਤੀ ਭਾਰਤੀ ਰਾਜ-ਸੱਤਾ ਦੀ ਵਚਨਬੱਧਤਾ ਨੂੰ ਦੁਹਰਾਇਆ ਗਿਆ। ਸਾਲ 2012 ਵਿਚ ਕੀਤੀ ਗਈ ਸੋਧ ਇਕ ਕੌਮਾਂਤਰੀ ਸੰਸਥਾ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ.ਏ.ਟੀ.ਐਫ) ਕਾਰਨ ਹੋਈ ਸੀ। ਸਭ ਤੋਂ ਵੱਧ ਅਮੀਰ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਸਭ ਤੋਂ ਵੱਡੇ ਸ਼ੋਸ਼ਣ ਕਰਨ ਵਾਲੇ ਜੀ-7 ਦੇਸ਼ਾਂ ਦੇ ਗਰੁੱਪ ਵਲੋਂ ਸਾਲ 1989 ਵਿਚ ਇਸ ਦਾ ਗਠਨ ਕੀਤਾ ਗਿਆ ਸੀ। ਅਧਿਕਾਰਤ ਤੌਰ 'ਤੇ ਇਸ ਦਾ ਕੰਮ ਕਾਲੇ ਧਨ ਨੂੰ ਵਿਦੇਸ਼ੀ ਬੈਂਕਾਂ ਵਿਚ ਗ਼ੈਰਕਾਨੂੰਨੀ ਤੌਰ 'ਤੇ ਬਦਲਣ ਖ਼ਿਲਾਫ਼ ਕਾਰਵਾਈ ਕਰਨਾ ਸੀ, ਪਰ ਅਸਲ ਵਿਚ ਇਸ ਨੇ ਅਮਰੀਕਾ ਅਤੇ ਪੱਛਮੀ ਯੂਰਪੀ ਦੇਸ਼ਾਂ ਦੀਆਂ ਸਾਮਰਾਜਵਾਦੀ ਸ਼ਕਤੀਆਂ ਦੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਦੀ ਰੱਖਿਆ ਕੀਤੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੀ-7 1970ਵਿਆਂ ਦੇ ਅਖ਼ੀਰ 'ਚ ਹੋਂਦ ਵਿਚ ਆਇਆ ਸੀ ਅਤੇ ਇਸ ਨੇ ਨਵ-ਉਦਾਰਵਾਦੀ ਏਜੰਡੇ ਨੂੰ ਜ਼ੋਰ-ਸ਼ੋਰ ਨਾਲ ਲਾਗੂ ਕੀਤਾ ਸੀ। ਕਿਉਂਕਿ ਭਾਰਤ ਇਸ ਦਾ ਪੂਰਨ ਮੈਂਬਰ 2010 ਵਿਚ ਬਣਿਆ ਸੀ, ਇਸ ਲਈ ਇਸ ਦੇ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਨ ਲਈ ਇਹ ਸੋਧਾਂ ਕੀਤੀਆਂ ਗਈਆਂ ਸਨ।

ਸਾਲ 2004 ਵਿਚ ਧਾਰਾ 2(ਓ) 'ਗ਼ੈਰ-ਕਾਨੂੰਨੀ ਗਤੀਵਿਧੀਆਂ' ਦੀ ਸੂਚੀ ਵਿਚ ਇਕ ਨਵੀਂ ਗਤੀਵਿਧੀ 'ਜਿਹੜੀ ਭਾਰਤ ਖ਼ਿਲਾਫ਼ ਅਸੰਤੁਸ਼ਟਤਾ ਪੈਦਾ ਕਰਦੀ ਹੋਵੇ ਜਾਂ ਕਰਨ ਦੀ ਇੱਛਾ ਰੱਖਦੀ ਹੋਵੇ।' ਪਾ ਦਿੱਤੀ ਗਈ। ਅਜਿਹਾ ਨਾ ਤਾਂ ਬਿਨਾਂ ਸੋਧ ਵਾਲੇ ਯੂ.ਏ.ਪੀ.ਏ ਵਿਚ ਸੀ ਅਤੇ ਨਾ ਹੀ ਪੋਟਾ ਵਿਚ। ਸਾਲ 2004 ਵਿਚ ਪਾਬੰਦੀਸ਼ੁਦਾ ਸੰਗਠਨਾਂ ਦੀ ਗਿਣਤੀ ਪੋਟਾ ਵਿਚ 25 ਤੋਂ ਵਧਾ ਕੇ ਸਾਲ 2004 ਵਿਚ 32 ਕਰ ਦਿੱਤੀ ਗਈ। ਸਾਲ 2008 ਵਿਚ 'ਸੰਯੁਕਤ ਰਾਸ਼ਟਰ ਸੰਘ ਦੀ ਅਤਿਵਾਦ ਨੂੰ ਰੋਕਣ ਅਤੇ ਖ਼ਤਮ ਕਰਨ ਲਈ ਬਣਾਈ ਸੂਚੀ ਵਿਚ' ਸ਼ਾਮਲ ਸੰਗਠਨਾਂ ਨੂੰ ਪਾਬੰਦੀਸ਼ੁਦਾ ਸੰਗਠਨਾਂ ਦੀ ਸੂਚੀ ਵਿਚ ਪਾ ਦਿੱਤਾ ਗਿਆ। ਸਾਲ 2012 ਵਿਚ ਦੋ ਹੋਰ ਸੂਚੀਆਂ ਇਸ ਲਿਸਟ ਵਿਚ ਪਾ ਦਿੱਤੀਆਂ ਗਈਆਂ, ਜਿਹੜੀਆਂ ਵੱਖ-ਵੱਖ ਕੌਮਾਂਤਰੀ ਕਨਵੈਨਸ਼ਨਾਂ ਅਤੇ ਪ੍ਰੋਟੋਕਾਲ ਤੋਂ ਅਤੇ ਉੱਚ ਗੁਣਵੱਤਾ ਵਾਲੇ ਨਕਲੀ ਨੋਟਾਂ ਦੀ ਪਛਾਣ ਲਈ ਸੁਰੱਖਿਆ ਪ੍ਰਬੰਧ ਨਾਲ ਸਬੰਧਤ ਸੀ। ਇਸ ਤਰ੍ਹਾਂ ਇਸ ਸੂਚੀ ਨੂੰ ਅੰਤਹੀਨ ਬਣਾ ਦਿੱਤਾ ਗਿਆ। ਇਹ ਸੂਚੀਆਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ ਕਿ ਕਿਸੇ ਵੀ ਸੰਗਠਨ ਨੂੰ ਪਾਬੰਦੀਸ਼ੁਦਾ ਐਲਾਨ ਕਰਨ ਸਬੰਧੀ ਐਲਾਨ ਪੂਰੀ ਤਰ੍ਹਾਂ ਭਾਰਤੀ ਹਕੂਮਤਾਂ ਅਤੇ ਅਮਰੀਕਾ ਦੀ ਅਗਵਾਈ ਵਿਚ ਸਾਮਰਾਜਵਾਦੀ ਸ਼ਕਤੀਆਂ ਦੀ ਮਨਮਰਜ਼ੀ 'ਤੇ ਨਿਰਭਰ ਕਰਦੀ ਹੈ। ਕੇਂਦਰ ਸਰਕਾਰ ਬਿਨਾਂ ਸੰਸਦ ਦੇ ਇਜਲਾਸ 'ਤੇ ਕਿਸੇ ਤਰ੍ਹਾਂ ਦੀ ਚਰਚਾ ਕੀਤੇ, ਸਿਰਫ਼ ਇਕ ਨੋਟੀਫ਼ਿਕੇਸ਼ਨ ਜਾਰੀ ਕਰਦੇ ਹੋਏ ਇਨ੍ਹਾਂ ਦੋਵਾਂ ਸੂਚੀਆਂ ਵਿਚ ਆਸਾਨੀ ਨਾਲ ਸੋਧ ਕਰ ਸਕਦੀ ਹੈ। ਇਸ ਲਈ ਇਸ ਨੋਟੀਫ਼ਿਕੇਸ਼ਨ ਨੂੰ 'ਛੇਤੀ ਤੋਂ ਛੇਤੀ' ਸੰਸਦ ਦੇ ਸਾਹਮਣੇ ਰੱਖਿਆ ਜਾਵੇਗਾ, ਜਿਸ ਦਾ ਅਰਥ ਇਹ ਹੈ ਕਿ ਇਸ ਦੇ ਲਈ ਕੋਈ ਸਮਾਂ ਸੀਮਾ ਨਹੀਂ ਰੱਖੀ ਗਈ ਹੈ ਅਤੇ ਇਸ 'ਤੇ ਫ਼ੈਸਲਾ ਲੈਣ ਦਾ ਅਧਿਕਾਰ ਪੂਰੀ ਤਰ੍ਹਾਂ ਸਰਕਾਰ ਕੋਲ ਰਹੇਗਾ। ਦੂਜਾ ਚਿੰਤਾ ਦਾ ਵਿਸ਼ਾ ਇਹ ਹੈ ਕਿ ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੀ ਸੰਸਦ ਕਿੰਨੀ ਗੰਭੀਰ ਹੈ, ਇਨ੍ਹਾਂ ਨੋਟੀਫਿਕੇਸ਼ਨਾਂ ਨੂੰ ਬਿਨਾਂ ਕਿਸੇ ਬਹਿਸ ਦੇ ਸੰਸਦ ਵਿਚ ਸਵੀਕਾਰ ਕਰ ਲਿਆ ਜਾਵੇਗਾ। ਕਿਉਂਕਿ ਇਹ ਸੋਧ ਸੰਸਦ ਵਲੋਂ ਪਾਸ ਕੀਤੀ ਜਾ ਚੁੱਕੀ ਹੈ, ਇਸ ਦਾ ਅਰਥ ਇਹ ਹੈ ਕਿ ਆਪਣੇ ਵਿਵਹਾਰ ਪੱਖੋਂ ਇਸ ਨੇ ਖ਼ੁਦ ਆਪਣੇ-ਆਪ ਨੂੰ ਘਟਾ ਦੇਖਿਆ ਗਿਆ ਹੈ।

2012 ਵਿਚ ਸੋਧ ਦੇ ਨਾਲ ਕਿਸੇ ਸੰਸਥਾ ਨੂੰ, ਜਿਸ ਨੂੰ ਗ਼ੈਰਕਾਨੂੰਨੀ ਅਤੇ ਪਾਬੰਦੀਸ਼ੁਦਾ ਐਲਾਨਿਆ ਗਿਆ ਹੋਵੇ, ਉਨ੍ਹਾਂ ਦੀ ਮੁੜ ਸਮੀਖਿਆ ਦੀ ਸਮਾਂ ਸੀਮਾ ਨੂੰ ਵੀ ਦੋ ਸਾਲ ਤੋਂ ਵਧਾ ਕੇ ਪੰਜ ਸਾਲ ਕੀਤਾ ਗਿਆ ਹੈ। ਅਜਿਹਾ ਉਸ ਕੁਤਰਕ ਦੇ ਆਧਾਰ 'ਤੇ ਕੀਤਾ ਗਿਆ ਹੈ ਕਿ ਇਸ ਨਾਲ ਸਹੀ ਢੰਗ ਨਾਲ ਡਾਟਾ, ਖ਼ੁਫ਼ੀਆ ਜਾਣਕਾਰੀਆਂ, ਕੋਰਟ ਵਿਚ ਦਰਜ ਵੱਖ-ਵੱਖ ਕੇਸਾਂ ਦੀ ਸਥਿਤੀ ਬਾਰੇ ਨਵੀਨਤਮ ਜਾਣਕਾਰੀ, ਸੂਬਾ ਸਰਕਾਰ ਤੋਂ ਪੁਲੀਸ ਵਲੋਂ ਲਈ ਗਈ ਮਨਜ਼ੂਰੀ ਦੀ ਸਥਿਤੀ ਬਾਰੇ ਅੰਕੜੇ ਇਕੱਠੇ ਕਰਨ ਅਤੇ ਉਹਨਾਂ ਨੂੰ ਨੱਥੀ ਕਰਨ ਲਈ ਲੋੜੀਂਦਾ ਸਮਾਂ ਮਿਲ ਜਾਵੇਗਾ। ਇਕ ਹੋਰ ਕਾਰਨ ਹੈ ਕਿ ਪਾਬੰਦੀ ਦੇ ਪ੍ਰਸ਼ਾਸਕੀ ਖ਼ਰਚਿਆਂ ਦੀ ਕਟੌਤੀ ਵਿਚ ਮਦਦ ਕਰਨਾ। ਦੂਜੇ ਸ਼ਬਦਾਂ ਵਿਚ ਸਮਾਂ ਸੀਮਾ ਵਿਚ ਵਾਧਾ ਪੁਲੀਸ ਜਾਂ ਜਾਂਚ ਏਜੰਸੀਆਂ ਦੀ ਮਦਦ ਕਰਨ ਲਈ ਹੈ ਨਾ ਕਿ ਪਾਬੰਦੀਸ਼ੁਦਾ ਸੰਗਠਨਾਂ ਦੀ। ਸਭ ਤੋਂ ਵਧ ਇਹ ਜਮਹੂਰੀ ਅਧਿਕਾਰਾਂ ਦੀ ਘਿਣਾਉਣਾ ਉਲੰਘਣ ਹੈ ਕਿ ਸਰਕਾਰ ਪਹਿਲਾਂ ਤਾਂ ਕਿਸੇ ਸੰਗਠਨ ਨੂੰ ਪਾਬੰਦੀਸ਼ੁਦਾ ਕਰ ਦੇਵੇ ਅਤੇ ਬਾਅਦ ਵਿਚ ਇਸ ਨੂੰ ਪ੍ਰਮਾਣਿਤ ਕਰਨ ਲਈ ਕਾਰਨਾਂ ਦੀ ਤਲਾਸ਼ ਕਰੇ। ਕਿਸੇ ਵੀ ਸੰਸਥਾ ਲਈ ਨਿਰਦੋਸ਼ ਸਾਬਤ ਕਰਨਾ ਲਗਭਗ ਅਸੰਭਵ ਹੈ, ਕਿਉਂਕਿ ਕਿਸੇ ਟ੍ਰਿਬਿਊਨਲ ਜਾਂ ਸੁਪਰੀਮ ਕੋਰਟ ਦੇ ਸਾਹਮਣੇ ਪ੍ਰਾਰਥਨਾ ਕਰਨ ਤੋਂ ਇਲਾਵਾ ਹਰੇਕ ਗਤੀਵਿਧੀ ਨੂੰ 'ਗ਼ੈਰ-ਕਾਨੂੰਨੀ' ਮੰਨਿਆ ਜਾਵੇਗਾ। ਇਸ ਲਈ ਉਹ ਪਾਬੰਦੀ ਦਾ ਮਜ਼ਬੂਤੀ ਨਾਲ ਵਿਰੋਧ ਕਰਨ ਲਈ ਜਨਤਾ ਦੀ ਰਾਇ ਨੂੰ ਆਪਣੇ ਪੱਖ ਵਿਚ ਕਰਨ ਦਾ ਕੰਮ ਨਹੀਂ ਕਰ ਸਕਦੇ। ਮੁੜ ਕਿਸੇ ਟ੍ਰਿਬਿਊਨਲ ਦਾ ਗਠਨ ਕਰਨਾ, ਉਸੇ ਸਰਕਾਰ ਦਾ ਵਿਸ਼ੇਸ਼ ਅਧਿਕਾਰ ਹੈ, ਜਿਸ ਨੇ ਪਾਬੰਦੀ ਲਾਈ ਹੈ। ਜੇਕਰ ਉਹ ਟ੍ਰਿਬਿਊਨਲ ਪਾਬੰਦੀ ਨੂੰ ਗ਼ੈਰਕਾਨੂੰਨੀ ਐਲਾਨ ਕਰ ਵੀ ਦਿੰਦਾ ਹੈ ਤਾਂ ਸੁਪਰੀਮ ਕੋਰਟ ਇਸ ਫ਼ੈਸਲੇ ਨੂੰ ਪਲਟ ਦਿੰਦੀ ਹੈ। ਸਿੰਮੀ 'ਤੇ ਪਾਬੰਦੀ ਦਾ ਮਾਮਲਾ ਇਸ ਦਾ ਜਿਉਂਦਾ ਜਾਗਦਾ ਉਦਾਹਰਨ ਹੈ। ਸਿੰਮੀ 'ਤੇ ਪਾਬੰਦੀ ਦੀ ਸੁਣਵਾਈ ਦੇ ਚੌਥੇ ਮੌਕੇ 'ਤੇ ਸਾਲ 2008 ਵਿਚ ਜਸਟਿਸ ਗੀਤਾ ਮਿੱਤਲ ਨੇ ਪਾਬੰਦੀ ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ। ਇਸ ਨੂੰ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਅਤੇ ਦੇਸ਼ ਦੀ ਸੁਪਰੀਮ ਕੋਰਟ ਨੇ ਉਸ ਫ਼ੈਸਲੇ ਨੂੰ ਪਲਟ ਦਿੱਤਾ। ਸਰਕਾਰ ਅਤੇ ਸਰਵਉੱਚ ਅਦਾਲਤ ਦੀ ਇੱਛਾ ਸਪਸ਼ਟ ਸੀ, ਕਿਉਂਕਿ ਸਿੰਮੀ ਵਲੋਂ ਪਹਿਲਾਂ ਤੋਂ ਤਿੰਨ ਪਾਬੰਦੀਆਂ ਖ਼ਿਲਾਫ਼ ਦਾਇਰ ਪਟੀਸ਼ਨਾਂ ਸਾਲ 2008 ਤੱਕ ਸੁਪਰੀਮ ਕੋਰਟ ਕੋਲ ਲਮਕੀਆਂ ਪਈਆਂ ਸਨ।

ਸਾਲ 2012 ਵਿਚ ਸੋਧ ਤੋਂ ਬਾਅਦ ਧਾਰਾ 2 (ਈ, ਏ) ਜੋੜ ਦਿੱਤਾ ਗਿਆ, ਜਿਸ ਵਿਚ ਇਹ ਸ਼ਬਦ ਸ਼ਾਮਲ ਹਨ, 'ਲੋਕਾਂ ਦੀ ਸੰਸਥਾ ਜਾਂ ਵਿਅਕਤੀਆਂ ਦਾ ਗਰੁੱਪ, ਚਾਹੇ ਉਹ ਸੰਗਠਿਤ ਹੋਵੇ ਜਾਂ ਨਾ ਹੋਵੇ'। ਇਨ੍ਹਾਂ ਸੋਧਾਂ ਦੀ ਵਜ੍ਹਾ ਨਾਲ ਕਿਸੇ ਸੰਸਥਾ ਦਾ ਅਰਥ ਇਸ ਹੱਦ ਤੱਕ ਵਿਆਪਕ ਹੋ ਗਿਆ ਹੈ ਕਿ ਤਿੰਨ-ਚਾਰ ਵਿਅਕਤੀਆਂ ਦਾ ਕੋਈ ਵੀ ਗਰੁੱਪ 'ਗ਼ੈਰ-ਕਾਨੂੰਨੀ' ਐਲਾਨਿਆ ਜਾ ਸਕਦਾ ਹੈ। ਘਰੇਲੂ ਮਾਮਲਿਆਂ 'ਤੇ ਕੇਂਦਰ ਸਰਕਾਰ ਦੀ ਸਟੈਂਡਿੰਗ ਕਮੇਟੀ ਨੇ ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਇਸ ਨਾਲ ਨਿਰਦੋਸ਼ ਲੋਕਾਂ ਦੇ ਉਤਪੀੜਨ ਦੀ ਸੰਭਾਵਨਾ ਵਧਦੀ ਹੈ, ਕਿਉਂਕਿ ਇਹ ਧਾਰਾ ਨਾਲ ਸਬੰਧਤ ਜਾਂਚ ਅਧਿਕਾਰੀ ਨੂੰ ਵਧ ਅਧਿਕਾਰ ਦੇ ਦਿੰਦਾ ਹੈ। ਕਮੇਟੀ ਨੂੰ ਡਰ ਸੀ ਕਿ ਟਰੇਡ ਯੂਨੀਅਨਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਸਕਦਾ ਹੈ। ਇਸ ਵਿਚ ਮਜ਼ਦੂਰਾਂ ਦੀਆਂ ਯੂਨੀਅਨਾਂ, ਕਲੱਬ ਐਸੋਸੀਏਸ਼ਨ, ਫੁੱਟਬਾਲ ਐਸੋਸੀਏਸ਼ਨ ਆਦਿ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਪਰ ਸਟੈਂਡਿੰਗ ਕਮੇਟੀ ਨੂੰ ਇਨ੍ਹਾਂ ਸੋਧਾਂ ਦੇ ਪ੍ਰਭਾਵਾਂ ਦੀ ਸਮੀਖਿਆ ਕਰਨ ਦੇ ਪ੍ਰਸਤਾਵ 'ਤੇ ਭੋਰਾ ਵੀ ਨਹੀਂ ਸੋਚਿਆ। ਯੂ.ਏ.ਪੀ ਬਿੱਲ 2011 ਨੂੰ ਘਰੇਲੂ ਮਾਮਲਿਆਂ ਦੀ ਸਟੈਂਡਿੰਗ ਕਮੇਟੀ ਕੋਲ ਭੇਜਣ ਦੀ ਪੂਰੀ ਕਵਾਇਦ ਮਾਤਰ ਇਕ ਢਕੌਂਸਲਾ ਸਾਬਤ ਹੋਈ ਹੈ।

ਸੈਕਸ਼ਨ 15 ਜਿਹੜਾ ਅਤਿਵਾਦੀ ਗਤੀਵਿਧੀਆਂ ਲਈ ਸਜ਼ਾ ਨਾਲ ਸਬੰਧਤ ਹੈ, ਪੋਟਾ ਤੋਂ ਲਿਆ ਗਿਆ ਹੈ। ਇਸ ਨੂੰ ਸਾਲ 2004 ਵਿਚ ਯੂ.ਏ.ਪੀ.ਏ ਵਿਚ ਪਾ ਦਿੱਤਾ ਗਿਆ ਅਤੇ ਸਾਲ 2008 ਵਿਚ ਇਸ ਵਿਚ ਹੋਰ ਚੀਜ਼ਾਂ ਜੋੜ ਦਿੱਤੀਆਂ ਗਈਆਂ। ਸਾਲ 2012 ਵਿਚ 'ਆਰਥਕ ਸੁਰੱਖਿਆ' ਸ਼ਬਦਾਂ ਨੂੰ ਅਤੇ 'ਭਾਰਤ ਦੀ ਏਕਤਾ, ਅਖੰਡਤਾ, ਸੁਰੱਖਿਆ ਅਤੇ ਪ੍ਰਭੂਸੱਤਾ ਲਈ ਖ਼ਤਰਾ ਹੋਣ ਜਾਂ ਉਸ ਦੀ ਸੰਭਾਵਨਾ ਹੋਣ' ਸ਼ਬਦ ਨਾਲ ਜੋੜ ਦਿੱਤਾ ਗਿਆ ਹੈ। ਜਿਸ ਦਾ ਅਰਥ ਹੈ ਕਿ ਕੋਈ ਵੀ ਚੀਜ਼, ਜਿਸ ਨਾਲ ਭਾਰਤ ਦੀ ਅਰਥਵਿਵਸਥਾ ਅਸਥਿਰ ਹੁੰਦੀ ਹੋਵੇ, ਉਸ ਨੂੰ ਗ਼ੈਰਕਾਨੂੰਨੀ ਗਤੀਵਿਧੀ' ਅਤੇ 'ਅਤਿਵਾਦੀ ਕਾਰਵਾਈ' ਮੰਨਿਆ ਜਾ ਸਕਦਾ ਹੈ। ਇਸ ਦੇ ਤਹਿਤ ਉੱਚ




ਗੁਣਵੱਤਾ ਵਾਲੇ ਨਕਲੀ ਨੋਟ ਬਣਾਉਣ ਅਤੇ ਵੰਡਣ ਨੂੰ ਅਪਰਾਧਕ ਐਲਾਨਣ ਲਈ ਇਸ ਵਿਚ ਹੋਰ ਸੋਧ ਕੀਤੀ ਗਈ ਹੈ, ਜਦੋਂਕਿ ਇਹ ਕਾਰਵਾਈਆਂ ਪਹਿਲਾਂ ਹੀ ਧਾਰਾ 489 ਬੀ, 489ਸੀ, 489ਡੀ ਦੇ ਤਹਿਤ ਕਵਰ ਹੋ ਜਾਂਦੀਆਂ ਹਨ। ਤਜਰਬਾ ਦਰਸਾਉਂਦਾ ਕਿ ਜਦੋਂ ਇਕ ਹੀ ਤਰ੍ਹਾਂ ਦੀ ਵਿਵਸਥਾ ਅਤਿਵਾਦ ਰੋਕੂ ਕਾਨੂੰਨ ਅਤੇ ਆਈ.ਪੀ.ਸੀ ਦੋਵਾਂ ਵਿਚ ਹੁੰਦੀ ਹੈ ਤਾਂ ਪੁਲੀਸ ਨੂੰ ਅਤਿਵਾਦ ਰੋਕੂ ਕਾਨੂੰਨ ਦੇ ਤਹਿਤ ਮਾਮਲੇ ਦਰਜ ਕਰਨ ਦਾ ਰੁਝਾਨ ਰਹਿੰਦਾ ਹੈ। ਇਸ ਦਾ ਅਰਥ ਹੋਇਆ ਕਿ ਸੁਰੱਖਿਆ ਬਲਾਂ ਨੂੰ ਵੱਧ ਸ਼ਕਤੀਆਂ ਦਿੱਤੀਆਂ ਗਈਆਂ ਹਨ ਅਤੇ ਮੁਲਜ਼ਮ ਕੋਲ ਬਚਾਅ ਦੇ ਘੱਟ ਉਪਾਅ ਰਹਿ ਗਏ ਹਨ। ਬਚਾਅ ਦੇ ਉਪਾਵਾਂ ਦੇ ਸੰਦਰਭ ਵਿਚ, ਗ੍ਰਹਿ ਸਕੱਤਰ ਨੇ ਸਟੈਂਡਿੰਗ ਕਮੇਟੀ ਨੂੰ ਦੱਸਿਆ ਕਿ 'ਅਜਿਹੀ ਵਿਵਸਥਾ ਹੈ ਕਿ ਜੇਕਰ ਕੋਈ ਵਿਅਕਤੀ, ਜਾਂ ਸੰਸਥਾ ਜਾਂ ਕੰਪਨੀ ਦਾ ਵਿਅਕਤੀ ਅਤਿਵਾਦ ਨਾਲ ਜੁੜਿਆ ਹੋਇਆ ਨਹੀਂ ਹੈ, ਉਹ ਇਸ ਮਕਸਦ ਲਈ ਸਬੂਤ ਪੇਸ਼ ਕਰ ਸਕਦਾ ਹੈ ਕਿ ਉਹ ਇਨ੍ਹਾਂ ਗਤੀਵਿਧੀਆਂ ਵਿਚ ਸ਼ਾਮਲ ਨਹੀਂ ਹੈ। ਇਹ ਹੈ ਬਚਾਅ ਦਾ ਰਸਤਾ। ਉਹ ਸਬੂਤ ਪੇਸ਼ ਕਰ ਸਕਦਾ ਹੈ ਕਿ ਉਹ ਇਨ੍ਹਾਂ ਨਾਲ ਜੁੜਿਆ ਹੋਇਆ ਨਹੀਂ ਹੈ।' ਕੁੱਝ ਗ਼ਲਤੀਆਂ ਨੂੰ ਸਵੀਕਾਰ ਕਰਨ ਦੇ ਬਾਵਜੂਦ ਗ੍ਰਹਿ ਸਕੱਤਰ ਦਾ ਹਾਲੇ ਵੀ ਇਹੋ ਮੰਨਣਾ ਹੈ ਕਿ ਨਿਰਦੋਸ਼ ਸਾਬਤ ਕਰਨ ਦੀ ਜ਼ਿੰਮੇਵਾਰੀ ਖ਼ੁਦ ਮੁਲਜ਼ਮ ਦੀ ਹੈ। ਉਹ ਹਾਲੇ ਵੀ ਇਸ ਗੱਲ 'ਤੇ ਅੜਿਆ ਹੈ ਕਿ ਜੇਕਰ ਕੋਈ ਵਿਅਕਤੀ ਨਿਰਦੋਸ਼ ਹੈ ਤਾਂ ਉਸ ਨੂੰ ਇਸ ਗੱਲ ਦਾ ਸਬੂਤ ਲਿਆਉਣਾ ਚਾਹੀਦਾ ਹੈ ਅਤੇ ਇਸ ਨੂੰ ਅਦਾਲਤ ਦੇ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਅਖ਼ੀਰ ਬਚਾਅ ਦਾ ਰਸਤਾ ਇਹ ਹੋਇਆ ਕਿ ਕਾਨੂੰਨ ਤੁਹਾਨੂੰ ਦੋਸ਼ੀ ਮੰਨੇਗਾ, ਜਦੋਂ ਤੱਕ ਕਿ ਮੁਲਜ਼ਮ ਖ਼ੁਦ ਨੂੰ ਨਿਰਦੋਸ਼ ਸਾਬਤ ਨਹੀਂ ਕਰ ਦਿੰਦਾ।

ਦੁਖਦਾਈ ਪਹਿਲੂ ਇਹ ਹੈ ਕਿ ਸਾਲ 2012 ਵਿਚ ਇਹ ਸਾਰੀਆਂ ਸੋਧਾਂ ਸੂਬਾ ਸਰਕਾਰਾਂ ਨੂੰ ਸੂਚਿਤ ਕੀਤੇ ਬਿਨਾਂ ਪਾਸ ਕੀਤੀਆਂ ਗਈਆਂ। ਕਮੇਟੀ ਵਲੋਂ ਪੁੱਛੇ ਜਾਣ 'ਤੇ ਕਿ ਕੀ ਬਿੱਲ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਸੂਬਾ ਸਰਕਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਸੀ? ਗ੍ਰਹਿ ਸਕੱਤਰ ਨੇ ਨਾਂਹਪੱਖੀ ਜਵਾਬ ਦਿੱਤਾ ਕਿ ਉਸ ਨੂੰ ਨਹੀਂ ਲੱਗਦਾ ਕਿ ਅਜਿਹਾ ਕੁੱਝ ਹੋਇਆ ਸੀ। ਕਿਉਂਕਿ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ(ਐਫ.ਏ.ਟੀ.ਐਫ) ਵਲੋਂ ਉਠਾਏ ਕਈ ਮੁੱਦੇ ਕੇਂਦਰ ਸਰਕਾਰ ਨਾਲ ਸਬੰਧਤ ਹਨ। ਅਫ਼ਸਰਸ਼ਾਹਾਂ ਅਤੇ ਕੇਂਦਰ ਸਰਕਾਰ ਦੇ ਦਿਲਾਂ ਵਿਚ ਭਾਰਤੀ ਨੀਤੀ ਦੇ ਸੰਘੀ ਚਰਿੱਤਰ ਪ੍ਰਤੀ ਰੱਤੀ ਭਰ ਵੀ ਆਦਰਭਾਵ ਨਹੀਂ ਹੈ। ਅਸਲ ਵਿਚ ਕੁੱਝ ਕਾਰਵਾਈਆਂ ਨੂੰ ਅਤਿਵਾਦੀ ਕਾਰਵਾਈਆਂ ਐਲਾਨ ਕਰਦੇ ਹੋਏ ਇਹ ਸ਼ਕਤੀਆਂ ਦੇ ਕੇਂਦਰੀਕਰਨ ਦਾ ਇਕ ਹੋਰ ਯਤਨ ਹੈ। ਉਹ ਇਨ੍ਹਾਂ ਵੀ ਜ਼ਰੂਰੀ ਨਹੀਂ ਸਮਝਦੇ ਕਿ ਇਸ ਵਿਸ਼ੇ 'ਤੇ ਸੂਬਾ ਸਰਕਾਰਾਂ ਨਾਲ ਗੱਲਬਾਤ ਕੀਤੀ ਜਾਵੇ। ਇਹ ਵੀ ਉਨ੍ਹਾਂ ਹੀ ਸੱਚ ਹੈ ਕਿ ਸੂਬਾ ਸਰਕਾਰਾਂ ਵੀ ਇਨ੍ਹਾਂ ਵਿਸ਼ਿਆਂ ਨੂੰ ਲੈ ਕੇ ਰੱਤੀ ਭਰ ਵੀ ਗੰਭੀਰ ਨਹੀਂ, ਕਿਉਂਕਿ ਸਿਰਫ਼ ਇਕ ਸੂਬਾ (ਕਰਨਾਟਕ) ਅਤੇ ਕੇਂਦਰੀ ਸ਼ਾਸਿਤ ਰਾਜ (ਦਮਨ ਅਤੇ ਦੀਊ) ਨੇ ਹੀ ਸਟੈਂਡਿੰਗ ਕਮੇਟੀ ਵਲੋਂ ਸੋਧਾਂ ਦੀ ਸਮੀਖਿਆ ਕਰਨ ਦੇ ਮਾਮਲੇ ਵਿਚ ਵਿਚਾਰ ਪੇਸ਼ ਕਰਨ ਦੇ ਸੱਦੇ ਪ੍ਰਤੀ ਰੁਚੀ ਦਿਖਾਈ ਸੀ। ਉਨ੍ਹਾਂ ਨੇ ਵੀ ਇਨ੍ਹਾਂ ਸੋਧਾਂ ਦੇ ਪੱਖ ਵਿਚ ਆਪਣੇ ਵਿਚਾਰ ਰੱਖੇ ਸਨ। ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ) ਦੇ ਗਠਨ ਅਤੇ ਨੈਸ਼ਨਲ ਕੌਂਟਰ ਟੈਰੇਰਿਜ਼ਮ ਸੈਂਟਰ(ਐਨ.ਸੀ.ਟੀ.ਸੀ) ਦੇ ਗਠਨ ਲਈ ਜ਼ਬਰਦਸਤ ਯਤਨਾਂ ਦਾ ਮਕਸਦ ਵੀ ਕੇਂਦਰ ਦੇ ਹੱਥ ਵਿਚ ਅਸੀਮਿਤ ਸ਼ਕਤੀਆਂ ਸੌਂਪਣਾ ਹੈ ਤਾਂ ਕਿ ਸੂਬਿਆਂ ਦੇ ਦਿਨ ਪ੍ਰਤੀਦਿਨ ਦੇ ਮਾਮਲਿਆਂ ਵਿਚ ਵੀ ਦਖ਼ਲ-ਅੰਦਾਜ਼ੀ ਕੀਤੀ ਜਾ ਸਕੇ। ਇਹ ਕੇਂਦਰੀ ਕਾਨੂੰਨ ਅਤੇ ਸੰਸਥਾਵਾਂ ਭਾਰਤੀ ਯੂਨੀਅਨ ਦੇ ਸੰਘੀ ਚਰਿੱਤਰ ਦੇ ਖੋਖਲੇਪਣ ਦਾ ਪਰਦਾਫਾਸ਼ ਕਰਦੇ ਹਨ।

(ਬਾਕੀ ਅਗਲੇ ਅੰਕ 'ਚ)




# ਸਰਕਾਰਾਂ 'ਚ ਵਿਦਿਆ ਪ੍ਰਤੀ ਸੋਚ ਵਿਚ ਆਈ ਤਬਦੀਲੀ ਨੂੰ ਸਮਝਣ ਦਾ ਮਸਲਾ

**ਨਾਹਰ ਸਿੰਘ ਔਜਲਾ**

ਟੋਰੀ ਪਾਰਟੀ ਨੇ ਪ੍ਰੇਸ ਕਾਨਫਰੰਸ ਕਰਕੇ ਆਪਣਾ ਵਾਈਟ ਪੇਪਰ ਜਾਰੀ ਕਰਦਿਆਂ ਕਿਹਾ ਕਿ ਪੋਸਟ ਸਕੈਂਡਰੀ ਐਜੁਕੇਸ਼ਨ ਪ੍ਰਾਪਤ ਕਰਨ ਤੋਂ ਬਾਅਦ ਉਹਨਾਂ ਵਿਦਿਆਰਥੀਆਂ ਨੂੰ ਹੀ ਸਰਕਾਰੀ ਲੋਨ ਮਿਲਣਾ ਚਾਹੀਦਾ ਹੈ ਜੋ ਚੰਗੇ ਨੰਬਰ ਲੈ ਕੇ ਪਾਸ ਹੁੰਦੇ ਹਨ। ਇਸ ਵਾਈਟ ਪੇਪਰ ਚ ਇਹ ਵੀ ਕਿਹਾ ਕਿ ਬਿਨਾਂ ਕਿਸੇ ਰੋਕ ਟੋਕ ਤੋਂ ਜਦੋਂ ਬਹੁਤ ਸਾਰੇ ਵਿਦਿਆਰਥੀ ਕਾਲਜਾ ਤੇ ਯੁਨੀਵਰਸਿਟੀਆਂ ਚ ਦਾਖਲਾ ਲੈ ਲੈਂਦੇ ਹਨ ਉਸ ਨਾਲ ਕਲਾਸਾਂ ਦਾ ਸ਼ਾਈਜ਼ ਵੱਡਾ ਹੁੰਦਾਂ ਹੈ ਜਿਸ ਕਾਰਨ ਗੁਣਾਤਮਿਕ ਐਜੁਕੇਸ਼ਨ ਨੂੰ ਢਾਹ ਲੱਗਦੀ ਹੈ ਅਤੇ ਹੋਰ ਆਰਜ਼ੀ ਇੰਸਟਰੱਕਟਰ ਰੱਖਣ ਕਾਰਨ ਬਜ਼ਟ ਖਰਚਿਆਂ ਚ ਵੀ ਵਾਧਾ ਹੁੰਦਾਂ ਹੈ। ਉਨ੍ਹਾਂ ਲਿਬਰਲ ਸਰਕਾਰ ਦੀ ਪਾਲਿਸੀ ਨੂੰ ਗ਼ਲਤ ਦੱਸਦਿਆਂ ਕਿਹਾ ਕਿ ਇੰਨਕਮ ਦੇ ਅਧਾਰ ਤੇ ਦਿੱਤੀ ਜਾਂਦੀ ਸਰਕਾਰੀ ਗਰਾਂਟ ਮੁਤਾਬਕ ਬਹੁਤ ਸਾਰੇ ਸਧਾਰਨ ਬੁੱਧੀ ਰੱਖਣ ਵਾਲੇ ਵਿਦਿਆਰਥੀ ਵੀ ਇਸ ਦਾ ਫਾਇਦਾ ਉਠਾਉਂਦੇ ਹਨ ਜਦੋਂ ਕਿ ਚਾਹੀਦਾ ਇਹ ਹੈ ਕਿ ਗਰਾਂਟ ਲੈਣ ਵਾਲਾ ਵਿਦਿਆਰਥੀ ਕਿਸੇ ਘੱਟੋ ਘੱਟ ਵਿਦਿਅਕ ਯੋਗਤਾ ਦਾ ਪ੍ਰਗਟਾਵਾ ਜਰੂਰ ਕਰੇ। ਉਹ ਵਿਦਿਆਰਥੀ ਜਿਹੜੇ ਪੜ੍ਹਾਈ 'ਚ ਹੁਸ਼ਿਆਰ ਹਨ ਪਰ ਉਚੇਰੀ ਵਿਦਿਆ ਲਈ ਖਰਚੇ ਨਹੀਂ ਦੇ ਸਕਦੇ ਉਨ੍ਹਾਂ ਨੂੰ ਸਰਕਾਰੀ ਗਰਾਂਟਾ ਦਾ ਫਾਇਦਾ ਮਿਲਣਾ ਚਾਹੀਦਾ ਹੈ। ਟੋਰੀ ਪਾਰਟੀ ਦੇ ਐਮ ਪੀ ਪੀ ਬੌਬ ਲਿਉਨ ਨੇ ਵਾਈਟ ਪੇਪਰ ਦੁਆਰਾ ਇਹ ਗੱਲ ਵੀ ਆਖੀ ਕਿ ਸਰਕਾਰੀ ਗਰਾਂਟ ਪ੍ਰਾਪਤ ਕਰਨ ਵਾਲੇ ਸਟੂਡੈਂਟਸ ਨੂੰ ਕਾਲਜਾਂ ਯੂਨੀਵਰਸਿਟੀਆਂ ਚ ਬਣਨ ਵਾਲੀਆਂ ਸਟਡੈਂਟਸ ਯੂਨੀਅਨਾਂ ਵਿੱਚ ਵੀ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਟਰੇਨਿੰਗ ਅਤੇ ਕਾਲਜ਼ ਯੂਨੀਵਰਸਿਟੀਜ਼ ਦੇ ਮਨਿਸ਼ਟਰ ਬਰੇਡ ਡੁਗਿਡ ਨੇ ਇਸ ਵਾਈਟ ਪੇਪਰ ਦੁਆਰਾ ਕੀਤੀਆਂ ਸਿਫਾਰਸਾਂ ਨੂੰ ਪੜਚੋਲ ਕਰਨ ਦੀ ਗੱਲ ਆਖੀ ਹੈ ਤੇ ਉਨ੍ਹਾਂ ਇਹ ਵੀ ਆਖਿਆ ਕਿ ਇਨਕਮ ਦੇ ਅਧਾਰ ਤੇ ਦਿੱਤੀ ਜਾਂਦੀ ਗਰਾਂਟ ਨੂੰ ਬੰਦ ਨਹੀਂ ਕੀਤਾ ਜਾਵੇਗਾ। ਐਨ ਡੀ ਪੀ ਦੇ ਐਮ ਪੀ ਪੀ ਗਾਇਲਜ਼ ਬੀਸੋਨ ਨੇ ਕਿਹਾ ਹੈ ਕਿ ਉਹ ਇਸ ਗੱਲ ਨਾਲ ਸਹਿਮਤ ਨਹੀਂ ਹਨ ਕਿ ਵਿਦਿਆਰਥੀਆਂ ਨੂੰ ਮਿਲਣ ਵਾਲੀ ਸਰਕਾਰੀ ਗਰਾਂਟ ਨੂੰ ਨੰਬਰਾਂ ਨਾਲ ਨੱਥੀ ਕੀਤਾ ਜਾਵੇ, ਇਸ ਨਾਲ ਮਿਡਲ ਕਲਾਸ ਤੇ ਗਰੀਬ ਲੋਕਾਂ ਨਾਲ ਧੱਕਾ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਮਾਜ਼ ਵਿੱਚ ਬਹੁਤ ਸਾਰੇ ਸਫ਼ਲ ਵਿਅਕਤੀ ਉਹ ਵੀ ਹਨ ਜਿਹੜੇ ਕਾਲਜਾਂ ਯੂਨੀਵਰਸਿਟੀਆਂ ਚ ਇੰਨੇ ਚੰਗੇ ਨਹੀਂ ਵੀ ਹੁੰਦੇ। ਉਨ੍ਹਾਂ ਆਈਨਸਟਾਈਨ ਦੀ ਉਦਾਹਰਣ ਦਿੰਦਿਆਂ ਆਖਿਆ ਕਿ ਉਹ ਵੀ ਯੂਨੀਵਰਸਿਟੀ ਦੇ ਪਹਿਲੇ ਸਾਲ ਗਣਿਤ ਚੋਂ ਫੇਲ ਹੋ ਗਏ ਸਨ। ਪੱਤਰਕਾਰੀ ਦੇ ਖੇਤਰ ਚ ਜਾਣੀ ਪਹਿਚਾਣੀ ਸਖਸ਼ੀਅਤ ਸਤਪਾਲ ਜੌਹਲ ਨੇ ਇਸ ਵਿਸੇ ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਟੋਰੀ ਪਾਰਟੀ ਦੀ ਇਸ ਨਵੀਂ ਪਾਲਿਸੀ ਨਾਲ ਪੜ੍ਹੇ ਲਿਖੇ ਵਿਦਿਆਰਥੀ ਨਹੀਂ ਸਗੋਂ ਕਿਤਾਬੀ ਕੀੜੇ ਪੈਦਾ ਕਰਨ ਵਾਲੀ ਗੱਲ ਹੋਵੇਗੀ। ਪੜ੍ਹਾਈ ਨਾਲ ਬੱਚੇ ਗਿਆਨ ਪ੍ਰਾਪਤ ਕਰਦੇ ਹਨ, ਅਜ਼ਾਦ ਸੋਚ ਗ੍ਰਹਿਣ ਕਰਦੇ ਹਨ, ਜ਼ਿਦਗੀ ਚ ਪ੍ਰੈਕਟੀਕਲ ਟਰੈਨਿੰਗ ਲੈ ਕੇ ਅੱਗੇ ਵਧਦੇ ਹਨ। ਉਹ ਇਸ ਗੱਲ ਦੇ ਹੱਕ ਵਿੱਚ ਨਹੀਂ ਹਨ ਕਿ ਸਰਕਾਰੀ ਗਰਾਂਟ ਨੂੰ ਅੱਵਲ ਨੰਬਰਾਂ ਵਾਲੀ ਪਾਲਿਸੀ ਨਾਲ ਜੋੜਿਆ ਜਾਵੇ।

ਹਕੀਕਤ ਇਹ ਹੈ ਕਿ ਵਿਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਇਹ ਕੋਈ ਵੇਚਣ ਅਤੇ ਖਰੀਦਣ ਵਾਲੀ ਵਸਤੂ ਨਹੀਂ ਹੈ। ਸਮੁੱਚੀ ਦੁਨੀਆ ਦੀ ਤਰੱਕੀ ਇਸ ਤੀਸਰੇ ਨੇਤਰ ਰਾਹੀਂ ਹੋਈ ਹੈ। ਇਸ ਨੂੰ ਬਚਾਉਣਾ ਸਾਡੇ ਸਾਰਿਆਂ ਦਾ ਫਰਜ਼ ਹੈ। ਇਹ ਕੋਈ ਜਿਣਸ ਨਹੀਂ ਜਿਸ ਦਾ ਮੰਡੀ ਵਿਚ ਮੁੱਲ ਪਾਇਆ ਜਾ ਸਕੇ। ਇਹ ਮਨੁੱਖ ਅੰਦਰ ਛੁਪੀਆਂ ਵੱਖ-ਵੱਖ ਸ਼ਕਤੀਆਂ ਨੂੰ ਬਾਹਰ ਕੱਢਣ ਦਾ ਜ਼ਰੀਆ ਹੈ। ਇਸ ਕਰਕੇ ਇਕ ਆਵਾਜ਼ ਵਿਚ ਇਹ ਗੱਲ ਵਿਕਸਿਤ ਕਰਨੀ ਚਾਹੀਦੀ ਹੈ ਕਿ ਹਰ ਇਕ ਲਈ ਵਧੀਆ ਅਤੇ ਬਰਾਬਰ ਦੀ ਸਿੱਖਿਆ ਸਾਂਝੇ ਸਕੂਲਾਂ ਅਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਰਾਹੀਂ ਦੇਣ ਦੀ ਸਰਕਾਰ ਡਿਊਟੀ ਨਿਭਾਵੇ।









# ਕੈਲਗਰੀ 'ਚ ਗ਼ਦਰ ਸ਼ਤਾਬਦੀ ਸਾਂਝੀ ਕਮੇਟੀ ਦਾ ਗਠਨ ਅਤੇ ਗਦਰ ਲਹਿਰ ਦਾ ਇਤਿਹਾਸਕ ਕੈਲੰਡਰ ਜਾਰੀ



- ਮਾ.ਭਜਨ ਸਿੰਘ ਗਿੱਲ -

ਗ਼ਦਰ ਲਹਿਰ ਕੌਮਾਂਤਰੀ ਪੈਮਾਨੇ 'ਤੇ ਆਪਣੀ ਵਿਲੱਖਣਤਾ ਕਰਕੇ ਜਾਣੀ ਜਾਂਦੀ ਹੈ ਕਿਉਂਕਿ ਇਸ ਲਹਿਰ ਨੇ 20ਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਹਰੇਕ ਧਰਮ, ਨਸਲ ਅਤੇ ਫਿਰਕੇ ਦੇ ਹਿੱਸੇ ਨੂੰ ਆਪਣੀ ਬਲਗਣ ਵਿਚ ਲਿਆ ਸੀ ਅਤੇ ਇਕ ਸਪਸ਼ਟ ਪ੍ਰਤੀਬੱਧਤਾ, ਸਪਸ਼ਟ ਟੀਚਾ ਅਤੇ ਸਪਸ਼ਟ ਭਵਿੱਖ ਦੀ ਦਿਸ਼ਾ ਤੈਅ ਕਰਨ ਵੱਲ ਨੂੰ ਆਪਣੇ ਵਿਚਾਰਾਂ ਅਤੇ ਆਪਣੇ ਆਪ ਨੂੰ ਸੇਧਿਤ ਕੀਤਾ ਸੀ। ਅਜਿਹੀ ਲਹਿਰ ਦੀ ਪ੍ਰਸੰਗਿਤਾ ਨੂੰ ਅਜੋਕੇ ਸਮਿਆਂ ਵਿਚ ਉਭਾਰਨਾ ਅਤੇ ਉਸ ਵਿਚੋਂ ਮੁੱਲਵਾਨ ਵਿਚਾਰ ਹਾਸਲ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਇਸ ਕਾਰਜ ਲਈ ਜਿਸ ਪੱਧਰ ਦੀ ਚੇਤਨਤਾ ਵਿਕਸਿਤ ਹੋ ਰਹੀ ਹੈ ਉਹ ਬੜੀ ਮੁੱਲਵਾਨ ਹੈ। ਇਸ ਕਾਰਜ ਨੂੰ ਕੌਮੀ ਤੇ ਕੌਮਤਰੀ ਪੱਧਰ 'ਤੇ ਵੱਖ ਵੱਖ ਸ਼ਖਸੀਅਤਾਂ ਤੋਂ ਲੈ ਕੇ ਜਥੇਬੰਦੀਆਂ ਇਸ ਕਾਰਜ ਵਿਚ ਕਾਰਜਸ਼ੀਲ ਹੋਈਆਂ ਹਨ। ਪਿਛਲੇ ਦਿਨੀਂ ਕੈਲਗਰੀ ਦੀਆਂ ਜਮਹੂਰੀ ਅਤੇ ਸਰਗਰਮ ਜਥੇਬੰਦੀਆਂ ਦੀ ਇਕ ਸਾਂਝੀ ਮੀਟਿੰਗ ਜੈਨਸਸ ਸੈਂਟਰ ਸੈਡਲ ਟਾਊਨ ਨਾਰਥ ਈਸਟ ਕੈਲਗਰੀ ਵਿਚ ਹੋਈ। ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਵੱਲੋਂ ਪ੍ਰਧਾਨ ਸੋਹਨ ਮਾਨ ਵਿੱਤ ਸਕੱਤਰ ਜੀਤ ਇੰਦਰ ਪਾਲ, ਪੰਜਾਬੀ ਲਿਖ਼ਾਰੀ ਸਭਾ ਵੱਲੋਂ ਸਕੱਤਰ ਬਲਜਿੰਦਰ ਸੰਘਾ, ਗੁਰਬਚਨ ਬਰਾੜ, ਪੰਜਾਬੀ ਸਾਹਿਤ ਸਭਾ ਵੱਲੋਂ ਪ੍ਰਧਾਨ ਜਸਵੀਰ ਸਿਹੋਤਾ, ਸਕੱਤਰ ਕੁਲਬੀਰ ਸ਼ੇਰਗਿੱਲ, ਅਰਪਨ ਲਿਖ਼ਾਰੀ ਸਭਾ ਵੱਲੋਂ ਸਕੱਤਰ ਇਕਬਾਲ ਖਾਨ, ਪ੍ਰਧਾਨ ਸਤਨਾਮ ਢਾਹ,ਇੰਡੋ-ਕੇਨੇਡੀਅਨ ਇੰਮੀਗਰੈਟਸ ਦੇ ਪ੍ਰਧਾਨ ਪਰਸ਼ੋਤਮ ਭਾਰਦਵਾਜ, ਡਾ ਮਹਿੰਦਰ ਸਿੰਘ ਹੱਲਨ ਅਤੇ ਨੌਰਥ ਕਲਚਰਲ ਐਸੋਸੀਏਸ਼ਨ ਵੱਲੋਂ ਪਰਮਿੰਦਰ ਗਰੇਵਾਲ ਸ਼ਾਮਲ ਹੋਏ। ਸਭ ਜਥੇਬੰਦੀਆਂ ਵੱਲੋਂ ਜਿੰ ਨਿਭਾ ਰਹੇ ਕੋਆਰਡੀਨੇਟਰ ਮਾ.ਭਜਨ ਸਿੰਘ ਗਿੱਲ ਅਤੇ ਸਹਿਯੋਗੀ ਤਰਲੋਚਨ ਦੂਹਰਾ ਨੇ ਦੱਸਿਆ ਕਿ ਦੇਸ ਭਗਤ ਯਾਦਗਾਰ ਹਾਲ ਜਲੰਧਰ ਦੇ ਨਕਸ਼ੇ ਕਦਮਾਂ ਤੇ ਇਹ ਗ਼ਦਰ ਸ਼ਤਾਬਦੀ ਕਮੇਟੀ ਕੰਮ ਕਰੇਗੀ। ਗਦਰੀ ਬਾਬਿਆਂ ਦੀ ਧਰਮ ਨਿਰਪੱਖਤਾ, ਅਜ਼ਾਦੀ, ਸਾਂਝੀਵਾਲਤਾ, ਜਮਹੂਰੀਅਤ ਅਤੇ ਮਨੁੱਖੀ ਬਰਾਬਰਤਾ ਨੂੰ ਪ੍ਰੇਰਨਾ ਸਰੋਤ ਬਣਾਇਆ ਜਾਵੇਗਾ। ਭਰਵੀਂ ਵਿਚਾਰ ਚਰਚਾ ਤੋਂ ਬਾਅਦ ਉਪਰੋਤਕ ਸ਼ਾਮਲ ਜਥੇਬੰਦੀਆਂ ਦੇ ਸਭ ਆਗੂਆਂ ਨੇ ਕਮੇਟੀ ਨੂੰ ਗਠਤ ਕਰਨ ਦਾ ਫੈਸਲਾ ਲਿਆ ਅਤੇ ਟੰਰਾਟੋਂ ਤੋਂ ਗਦਰ ਲਹਿਰ ਬਾਰੇ ਪ੍ਰਕਾਸ਼ਤ ਇਤਿਹਾਸਕ ਕਲੰਡਰ ਜਾਰੀ ਕੀਤਾ ਗਿਆ। ਫੈਸਲਾ ਕੀਤਾ ਗਿਆ ਕਿ ਅੱਜ ਤੋਂ ਇਸ ਕਮੇਟੀ ਦੀ ਆਮਦਨ-ਖਰਚ ਦਾ ਕੰਮ ਇਕਬਾਲ ਖ਼ਾਨ ਨਿਭਾਉਣਗੇ ਅਤੇ ਮੀਡੀਆ ਦੀ ਜ਼ਿੰਮੇਵਾਰੀ ਬਲਜਿੰਦਰ ਸੰਘਾ ਅਤੇ ਮਾਸਟਰ ਭਜਨ ਸਿੰਘ ਗਿੱਲ ਨਿਭਾਉਣਗੇ। ਜੂਨ ਮਹੀਨੇ ਵਿਚ ਕੈਲਗਰੀ ਦੇ ਲੋਕਾਂ ਦਾ ਇਕ ਵੱਡਾ ਇਕੱਠ ਰੈਲੀ ਦੇ ਰੂਪ ਵਿਚ, ਇਕ ਸੈਮੀਨਾਰ ਅਤੇ ਇਕ ਗ਼ਦਰ ਲਹਿਰ ਨੂੰ ਸਮਰਪਿਤ ਇਨਕਲਾਬੀ ਸੱਭਿਆਚਾਰਕ ਨਾਟਕ ਸਮਾਗਮ ਕਰਵਾਇਆ ਜਾਵੇਗਾ। ਹਰਚਰਨ ਸਿੰਘ ਪਰਹਾਰ ਯੂਨੀਵਰਸਿਟੀ ਵਿਖੇ ਵਿਦਿਆਰਥੀਆਂ ਨਾਲ ਸਪੰਰਕ ਕਰਕੇ ਸੈਮੀਨਾਰ ਆਯੋਜਿਤ ਕਰਨ ਦੀ ਜਿੰ ਨਿਭਾਉਣਗੇ। ਇਹ ਵੀ ਫੈਸਲਾ ਹੋਇਆ ਕਿ ਇਹ ਕਮੇਟੀ ਨੂੰ ਗ਼ਦਰ ਸ਼ਤਾਬਦੀ ਦੇ ਪ੍ਰੋਗਰਾਮਾਂ ਤੋਂ ਬਾਅਦ ਵੀ ਜਾਰੀ ਰੱਖਿਆ ਜਾਵੇਗਾ, ਜੋ 2014 ਵਿਚ ਕਾਮਾਗਾਟਾ ਮਾਰੂ, 2015 ਵਿਚ ਕਰਤਾਰ ਸਿੰਘ ਸਰਾਭਾ ਸ਼ਤਾਬਦੀਆਂ ਤੋਂ ਇਲਾਵਾ ਸਮਾਜ ਵਿਚ ਕਿਤੇ ਵੀ ਵਾਪਰਦੀਆਂ ਘਟਨਾਵਾਂ ਤੇ ਆਪਣਾ ਪ੍ਰਤੀਕਰਮ ਸਾਂਝੇ ਰੂਪ ਚ ਪੇਸ਼ ਕਰਿਆ ਕਰੇਗੀ। ਬਲਜਿੰਦਰ ਸੰਘਾ ਨੇ ਦੱਸਿਆ ਕਿ ਇਸ ਕਮੇਟੀ ਦੇ ਗਠਨ ਤੋਂ ਬਾਅਦ ਹਮੇਸ਼ਾ ਇਹ ਕੋਸ਼ਿਸ਼ ਰਹੇਗੀ ਕਿ ਗ਼ਦਰੀ ਬਾਬਿਆਂ ਦੇ ਸੁਨੇਹੇ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਲਿਜਾਇਆ ਜਾਵੇ। ਵਧੇਰੇ ਜਾਣਕਾਰੀ ਲਈ ਉਪਰੋਤਕ ਜਥੇਬੰਦੀਆਂ ਦੇ ਆਗੂਆਂ ਨਾਲ ਸਪੰਰਕ ਕੀਤਾ ਜਾ ਸਕਦਾ ਹੈ। ਗ਼ਦਰ ਸ਼ਤਾਬਦੀ ਕਮੇਟੀ ਵੱਲੋਂ ਪ੍ਰੈਸ-ਮੀਡੀਆ, ਬੁੱਧੀਜੀਵੀਆਂ ਅਤੇ ਲੇਖਕਾਂ ਨੂੰ ਵਿਸ਼ੇਸ਼ ਸਹਿਯੋਗ ਦੀ ਅਪੀਲ ਕੀਤੀ ਜਾਂਦੀ ਹੈ ਅਤੇ ਉਮੀਦ ਹੈ ਕਿ ਅਸੀਂ ਇਸ ਕਾਫ਼ਲੇ ਨੂੰ ਅਗਾਂਹ ਹੋਰ ਵਧਾਵਾਂਗੇ ਜਿਸ ਨਾਲ ਗ਼ਦਰੀ ਬਾਬਿਆਂ ਦਾ ਸੁਪਨਾ ਸਾਕਾਰ ਹੋ ਸਕੇ।


## ਸੰਪਾਦਕ ਮੰਡਲ (ਆਨਰੇਰੀ)

ਦਵਿੰਦਰ ਤੂਰ
ਹਰਬੰਸ ਸਿੰਘ
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਮਾਸਟਰ ਭਜਨ ਗਿੱਲ ਕੈਲਗਰੀ, ਅਲਬਰਟਾ

ਬਾਈ ਅਵਤਾਰ ਗਿੱਲ ਬ੍ਰਿਟਿਸ ਕੋਲੰਬੀਆ
ਅਵਤਾਰ ਸਿੱਧੂ, ਵਿੰਨੀਪੈਗ ਮਾਨੀਟੋਬਾ
ਕੁਲਦੀਪ ਸਿੰਘ
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com












